# ਜਾਪੁ ਸਾਹਿਬ

## ਸਟੀਕ

ਪ੍ਰੋਫ਼ੈਸਰ ਸਾਹਿਬ ਸਿੰਘ

ੴ ਸਤਿਗੁਰਪ੍ਰਸਾਦਿ ॥

# ਜਾਪੁ ਸਾਹਿਬ, ਸਵਈਏ, ਚੌਪਈ

## ਸਟੀਕ

*ਟੀਕਾਕਾਰ :*

**ਪ੍ਰੋ.ਫ਼ੈਸਰ ਸਾਹਿਬ ਸਿੰਘ**

ਡੀ.ਲਿਟ.

Prabhjot Singh

Digitally signed by Prabhjot Singh
DN: cn=Prabhjot Singh, o=SikhSangat, ou=SikhSangat, email=prabh.singh@gmail.com, c=GB
Date: 2011.04.06 20:24:19 +01'00'

**ਸਿੰਘ ਬ੍ਰਦਰਜ਼**

ਅੰਮ੍ਰਿਤਸਰ

ISBN 81-7205-077-1 (ਪੇਪਰ-ਬੈਕ)
ISBN 81-7205-146-8 (ਡੀਲਕਸ)

ਛੇਵੀਂ ਵਾਰ 1975
ਚੌਦ੍ਹਵੀਂ ਵਾਰ ਜਨਵਰੀ 1995
ਪੰਦਰ੍ਹਵੀਂ ਵਾਰ ਮਾਰਚ 1998
ਸੋਲ੍ਹਵੀਂ ਵਾਰ ਜੂਨ 2001
ਸਤਾਰ੍ਹਵੀਂ ਵਾਰ ਅਗਸਤ 2003

ਮੁੱਲ :
32-00 (ਸਜਿਲਦ)

ਪ੍ਰਕਾਸ਼ਕ :

**ਸਿੰਘ ਬ੍ਰਦਰਜ਼**

•

ਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

ਛਾਪਕ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਮੁਖ-ਬੰਧ

'ਜਾਪੁ' ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਬਾਣੀ' ਹੈ। ਰਹਿਤਨਾਮਿਆਂ ਵਿਚ ਸਤਿਗੁਰੂ ਜੀ ਵਲੋਂ ਹਿਦਾਇਤ ਹੈ ਕਿ ਹਰੇਕ ਸਿੱਖ ਹਰ ਰੋਜ਼ ਸਵੇਰੇ ਘੱਟ ਤੋਂ ਘੱਟ 'ਜਪੁ ਅਤੇ ਜਾਪੁ' ਸਾਹਿਬ ਦਾ ਪਾਠ ਜ਼ਰੂਰ ਕਰੇ। 'ਅੰਮ੍ਰਿਤ' ਤਿਆਰ ਕਰਨ ਵੇਲੇ ਭੀ ਇਹ ਬਾਣੀ ਪੜ੍ਹੀ ਜਾਂਦੀ ਹੈ।

ਪਰ ਆਮ ਵੇਖਣ ਵਿਚ ਆਉਂਦਾ ਹੈ ਕਿ ਜਿਤਨੀ ਲੋੜ ਇਸ 'ਬਾਣੀ' ਦੀ ਸਿੱਖ ਆਤਮਕ ਜੀਵਨ ਵਿਚ ਦੱਸੀ ਗਈ ਹੈ; ਉਤਨਾ ਧਿਆਨ ਇਸ ਵੱਲ ਨਹੀਂ ਦਿੱਤਾ ਜਾ ਰਿਹਾ। ਇਸ ਦਾ ਕਾਰਨ ਇਹ ਜਾਪਦਾ ਹੈ ਕਿ ਇਸ ਵਿਚ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਦੇ ਬਹੁਤ ਜ਼ਿਆਦਾ ਲਫ਼ਜ਼ ਹਨ, ਜਿਨ੍ਹਾਂ ਕਰਕੇ ਇਹ ਬਹੁਤ ਔਖੀ ਲਗਦੀ ਹੈ। ਇਸ ਔਖਿਆਈ ਨੂੰ ਦੂਰ ਕਰਨ ਲਈ ਕੁਝ ਟੀਕੇ ਕੀਤੇ ਜਾ ਚੁਕੇ ਹਨ, ਪਰ ਖੋਜ ਕੇ ਪੜ੍ਹਨ ਵਾਲੇ ਵਿਦਿਆਰਥੀ ਦੇ ਦ੍ਰਿਸ਼ਟੀ-ਕੋਣ ਤੋਂ ਉਹ ਤਸੱਲੀ-ਬਖ਼ਸ਼ ਸਾਬਤ ਨਹੀਂ ਹੋਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਬਾਣੀ' ਵਿਚੋਂ ਭਾਵੇਂ ਮੈਂ ਇਹ ਪਹਿਲਾ ਟੀਕਾ ਪੇਸ਼ ਕਰ ਰਿਹਾ ਹਾਂ, ਪਰ ਉਹਨਾਂ ਹੀ ਲੀਹਾਂ ਤੇ ਕੀਤਾ ਗਿਆ ਹੈ ਜੋ ਜਪੁ ਜੀ, ਭੱਟਾਂ ਦੇ ਸਵਈਏ, ਆਸਾ ਦੀ ਵਾਰ, ਸੁਖਮਨੀ ਤੇ ਰਾਮਕਲੀ ਸਦੁ ਦੇ ਟੀਕੇ ਕਰਨ ਵਿਚ ਵਰਤੀਆਂ ਗਈਆਂ ਹਨ। ਇਸ ਗੱਲ ਦਾ ਖ਼ਾਸ ਧਿਆਨ ਰਖਿਆ ਗਿਆ ਹੈ ਕਿ 'ਬੋਲੀ' ਦੇ ਦ੍ਰਿਸ਼ਟੀ-ਕੋਣ ਤੋਂ ਵਿਦਿਆਰਥੀ ਹਰੇਕ ਮੁਸ਼ਕਲ ਲਫ਼ਜ਼ ਤੇ ਉਸ ਵਿਚ ਦੱਸੇ ਭਾਵ ਨੂੰ ਠੀਕ ਤਰ੍ਹਾਂ ਸਮਝ ਸਕੇ।

'ਜਾਪੁ' ਸਾਹਿਬ ਵਿਚ ਕਈ ਲਫ਼ਜ਼ ਮੁੜ ਮੁੜ ਕਈ ਵਾਰ ਆਉਂਦੇ ਹਨ, ਇਸ ਵਾਸਤੇ ਇਸ ਨੂੰ ਜ਼ਬਾਨੀ ਯਾਦ ਕਰਨਾ ਕਾਫ਼ੀ ਔਖਾ ਹੋ ਜਾਂਦਾ ਹੈ। ਜ਼ਬਾਨੀ ਯਾਦ ਹੋਣ ਤੇ ਭੀ ਜੇ ਇਸ ਦਾ ਪਾਠ ਕਰਨ ਵੇਲੇ ਸੁਰਤ ਹੋਰ ਪਾਸੇ ਖਿੰਡ ਜਾਏ ਤਾਂ ਪਾਠ ਘੱਟ ਹੀ ਸਿਰੇ ਚੜ੍ਹਦਾ ਹੈ, ਕਿਉਂਕਿ ਇਕੋ ਲਫ਼ਜ਼ ਦੇ ਕਈ ਵਾਰੀ ਆਉਣ ਕਰਕੇ ਪਾਠ ਅਗਾਂਹ ਪਿਛਾਂਹ ਹੋ ਜਾਂਦਾ ਹੈ। ਸੋ, ਸੁਰਤ ਨੂੰ ਇੱਕ ਥਾਂ ਰੱਖਣ ਵਿਚ ਇਹ 'ਬਾਣੀ' ਬਹੁਤ ਸਹਾਇਤਾ ਕਰਦੀ ਹੈ।

ਓਪਰੀ ਨਜ਼ਰੇ ਇਸ 'ਬਾਣੀ' ਨੂੰ ਪੜ੍ਹਿਆਂ ਇਉਂ ਜਾਪਦਾ ਹੈ ਜਿਵੇਂ ਇਸ ਵਿਚ ਪਰਮਾਤਮਾ ਦੇ ਕੇਵਲ ਅੱਡੋ ਅੱਡ ਗੁਣਾਂ ਦਾ ਹੀ ਮੁੜ ਮੁੜ ਜ਼ਿਕਰ ਕੀਤਾ ਗਿਆ ਹੈ, ਤੇ ਇਸ ਬਾਣੀ ਵਿਚ ਖ਼ਿਆਲਾਂ ਦੀ ਕੋਈ ਇਕ-ਸਾਰ ਮਿਲਵੀਂ ਲੜੀ ਨਹੀਂ ਹੈ। ਪਰ ਮੈਂ ਇਸ ਟੀਕੇ ਵਿਚ ਇਹ ਦੱਸਿਆ ਹੈ ਕਿ 'ਜਾਪੁ' ਸਾਹਿਬ ਦੇ ਸਾਰੇ ੨੨ ਛੰਦਾਂ ਵਿਚ ਇਕ-ਸਾਰ ਤੇ ਮਿਲਵਾਂ ਭਾਵ ਮਿਲਦਾ ਹੈ।

ਹਿੰਦੂ ਲੋਕ ਸੰਸਕ੍ਰਿਤ ਨੂੰ ਦੇਵ-ਬਾਣੀ ਕਹਿ ਰਹੇ ਸਨ। ਮੁਸਲਮਾਨ ਸਿਰਫ਼ ਅਰਬੀ ਆਪਣੇ ਮਜ਼ਹਬ ਵਿਚ ਜਾਇਜ਼ ਤੇ ਸਹੀ ਸਮਝਦੇ ਸਨ। ਇਕ ਮਤ ਦੇ ਬੰਦੇ ਦੂਜੇ ਮਤ ਦੀ ਧਾਰਮਿਕ ਕਿਤਾਬ ਦੀ 'ਬੋਲੀ' ਨੂੰ ਆਪਣੇ ਧਾਰਮਿਕ ਤਰੰਗ ਪਰਗਟ ਕਰਨ ਵਿਚ ਵਰਤਣੋਂ ਨਫ਼ਰਤ ਕਰ ਰਹੇ ਸਨ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਸਾਹਿਬ ਵਿਚ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਦੇ ਲਫ਼ਜ਼ ਵਰਤ ਕੇ ਤੇ ਸਿੱਖ ਕੌਮ ਨੂੰ ਇਸ 'ਬਾਣੀ' ਦਾ ਹਰ ਰੋਜ਼ ਪਾਠ ਕਰਨ ਦਾ ਹੁਕਮ ਦੇ ਕੇ ਹਿੰਦੂ ਤੇ ਮੁਸਲਮਾਨ ਕੌਮ ਦੀ ਸਦੀਆਂ ਦੀ ਤੰਗ-ਦਿਲੀ ਤੇ ਪੱਖ-ਪਾਤ ਨੂੰ ਸਦਾ ਲਈ ਸਿੱਖਾਂ ਦੇ ਦਿਲ ਵਿਚੋਂ ਮਿਟਾ ਦਿੱਤਾ ਹੈ।

ਗੁਰੂ ਨਾਨਕ ਸਾਹਿਬ ਦੇ ਆਉਣ ਸਮੇ ਦੇਸ ਵਿਚ ਰਸਮੀ ਤੌਰ ਤੇ 'ਤਿਆਗੀ' ਅਖਵਾਣ ਵਾਲੇ ਲੋਕਾਂ ਦੇ ਹੁੰਦਿਆਂ ਭੀ ਅਸਲ ਤਿਆਗ, ਖ਼ਲਕ ਤੇ ਖ਼ਲਕਤ ਨਾਲ ਪਿਆਰ ਬਹੁਤ ਘੱਟ ਵੇਖਣ ਵਿਚ ਆਉਂਦਾ ਸੀ, ਦਇਆ ਤੇ ਸੰਤੋਖ ਵਾਲਾ ਜੀਵਨ ਕਿਤੇ ਕਿਤੇ ਵਿਰਲੇ ਥਾਂ ਸੀ। ਆਮ ਤੌਰ ਤੇ ਕਿਸੇ ਦੇਸ ਦੇ 'ਲੋਕ ਗੀਤ' ਉਸ ਦੇ ਵਾਸੀਆਂ ਦੇ ਜੀਵਨ ਉਤੇ ਬੜਾ ਡੂੰਘਾ ਅਸਰ ਪਾਂਦੇ ਹਨ, ਪਰ ਏਥੇ ਧਾਰਮਿਕ ਜ਼ਾਹਰਦਾਰੀ ਵਧ ਜਾਣ ਕਰਕੇ ਇਹ 'ਲੋਕ ਗੀਤ' ਵੀ ਦਇਆ, ਸੰਤੋਖ, ਪਿਆਰ, ਕੁਰਬਾਨੀ ਆਦਿਕ ਦੇ ਉੱਚੇ ਇਨਸਾਨੀ ਵਲਵਲਿਆਂ ਦਾ ਹੁਲਾਰਾ ਦੇਣੋਂ ਰਹਿ ਚੁਕੇ ਸਨ। ਗੁਰੂ ਨਾਨਕ ਦੇਵ ਜੀ ਨੇ ਇਹਨਾਂ 'ਲੋਕ-ਗੀਤਾਂ' ਵਿਚ ਨਵੀਂ ਜਾਨ ਪਾਈ; 'ਘੋੜੀਆਂ', 'ਛੰਤ', 'ਅਲਾਹਣੀਆਂ', 'ਸਦੁ', 'ਬਾਰਹਮਾਹ', 'ਲਾਵਾਂ', 'ਵਾਰ' ਆਦਿਕ ਦੇਸ-ਪ੍ਰਚਲਤ 'ਛੰਦ' ਵਰਤ ਕੇ ਜੀਵਨ ਦੇ ਸਾਰੇ ਮਰ ਚੁਕੇ ਪਹਿਲੂਆਂ ਵਿਚ ਫਿਰ ਜਿੰਦ ਰੁਮਕਾ ਦਿੱਤੀ; ਸੱਚ, ਤਿਆਗ, ਪਿਆਰ, ਦਇਆ ਤੇ ਸੰਤੋਖ ਦੇ ਤਰੰਗ ਆਮ ਜਨਤਾ ਦੇ ਜੀਵਨ ਵਿਚ ਸੁੰਦਰਤਾ ਪੈਦਾ ਕਰਨ ਲਗ ਪਏ। ਗੁਰੂ ਨਾਨਕ ਦੇਵ ਜੀ ਦੀ ਸ਼ਾਂਤ ਰਸ 'ਬਾਣੀ' ਨੇ ਲੋਕਾਂ ਨੂੰ ਵਿਕਾਰਾਂ ਵਲੋਂ ਹਟਾਇਆ। ਪਰ, ਉਹ ਹਿਰਦਾ ਸਦਾ ਪਵਿੱਤਰ ਨਹੀਂ ਟਿਕਿਆ ਰਹਿ ਸਕਦਾ ਜਿਸ ਵਿਚ ਜੋਸ਼ ਦਾ ਹੁਲਾਰਾ ਨਹੀਂ, ਉਹ ਗੁਣ ਜੀਊ ਨਹੀਂ ਸਕਦਾ ਜੋ ਉਤਸ਼ਾਹ ਨਹੀਂ

ਪੈਦਾ ਕਰਦਾ। ਕਾਦਿਰ ਦੀ ਸੁੰਦਰਤਾ ਦੇ ਦੋ ਪਹਿਲੂ ਹਨ: ਇਕ ਹੈ 'ਜਮਾਲ' (ਕੋਮਲ ਸੁੰਦਰਤਾ), ਤੇ ਦੂਜਾ ਹੈ 'ਜਲਾਲ'। ਤਿਆਗ, ਪਿਆਰ, ਦਇਆ ਤੇ ਸੰਤੋਖ ਆਦਿਕ ਮਨੁੱਖਾ ਜੀਵਨ ਦੀ ਕੋਮਲ ਸੁੰਦਰਤਾ ਹੈ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਬਾਣੀ' ਨੇ ਪੈਦਾ ਕੀਤਾ। ਇਸ 'ਜਮਾਲ' ਨੂੰ ਜੀਊਂਦਾ ਰੱਖਣ ਲਈ 'ਜਲਾਲ' ਦੀ ਲੋੜ ਸੀ, 'ਬੀਰ-ਰਸ' ਦੀ ਲੋੜ ਸੀ, ਇਹ ਕੰਮ 'ਵਰਿਆਮ ਮਰਦ' ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ। ਲੁਤਫ਼ ਇਹ ਹੈ ਕਿ ਇਹਨਾਂ ਦੀ 'ਬਾਣੀ' ਵਿਚ ਪਰਮਾਤਮਾ ਦੀ ਹੀ ਸਿਫ਼ਤ- ਸਲਾਹ ਹੈ, ਪਰ ਲਫ਼ਜ਼ ਅਜਿਹੇ ਵਰਤੇ ਹਨ ਤੇ ਲਫ਼ਜ਼ਾਂ ਦੀ ਚਾਲ ਦੇ 'ਛੰਦ' ਐਸੇ ਵਰਤੇ ਹਨ ਜਿਨ੍ਹਾਂ ਨੂੰ ਪੜ੍ਹ-ਸੁਣ ਕੇ 'ਬੀਰ-ਰਸ' ਹੁਲਾਰੇ ਵਿਚ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ 'ਬਾਣੀ' 'ਰਾਗ'-ਵਾਰ ਵੰਡੀ ਗਈ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਖੋ ਵਖਰੇ 'ਛੰਦਾਂ' ਅਨੁਸਾਰ ਵੰਡੀ ਹੋਈ ਹੈ, ਜੋ ਬੀਰ-ਰਸ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ, ਵੇਖੋ, ਬਚਿਤ੍ਰ ਨਾਟਕ ਵਿਚ ਪਰਮਾਤਮਾ ਨੂੰ ਤੇਗ਼-ਰੂਪ ਆਖ ਕੇ ਐਸੇ ਲਫ਼ਜ਼ਾਂ ਤੇ ਛੰਦਾਂ ਵਿਚ ਨਮਸਕਾਰ ਕਰਦੇ ਹਨ ਕਿ ਚਿੱਤ ਜੋਸ਼ ਵਿਚ ਆ ਕੇਂ ਮਾਨੋ, ਨੱਚ ਉੱਠਦਾ ਹੈ:

> **ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਬੰਡੰ ॥**
> **ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ ॥**
> **ਸੁਖ ਸੰਤਹ ਕਰਣੰ, ਦੁਰਮਤਿ ਦਰਣੰ, ਕਿਲਵਿਖ ਹਰਣੰ, ਅਸਿ ਸਰਣੰ ॥**
> **ਜੈ ਜੈ ਜਗ-ਕਾਰਣ, ਸ੍ਰਿਸਟਿ-ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ ॥੨॥**

ਸ਼ਾਇਦ ਇਹਨਾਂ ਹੀ ਦੋ ਕਾਰਨਾਂ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਵੱਖਰਾ ਹੀ ਰਹਿਣ ਦਿੱਤਾ।

ਸਾਹਿਬ ਸਿੰਘ

ਖ਼ਾਲਸਾ ਕਾਲਜ, ਅੰਮ੍ਰਿਤਸਰ
੧ ਜਨਵਰੀ, ੧੯੪੪

# ਛੇਵੀਂ ਛਾਪ

ਇਸ ਟੀਕੇ ਦੀ ਦੂਜੀ ਛਾਪ ੧੯੫੦ ਵਿਚ, ਤੀਜੀ ੧੯੫੭ ਵਿਚ, ਚੌਥੀ ੧੯੬੬ ਵਿਚ ਤੇ ਪੰਜਵੀਂ ੧੯੭੦ ਵਿਚ ਪੇਸ਼ ਕੀਤੀ ਗਈ ਸੀ। ਹੁਣ ਛੇਵੀਂ ਵਾਰ ਛਪ ਰਿਹਾ ਹੈ। ਮੈਂ ਪਾਠਕਾਂ ਦਾ ਧੰਨਵਾਦੀ ਹਾਂ, ਜੋ ਮੇਰੀ ਹੌਸਲਾ-ਅਫ਼ਜ਼ਾਈ ਕਰਦੇ ਹਨ।

ਸਾਹਿਬ ਸਿੰਘ

੫੭, ਜੋਸ਼ੀ ਕਾਲੋਨੀ,
ਮਾਲ ਰੋਡ, ਅੰਮ੍ਰਿਤਸਰ

# ਜਾਪੁ ਸਾਹਿਬ ਕਦੋਂ ਤੇ ਕਿੱਥੇ ਉਚਾਰਿਆ ?

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ ੧੬੯੯ ਈਸਵੀ ਵਿਚ 'ਅੰਮ੍ਰਿਤ' ਛਕਾ ਕੇ 'ਖ਼ਾਲਸਾ' ਪੰਥ ਤਿਆਰ ਕੀਤਾ। 'ਅੰਮ੍ਰਿਤ' ਤਿਆਰ ਕਰਨ ਵੇਲੇ ਜੋ 'ਬਾਣੀਆਂ' ਪੜ੍ਹੀਆਂ ਜਾਂਦੀਆਂ ਹਨ, ਉਹਨਾਂ ਵਿਚੋਂ ਇਕ ਬਾਣੀ 'ਜਾਪੁ' ਸਾਹਿਬ ਹੈ। ਜੋ ਪੰਜ ਸਿੰਘ 'ਅੰਮ੍ਰਿਤ' ਤਿਆਰ ਕਰਦੇ ਹਨ, ਉਹਨਾਂ ਵਾਸਤੇ ਇਹ ਭੀ ਜ਼ਰੂਰੀ ਹੈ ਕਿ ਉਹ ਆਪ ਇਹਨਾਂ 'ਬਾਣੀਆਂ' ਦਾ ਪਾਠ ਕਰਨ ਦੇ ਨੇਮੀ ਹੋਣ। ਸੋ, ਜਿਨ੍ਹਾਂ ਸਿੰਘਾਂ ਨੇ 'ਖ਼ਾਲਸਾ' ਸਜਾਣ ਵਾਲੇ ਦਿਨ ਪਹਿਲਾਂ 'ਅੰਮ੍ਰਿਤ' ਤਿਆਰ ਕਰਨ ਵਿਚ ਹਿੱਸਾ ਲਿਆ, ਉਹ ਜ਼ਰੂਰ ਇਹਨਾਂ 'ਬਾਣੀਆਂ' ਦੇ ਪਾਠ ਕਰਨ ਦੇ ਨੇਮੀ ਸਨ, ਅਤੇ ਉਹਨਾਂ ਨੂੰ 'ਜਾਪੁ' ਸਾਹਿਬ ਜ਼ਬਾਨੀ ਯਾਦ ਸੀ।

'ਪੰਜ ਪਿਆਰੇ' ਚੁਣਨ ਵੇਲੇ ਕੋਈ ਇਹ ਕਸੌਟੀ ਨਹੀਂ ਸੀ ਵਰਤੀ ਗਈ ਕਿ ਉਹੋ ਹੀ ਅੱਗੇ ਆਉਣ ਜਿਨ੍ਹਾਂ ਨੂੰ 'ਜਾਪੁ' ਸਾਹਿਬ ਜ਼ਬਾਨੀ ਯਾਦ ਹੋਵੇ। ਪਰ ਇਹਨਾਂ 'ਪੰਜ ਪਿਆਰਿਆਂ' ਦਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਸਤੇ 'ਅੰਮ੍ਰਿਤ' ਤਿਆਰ ਕਰਨਾ ਹੀ ਜ਼ਾਹਰ ਕਰਦਾ ਹੈ ਕਿ ਉਹਨਾਂ ਨੂੰ 'ਜਾਪੁ' ਭੀ ਜ਼ਬਾਨੀ ਯਾਦ ਸੀ। ਇਹ ਸਾਬਤ ਕਰਦਾ ਹੈ ਕਿ ਉਸ ਵਕਤ ਤਕ ਸਿੱਖ ਕੌਮ ਵਿਚ 'ਜਾਪੁ' ਸਾਹਿਬ ਦਾ ਰੋਜ਼ਾਨਾ ਪਾਠ ਆਮ ਪ੍ਰਚਲਤ ਸੀ। ਪਹਿਲੇ ਦਿਨ ਪੰਝੀ ਹਜ਼ਾਰ ਸਿੱਖਾਂ ਨੇ ਅੰਮ੍ਰਿਤ ਛਕਿਆ, ਛਕਾਣ ਵਾਲੇ ਕਈ ਜਥੇ ਨਾਲੋ ਨਾਲ ਤਿਆਰ ਹੁੰਦੇ ਗਏ, ਉਹ ਸਾਰੇ ਹੀ 'ਜਾਪੁ' ਸਾਹਿਬ ਦੇ ਰੋਜ਼ਾਨਾ ਪਾਠ ਦੇ ਨੇਮੀ ਹੋਣਗੇ, ਤਾਹੀਏਂ ਅੰਮ੍ਰਿਤ ਤਿਆਰ ਕਰ ਸਕੇ। ਇਹ ਸਾਰੀ ਵਿਚਾਰ ਅੱਖਾਂ ਅੱਗੇ ਰੱਖਿਆਂ ਇਹੀ ਸਿੱਟਾ ਨਿਕਲਦਾ ਹੈ ਕਿ 'ਜਾਪੁ' ਸਾਹਿਬ ਦੇ ਰੋਜ਼ਾਨਾ ਪਾਠ ਦਾ ਤਦੋਂ ਆਮ ਰਿਵਾਜ ਸੀ।

ਇਸ ਬਾਣੀ ਦੀ 'ਬਣਤਰ' ਵੇਖਿਆਂ ਪਤਾ ਚਲਦਾ ਹੈ ਕਿ ਇਸ ਵਿਚ ਸੰਸਕ੍ਰਿਤ ਦੇ ਬਹੁਤ ਲਫ਼ਜ਼ ਹਨ ਅਤੇ ਹਨ ਭੀ ਕਾਫ਼ੀ ਮੁਸ਼ਕਿਲ। ਸੋ, ਇਸ ਬਾਣੀ ਦੇ ਪ੍ਰਚਲਤ ਹੋਣ ਲਈ ਕਾਫ਼ੀ ਸਮੇ ਦੀ ਲੋੜ ਸੀ; ਖ਼ਾਸ ਤੌਰ ਤੇ ਉਸ

ਹਾਲਤ ਵਿਚ ਜਦੋਂ ਕਿ ਆਮ ਲੋਕਾਂ ਨੂੰ, 'ਬ੍ਰਾਹਮਣ' ਤੋਂ ਉਰੇ ਉਰੇ ਦੇ ਗ਼ਰੀਬ ਲੋਕਾਂ ਨੂੰ, 'ਸੰਸਕ੍ਰਿਤ' ਤੋਂ ਖ਼ਾਸ ਤੌਰ ਤੇ ਵਾਂਜਿਆਂ ਰਖਿਆ ਜਾ ਰਿਹਾ ਸੀ।

ਇਹ ਖ਼ਿਆਲ ਭੀ, ਕਿ ਸ਼ਾਇਦ 'ਖ਼ਾਲਸਾ' ਸਜਾਣ ਵਾਲੇ ਦਿਨ ਸਤਿਗੁਰੂ ਜੀ ਨੇ 'ਅੰਮ੍ਰਿਤ' ਤਿਆਰ ਕਰਨ ਵਾਲੇ ਸਿੰਘਾਂ ਪਾਸੋਂ ਗੁਟਕਿਆਂ ਤੋਂ ਹੀ ਪਾਠ ਕਰਾ ਲਿਆ ਹੋਵੇ, ਪਰਖ ਦੀ ਕਸਵੱਟੀ ਉਤੇ ਠੀਕ ਨਹੀਂ ਉਤਰਦਾ। 'ਜਾਪੁ' ਸਾਹਿਬ ਦਾ ਪਾਠ ਕਰ ਕੇ ਵੇਖੋ, ਨਵਾਂ ਬੰਦਾ ਜੋ ਸੰਸਕ੍ਰਿਤ ਤੇ ਫ਼ਾਰਸੀ ਦੋਹਾਂ ਤੋਂ ਅੰਞਾਣ ਭੀ ਹੋਵੇ, ਦੋ ਚਾਰ ਦਸ ਦਿਨਾਂ ਦੀ ਮਿਹਨਤ ਨਾਲ ਭੀ ਸਹੀ ਤਰੀਕੇ ਨਾਲ ਪਾਠ ਨਹੀਂ ਕਰ ਸਕਦਾ। ਤੇ ਪਹਿਲੇ ਦਿਨ ਹੀ ਗੁਟਕਿਆਂ ਤੋਂ ਪਾਠ ਕਰ ਕੇ ਭੀ, ਪਾਠ ਕਰਨ ਵਾਲਿਆਂ ਦੇ ਅੰਦਰ ਇਸ ਬਾਣੀ ਤੋਂ ਪੈਦਾ ਹੋਣ ਵਾਲਾ ਹੁਲਾਰਾ ਤੇ ਉਤਸ਼ਾਹ ਭੀ ਪੈਦਾ ਨਹੀਂ ਸੀ ਹੋ ਸਕਦਾ। ਇਸ ਤਰ੍ਹਾਂ ਭੀ ਉਹ ਸਾਰਾ 'ਉੱਦਮ' ਨਿਸਫਲ ਜਾਂਦਾ ਸੀ। ਸੋ, ਉਪਰ-ਦੱਸੀ ਵਿਚਾਰ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ 'ਜਾਪੁ' ਸਾਹਿਬ ਦੀ ਬਾਣੀ ਸੰਨ ੧੬੯੯ ਤੋਂ ਕਾਫ਼ੀ ਸਮਾ ਪਹਿਲਾਂ ਦੀ ਉਚਾਰੀ ਹੋਈ ਸੀ ਅਤੇ ਸਿੱਖਾਂ ਵਿਚ ਇਸ ਦਾ ਪਾਠ ਬਹੁਤ ਪ੍ਰਚਲਤ ਸੀ।

ਇਹ ਗੱਲ ਇਤਿਹਾਸਕ ਤੌਰ ਤੇ ਬਹੁਤ ਪਰਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪਾਸ ੫੨ ਵਿਦਵਾਨ ਕਵੀ ਰਹਿੰਦੇ ਸਨ, ਜੋ ਸਤਿਗੁਰੂ ਜੀ ਦੀ ਨਿਗਰਾਨੀ ਹੇਠ ਕਈ ਕਿਸਮ ਦੀ ਉਤਸ਼ਾਹ-ਜਨਕ ਕਵਿਤਾ ਲਿਖਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦੀ ਜ਼ਿਮੇਵਾਰੀ ਸੰਭਾਲਦਿਆਂ ਹੀ ਵੇਖ ਲਿਆ ਸੀ ਕਿ ਹੁਣ ਖੰਡਾ ਖੜਕਣ ਦਾ ਸਮਾ ਫਿਰ ਨੇੜੇ ਆ ਰਿਹਾ ਹੈ, ਤੇ ਇਸ ਵਿਚ ਪੂਰੇ ਉਤਰਨ ਲਈ ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਸਿੱਖਾਂ ਵਿਚ ਬੀਰ-ਰਸ ਭੀ ਭਰਨ ਦੀ ਲੋੜ ਹੈ। ਹੋਰ ਤਰੀਕੇ ਵਰਤਣ ਦੇ ਨਾਲ ਇਹ ਭੀ ਜ਼ਰੂਰੀ ਹੈ ਕਿ ਜੋਸ਼ ਭਰੀ ਕਵਿਤਾ ਤਿਆਰ ਕੀਤੀ ਜਾਵੇ ਅਤੇ ਇਸ ਦੇ ਸੁਣਨ ਪੜ੍ਹਨ ਦਾ ਵੀ ਆਮ ਸਿੱਖਾਂ ਵਿਚ ਪਰਚਾਰ ਹੋਵੇ। ਅਜਿਹੇ ਪਰਚਾਰ ਦਾ ਸਭ ਤੋਂ ਸੌਖਾ ਤਰੀਕਾ 'ਕਵੀ ਦਰਬਾਰ' ਹੀ ਹੋ ਸਕਦਾ ਹੈ। ਸੋ, ਸ੍ਰੀ ਕਲਗੀਧਰ ਜੀ ਦੀ ਨਿਗਰਾਨੀ ਵਿਚ ਉਤਸ਼ਾਹ-ਜਨਕ ਕਵਿਤਾਵਾਂ ਦੇ 'ਕਵੀ ਦਰਬਾਰ' ਭੀ ਹੁੰਦੇ ਸਨ।

ਇਹ 'ਕਵੀ ਦਰਬਾਰ' ਕਦੋਂ ਤੋਂ ਸ਼ੁਰੂ ਕੀਤੇ ਗਏ? ਇਸ ਬਾਰੇ ਇਤਿਹਾਸਕ ਤੌਰ ਤੇ ਸਾਨੂੰ ਇਹ ਖ਼ਬਰ ਮਿਲਦੀ ਹੈ ਕਿ ਰਿਆਸਤ ਨਾਹਨ

ਵਿਚ ਜੋ ਸ੍ਰੀ ਦਸਮ ਪਾਤਸ਼ਾਹ ਜੀ ਦੇ ਆਪਣੇ ਹੱਥਾਂ ਦਾ ਬਣਿਆ ਹੋਇਆ ਗੁਰਦੁਆਰਾ 'ਪਾਉਂਟਾ ਸਾਹਿਬ' ਹੈ,ਓਥੇ ਹਜ਼ੂਰ 'ਕਵੀ ਦਰਬਾਰ' ਲਾਇਆ ਕਰਦੇ ਸਨ (ਏਸੇ ਅਸਥਾਨ ਦੀ ਇਕ ਕੰਧ ਅਗਸਤ ੧੯੪੨ ਵਿਚ ਜਮਨਾ ਦਰਿਆ ਦੇ ਹੜ ਨਾਲ ਢੱਠੀ ਸੀ)। ਸੋ ਏਥੋਂ ਦੋ ਗੱਲਾਂ ਦੀ ਖ਼ਬਰ ਮਿਲੀ—ਪਹਿਲੀ, ਜਦੋਂ ਸਤਿਗੁਰੂ ਜੀ ਰਿਆਸਤ ਨਾਹਨ ਵਿਚ ਗਏ, ਉਸ ਸਮੇ ਤੋਂ ਪਹਿਲਾਂ ਹੀ ਆਪ ਦੇ ਪਾਸ ਕਈ ਵਿਦਵਾਨ ਕਵੀ ਆ ਚੁਕੇ ਸਨ; ਦੂਜੇ, ਇਹਨਾਂ ਕਵੀਆਂ ਦੀ ਉਤਸ਼ਾਹ-ਜਨਕ ਕਵਿਤਾ 'ਕਵੀ-ਦਰਬਾਰਾਂ' ਵਿਚ ਸਿੱਖਾਂ ਨੂੰ ਸੁਣਾਈ ਜਾਂਦੀ ਸੀ, ਤਾਕਿ ਸਿੱਖਾਂ ਵਿਚ 'ਬੀਰ-ਰਸ' ਵਧੇ।

ਪਰ ਜੋ ਸਤਿਗੁਰੂ ਜੀ ਵਿਦਵਾਨ ਕਵੀਆਂ ਦੀ ਇਤਨੀ ਕਦਰ ਕਰਦੇ ਹੋਣ, ਅਤੇ ਜਿਨ੍ਹਾਂ ਦੀ ਆਪਣੀ ਭੀ ਉੱਚੇ ਦਰਜੇ ਦੀ 'ਬਾਣੀ' ਸਾਡੇ ਪਾਸ ਮੌਜੂਦ ਹੋਵੇ, ਉਹਨਾਂ ਬਾਰੇ ਇਹ ਅੰਦਾਜ਼ਾ ਗ਼ਲਤ ਨਹੀਂ ਕਿ ਰਿਆਸਤ ਨਾਹਨ ਵਿਚ ਬਣੇ ਗੁਰਦੁਆਰਾ 'ਪਾਉਂਟਾ' ਸਾਹਿਬ ਦੇ 'ਕਵੀ ਦਰਬਾਰਾਂ' ਵਿਚ ਹਜ਼ੂਰ ਦੀ ਆਪਣੀ 'ਬਾਣੀ' ਭੀ ਸੁਣਾਈ ਜਾਂਦੀ ਸੀ ਅਤੇ ਆਪ ਉਸ ਵਕਤ ਤਕ ਮੰਨੇ-ਪਰਮੰਨੇ 'ਕਵੀ' ਬਣ ਚੁਕੇ ਸਨ।

ਗੁਰੂ ਗੋਬਿੰਦ ਸਿੰਘ ਜੀ ਰਿਆਸਤ ਨਾਹਨ ਵਿਚ ਸੰਨ ੧੬੮੪ ਈਸਵੀ ਵਿਚ ਗਏ, ਤੇ ਓਥੇ ਤਿੰਨ ਸਾਲ ਰਹੇ। ਉਹਨੀਂ ਦਿਨੀਂ (੧੬੮੪-੮੭) ਉਸ ਰਿਆਸਤ ਵਿਚ ਜਮਨਾ ਨਦੀ ਦੇ ਕੰਢੇ ਦੀ ਇਕਾਂਤ ਵਿਚ 'ਜਾਪੁ ਸਾਹਿਬ', 'ਸਵਈਏ' ਅਤੇ 'ਅਕਾਲ ਉਸਤਤਿ' ਆਦਿਕ ਬਾਣੀਆਂ ਉਚਾਰੀਆਂ ਗਈਆਂ। 'ਜਾਪੁ ਸਾਹਿਬ' ਅਤੇ 'ਸਵਈਏ' ਰੋਜ਼ਾਨਾ ਪਾਠ ਵਿਚ ਸ਼ਾਮਲ ਹੋਣ ਵਾਲੀਆਂ ਬਾਣੀਆਂ ਹੋਣ ਕਰਕੇ ਬਹੁਤ ਸਿੱਖਾਂ ਨੂੰ ਇਹ ਜ਼ਬਾਨੀ ਯਾਦ ਹੋ ਗਈਆਂ, ਅਤੇ 'ਅੰਮ੍ਰਿਤ' ਤਿਆਰ ਹੋਣ ਦੇ ਸਮੇ ਸਧਾਰਨ ਤੌਰ ਤੇ ਹੀ ਬਥੇਰੇ ਐਸੇ ਸਿੱਖ ਮਿਲ ਸਕੇ ਜਿਨ੍ਹਾਂ ਨੂੰ ਇਹ ਜ਼ਬਾਨੀ ਕੰਠ ਸਨ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ
## ਦਾ
# ਜੀਵਨ (ਸੰਖੇਪ)

੧. ਜਨਮ—ਪਟਨਾ ਸਾਹਿਬ, ਪੋਹ ਸੁਦੀ ਸਤਮੀ ਸੰਮਤ ੧੭੨੩, ਪੋਹ ਦੀ ੨੩ ਤਰੀਕ (22 ਦਸੰਬਰ 1666 ਈਸਵੀ), ਪੰਜ ਸਾਲ ਦੀ ਉਮਰ ਤਕ ਏਥੇ ਰਹੇ, ਪੰਡਤ ਸ਼ਿਵ ਦੱਤ, ਰਾਜਾ ਫ਼ਤਹ ਚੰਦ ਤੇ ਉਸ ਦੀ ਰਾਣੀ ਏਥੋਂ ਦੇ ਵਸਨੀਕਾਂ ਵਿਚੋਂ ਪ੍ਰਸਿੱਧ ਸ਼ਰਧਾਲੂ ਸਨ। ਅਨੰਦਪੁਰ ਅਪੜਨ ਵਿਚ ਇਕ ਸਾਲ ਲੱਗਾ।

੨. ੬ ਸਾਲ ਦੀ ਉਮਰ ਤੋਂ ੧੮ ਸਾਲ ਦੀ ਉਮਰ ਤਕ ੧੨ ਸਾਲ ਅਨੰਦਪੁਰ ਰਹੇ।

(ੳ) ਦਸੰਬਰ 1675 ਈਸਵੀ ਵਿਚ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਸ਼ਹੀਦ ਹੋਏ।

(ਅ) ਗੁਰੂ ਬਣ ਕੇ, ਬੀਰ-ਰਸ ਦੇ ਸਾਹਿੱਤ ਲਈ ੫੨ ਕਵੀ ਰੱਖੇ; ਸਿੱਖਾਂ ਨੂੰ ਸ਼ਸਤ੍ਰ-ਵਿੱਦਿਆ ਦਾ ਸ਼ੌਕ ਪਾਇਆ; 'ਰਣਜੀਤ' ਨਗਾਰਾ ਤਿਆਰ ਕਰਵਾਇਆ।

੩. ਸਤੰਬਰ 1684 ਈਸਵੀ ਤੋਂ ਅਕਤੂਬਰ 1687 ਤਕ ਰਿਆਸਤ ਨਾਹਨ ਵਿਚ ਰਹੇ।

(ੳ) ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਤੇ ਸਿਰੀ ਨਗਰ ਦੇ ਰਾਜੇ ਫ਼ਤਹ ਸ਼ਾਹ ਦੀ ਸੁਲਹ ਕਰਾਈ (ਰਿਆਸਤ ਸਿਰੀ ਨਗਰ ਜਮਨਾ ਤੋਂ ਪਾਰਲੇ ਪਾਸੇ)।

(ਅ) ਗੁਰਦੁਆਰਾ 'ਪਾਉਂਟਾ' ਸਾਹਿਬ ਜਮਨਾ ਦੇ ਕੰਢੇ ਬਣਾਇਆ। ਸਿੱਖ ਕੌਮ ਵਿਚ ਬੀਰ-ਰਸ ਪੈਦਾ ਕਰਨ ਲਈ, ਏਥੇ ਉਤਸ਼ਾਹ-ਜਨਕ

ਕਵਿਤਾਵਾਂ ਦੇ 'ਕਵੀ-ਦਰਬਾਰ' ਲਾਏ ਜਾਂਦੇ ਸਨ। ਜਾਪੁ, ਸਵਈਏ ਅਤੇ ਅਕਾਲ ਉਸਤਤਿ 'ਬਾਣੀਆਂ' ਰਚੀਆਂ।

(ੲ) ਸਢੌਰੇ (ਜੋ ਏਥੋਂ ੧੫ ਕੋਹ ਦੀ ਵਿਥ ਤੇ ਹੈ) ਦਾ ਪੀਰ ਸੱਯਦ ਬੁਧੂ ਸ਼ਾਹ ਸੇਵਕ ਬਣਿਆ। ਇਸੇ ਪੀਰ ਜੀ ਦੀ ਸਿਫ਼ਾਰਸ਼ ਤੇ ੫੦੦ ਪਠਾਣ, ਜੋ ਸ਼ਾਹੀ ਫ਼ੌਜ ਵਿਚੋਂ ਮੌਕੂਫ਼ ਹੋਏ ਸਨ ਤੇ ਬੇਰੁਜ਼ਗਾਰ ਫਿਰਦੇ ਸਨ, ਨੌਕਰ ਰੱਖੇ।

(ਸ) ਗੁਰੂ ਹਰਿਰਾਇ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮਰਾਇ ਜੀ, ਜੋ ਹੁਣ ਆਪਣੇ ਮਸੰਦਾਂ ਤੋਂ ਤੰਗ ਆਏ ਹੋਏ ਸਨ, ਏਥੇ ਆ ਕੇ ਮਿਲੇ।

(ਹ) 5 ਮਈ 1687 ਈਸਵੀ ਨੂੰ ਭੰਗਾਣੀ ਦਾ ਜੰਗ ਹੋਇਆ। ਕਹਿਲੂਰ ਦੇ ਰਾਜੇ ਨੇ ਪਹਾੜੀ ਰਾਜਿਆਂ ਨੂੰ ਨਾਲ ਰਲਾ ਕੇ ਸਿਰੀ ਨਗਰ ਦੀ ਰਿਆਸਤ ਤੋਂ ਮੁੜਦਿਆਂ ਸਤਿਗੁਰੂ ਜੀ ਉੱਤੇ ਹੱਲਾ ਬੋਲ ਦਿੱਤਾ, ਪਰ ਹਾਰ ਖਾਧੀ।

(ਕ) ਅਕਤੂਬਰ 1687 ਈਸਵੀ ਵਿਚ ਵਾਪਸ ਅਨੰਦਪੁਰ ਮੁੜੇ।

੪. ਅਕਤੂਬਰ 1687 ਈਸਵੀ ਤੋਂ ਦਸੰਬਰ 1704 ਈਸਵੀ ਤਕ ੧੭ ਸਾਲ ਅਨੰਦਪੁਰ ਰਹੇ।

(ੳ) 1689 ਈਸਵੀ ਵਿਚ 'ਨਦੌਣ' ਦਾ ਜੰਗ, ਜੰਮੂ ਦੇ ਨਵਾਬ ਅਲਫ਼ ਖ਼ਾਂ ਨਾਲ। ਇਹ ਨਵਾਬ ਪਹਾੜੀਆਂ ਉੱਤੇ ਚੜ੍ਹ ਆਇਆ ਸੀ।

(ਅ) 1690 ਈਸਵੀ 'ਹੁਸੈਨੀ' ਜੁੱਧ। ਰਾਜੇ, ਹੁਸੈਨੀ ਨੂੰ ਚੜ੍ਹਾ ਲਿਆਏ ਸਨ।

(ੲ) ਪੰਜ ਸਿੱਖਾਂ ਨੂੰ ਬਨਾਰਸ ਸੰਸਕ੍ਰਿਤ ਪੜ੍ਹਨ ਭੇਜਿਆ—'ਨਿਰਮਲਾ' ਸੰਪ੍ਰਦਾ ਚੱਲੀ।

(ਸ) ਭਾਈ ਨੰਦ ਲਾਲ ਜੀ ਸਿੱਖ ਬਣੇ।

(ਹ) 13 ਅਪ੍ਰੈਲ 1699 ਵੈਸਾਖੀ ਵਾਲੇ ਦਿਨ 'ਅੰਮ੍ਰਿਤ' ਛਕਾ ਕੇ 'ਖ਼ਾਲਸਾ' ਪੰਥ ਤਿਆਰ ਕੀਤਾ।

(ਕ) ਹੋਲੀਆਂ ਦੇ ਥਾਂ, ਸ਼ਸਤ੍ਰ-ਵਿੱਦਿਆ ਦੇ ਅਭਿਆਸ ਲਈ 'ਹੋਲਾ' ਜਾਰੀ ਕੀਤਾ।

(ਖ) ਰਾਜਿਆਂ ਦੀ ਛੇੜ-ਖ਼ਾਨੀ; 1700, 1701, 1702 ਅਤੇ 1703 ਵਿਚ ਇਹਨਾਂ ਨਾਲ ਚਾਰ ਲੜਾਈਆਂ।

(ਗ) 1704 ਈਸਵੀ ਵਿਚ ਰਾਜੇ, ਸ਼ਾਹੀ ਫ਼ੌਜ, ਸਰਹੰਦ ਦਾ ਸੂਬਾ—ਇਹਨਾਂ ਸਾਰੀਆਂ ਫ਼ੌਜਾਂ ਨੇ ੬ ਮਹੀਨੇ ਅਨੰਦਪੁਰ ਦਾ ਘੇਰਾ ਪਾਈ ਰਖਿਆ। 20-21 ਦਸੰਬਰ (੬-੭ ਪੋਹ) ਦੀ ਵਿਚਕਾਰਲੀ ਰਾਤ ਨੂੰ ਅਨੰਦਪੁਰ ਛੱਡਿਆ।

੫.(ੳ) 22 ਦਸੰਬਰ 1704 ਈਸਵੀ ਨੂੰ ਚਮਕੌਰ ਦੀ ਲੜਾਈ; ਵੱਡੇ ਸਾਹਿਬਜ਼ਾਦੇ ਏਥੇ ਸ਼ਹੀਦ ਹੋਏ।

(ਅ) ਖ਼ਾਲਸੇ ਨੂੰ ਚਮਕੌਰ ਦੀ ਗੜ੍ਹੀ ਵਿਚ 'ਗੁਰਿਆਈ' ਦਿੱਤੀ।

(ੲ) 'ਮਾਛੀਵਾੜੇ' ਤੋਂ ਉੱਚ ਦੇ ਪੀਰ, 'ਹੇਹਰਾਂ' ਤਕ। ਏਥੋਂ ਜੱਟਪੁਰੇ, ਏਥੋਂ ਦੇ ਚੌਧਰੀ ਰਾਇ ਕੱਲੇ ਨੇ 'ਮਾਹੀ' ਹਰਕਾਰੇ ਨੂੰ ਸਰਹੰਦ ਭੇਜਿਆ।

(ਸ) 27 ਦਸੰਬਰ 1704 ਨੂੰ ਛੋਟੇ ਸਾਹਿਬਜ਼ਾਦੇ ਸਰਹੰਦ ਵਿਚ ਸ਼ਹੀਦ।

(ਹ) ਔਰੰਗਜ਼ੇਬ ਵੱਲ ਫ਼ਾਰਸੀ ਵਿਚ ਚਿੱਠੀ 'ਜ਼ਫ਼ਰਨਾਮਾ'। ਦੀਨੇ ਪਿੰਡ ਲਿਖਿਆ, ਭਾ: ਦਇਆ ਸਿੰਘ ਲੈ ਕੇ ਗਿਆ।

(ਕ) 8 ਮਈ 1705 ਈਸਵੀ (੨੧ ਵੈਸਾਖ ੧੭੬੨) 'ਮੁਕਤਸਰ' ਦਾ ਜੰਗ।

੬.(ੳ) ਮਈ 1705 ਈਸਵੀ ਤੋਂ ਅਕਤੂਬਰ 1706 ਤਕ 'ਤਲਵੰਡੀ ਸਾਬੋ ਕੀ' ਰਹੇ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਾਈ।

(ੲ) ਅਕਤੂਬਰ 1706 ਤੋਂ ਨਵੰਬਰ 1708 ਤਕ ਪੰਜਾਬੋਂ ਬਾਹਰ, ਦੱਖਣ ਵੱਲ ਤਿਆਰੀ।

(ਸ) ਰਾਜਪੂਤਾਨੇ ਵਿਚ 'ਬਘੌਰ' ਦੇ ਪਾਸ ਔਰੰਗਜ਼ੇਬ ਦੀ ਮੌਤ ਦੀ ਖ਼ਬਰ।

(ਹ) ਬਹਾਦਰ ਸ਼ਾਹ ਦੀ ਮਦਦ, ਆਗਰੇ ਵੱਲ ਮੁੜੇ, ਅਗਸਤ 1707 ਤੋਂ ਨਵੰਬਰ 1707 ਤਕ ਏਥੇ ਰਹੇ, ਬਹਾਦਰ ਸ਼ਾਹ ਪਾਸ।

(ਕ) ਬਹਾਦਰ ਸ਼ਾਹ ਦੇ ਨਾਲ ਦੱਖਣ ਨੂੰ (੧੩ ਮਹੀਨੇ ਨਾਲ ਰਹੇ) ਅਗਸਤ

1707 ਤੋਂ ਸਤੰਬਰ 1708 ਤਕ।

(ਖ) ਸਤੰਬਰ 1708 ਵਿਚ 'ਨੰਦੇੜ' ਅਪੜੇ, ਬੈਰਾਗੀ ਲਛਮਨ ਦਾਸ ਨੂੰ ਮਿਲੇ, ਇਸ ਨੂੰ ਸਿੰਘ ਬਣਾਇਆ, ਜੋ ਬਾਬਾ 'ਬੰਦਾ ਸਿੰਘ' ਬਣਿਆ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ।

(ਘ) ਕਤਕ ਸੁਦੀ ੫, ੧੭੬੫ (ਨਵੰਬਰ 1708) ਜੋਤੀ ਜੋਤਿ ਸਮਾਏ। ਸੂਬਾ ਸਰਹੰਦ ਦੇ ਭੇਜੇ ਹੋਏ ਦੋ ਮੁਸਲਮਾਨਾਂ ਨੇ ਸੁੱਤੇ ਪਿਆਂ 'ਤੇ ਕਾਇਰਤਾ ਦਾ ਵਾਰ ਕੀਤਾ ਸੀ।

| | |
|---|---|
| ਜਨਮ– | 22 ਦਸੰਬਰ 1666 ਈਸਵੀ |
| ਜੋਤੀ ਜੋਤਿ– | ਨਵੰਬਰ 1708 ਈਸਵੀ |
| ਕੁਲ ਉਮਰ– | ੪੨ ਸਾਲ |
| ਪਟਨੇ– | ੫ ਸਾਲ |
| ਰਾਹ ਵਿਚ– | ੧ ਸਾਲ |
| ਅਨੰਦਪੁਰ– | ੧੨ ਸਾਲ |
| ਨਾਹਨ– | ੩ ਸਾਲ |
| ਫਿਰ ਅਨੰਦਪੁਰ– | ੧੭ ਸਾਲ |
| ਰਾਹ ਤੇ ਤਲਵੰਡੀ ਸਾਬੋ– | ੨ ਸਾਲ |
| ਪੰਜਾਬੋਂ ਬਾਹਰ– | ੨ ਸਾਲ |
| ਜੋੜ | ੪੨ ਸਾਲ |

# ਜਾਪੁ ਸਾਹਿਬ ਦਾ ਭਾਵ

**ਛੰਦ-ਵਾਰ**

(੧) ਛਪੈ ਛੰਦ—ਕੋਈ ਭੀ ਲਫ਼ਜ਼ ਪਰਮਾਤਮਾ ਦੇ ਅਸਲ ਸਰੂਪ ਨੂੰ ਬਿਆਨ ਨਹੀਂ ਕਰ ਸਕਦਾ, ਕਿਉਂਕਿ ਉਹ ਅਰੂਪ ਤੇ ਬੇ-ਮਿਸਾਲ ਹੈ।

('ਤਵ ਸਰਬ-ਨਾਮੁ ਕਥੈ ਕਵਨੁ', 'ਨੇਤਿ ਨੇਤਿ')।

(੨) ਭੁਜੰਗ ਪ੍ਰਯਾਤ ਛੰਦ (੨ ਤੋਂ ੨੮)—ਪਰਮਾਤਮਾ ਦੀ ਕੋਈ ਤਸਵੀਰ ਨਹੀਂ ਬਣਾਈ ਜਾ ਸਕਦੀ, ਕਿਉਂਕਿ ਸੰਸਾਰਕ ਜੀਵਾਂ ਵਾਂਗ ਉਸ ਦਾ ਕੋਈ ਸਰੀਰ ਨਹੀਂ ਹੈ, ਉਹ ਜੀਵਾਂ ਵਾਂਗ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ (ਅਲੇਖ, ਅਕਾਏ, ਅਜਾਏ)। ਪ੍ਰਭੂ ਨੂੰ ਮਿਲਣ ਲਈ ਕੋਈ ਧਾਰਮਿਕ ਰਸਮਾਂ ਜਾਂ ਵਰਣ-ਆਸ਼੍ਰਮ ਦੀਆਂ ਰਸਮਾਂ ਕਰਨ ਦੀ ਲੋੜ ਨਹੀਂ ਹੈ (ਅਕਰਮ, ਅਧਰਮ)। ਉਸ ਦਾ ਸਰੂਪ ਜਗਤ-ਰਚਨਾ ਵਾਲੇ ਪੰਜ ਤੱਤਾਂ ਤੋਂ ਨਹੀਂ ਬਣਿਆ, ਇਸ ਵਾਸਤੇ ਕਿਸੇ (ਪੰਜ-ਤੱਤੀ) ਪਸ਼ੂ ਦੀ ਕੁਰਬਾਨੀ ਦੇ ਕੇ ਉਸ ਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ (ਅਭੂਤ, ਅਜੂਪ)। ਨਾ ਹੀ ਦੇਵਤਿਆਂ ਦੀਆਂ ਮੂਰਤੀਆਂ ਵਾਂਗ ਉਸ ਨੂੰ ਕਿਸੇ ਮੰਦਰ ਵਿਚ ਟਿਕਾਇਆ ਜਾ ਸਕਦਾ ਹੈ (ਅਥਾਪ)। ਪ੍ਰਭੂ ਪਿਆਰ-ਸਰੂਪ ਹੈ (ਤੇ 'ਪਿਆਰ' ਦੀ ਭੇਟ ਹੀ ਮੰਗਦਾ ਹੈ) ('ਰਾਗ')।

(੩) ਚਾਚਰੀ ਛੰਦ (੨੯ ਤੋਂ ੪੩)—ਪ੍ਰਭੂ ਦੀ ਕੋਈ ਤਸਵੀਰ ਨਹੀਂ ਬਣਾਈ ਜਾ ਸਕਦੀ (ਅਲੇਖ), ਉਸ ਦਾ ਸਹੀ ਸਰੂਪ ਲੱਭਿਆ ਨਹੀਂ ਜਾ ਸਕਦਾ (ਅਧੇ), ਸਭ ਜੀਵਾਂ ਦਾ ਸਾਥੀ ਹੈ (ਰਫ਼ੀਕ), ਪਰ ਕੋਈ ਧਾਰਮਿਕ ਰਸਮ ਉਸ ਨੂੰ ਵੱਸ ਵਿਚ ਨਹੀਂ ਲਿਆ ਸਕਦੀ (ਅਕਰਮ)।

(੪) ਭੁਜੰਗ ਪ੍ਰਯਾਤ ਛੰਦ (੪੪ ਤੋਂ ੬੧)—ਕੋਮਲ ਸੁੰਦਰਤਾ (ਜਮਾਲ) ਅਤੇ ਤੇਜ-ਮਈ ਪ੍ਰਕਾਸ਼ (ਜਲਾਲ) ਦੋਹਾਂ ਦਾ ਸੋਮਾ ਪ੍ਰਭੂ ਆਪ ਹੈ (ਚੰਦ੍ਰ ਚੰਦ੍ਰ, ਭਾਨ ਭਾਨ); ਉਹ ਇਕ ਐਸੀ ਮਹਾਨ ਸੁੰਦਰ ਹਸਤੀ ਹੈ ਜਿਸ ਨੇ ਸਾਰੇ ਜੀਵਾਂ ਨੂੰ ਮੋਹ ਰਖਿਆ ਹੈ (ਗੀਤ ਗੀਤ; ਤਾਨ ਤਾਨ; ਨ੍ਰਿੱਤ ਨ੍ਰਿੱਤ; ਨਾਦ ਨਾਦ)।

ਪ੍ਰਭੂ, ਮਾਨੋ, ਇਕ ਨਗਾਰਚੀ ਹੈ ਜਿਸ ਨੇ ਢੋਲ ਵਜਾ ਕੇ ਇਹ ਜਗਤ-ਰੂਪ ਮੇਲਾ ਇਕੱਠਾ ਕੀਤਾ ਹੋਇਆ ਹੈ (ਪਾਨ ਪਾਨ, ਬਾਦ ਬਾਦ), ਪਰ ਜਗਤ ਉਤੇ ਪਰਲੋ ਲਿਆਉਣ ਵਾਲਾ ਭੀ ਉਹ ਆਪ ਹੀ ਹੈ, ਸਭ ਦਾ ਨਾਸ ਕਰਨ ਵਾਲਾ ਹੈ (ਪ੍ਰਭੰਗੀ, ਪ੍ਰਮਾਥੇ); ਭਿਆਨਕ-ਰੂਪ ਭੀ ਹੈ ਤੇ ਮਾਂ ਵਾਂਗ ਸਾਰੇ ਜਗਤ ਨੂੰ ਪਿਆਰ ਕਰਨ ਵਾਲਾ ਭੀ ਹੈ (ਸ਼ਸਤ੍ਰ-ਪਾਣਿ ਅਸਤ੍ਰ-ਮਾਣ, ਲੋਕ-ਮਾਤਾ); ਜਗਤ-ਪਰਵਾਰ ਨੂੰ ਗਹੁ ਨਾਲ ਪਾਲਦਾ ਹੈ (ਸੁਧਰਮ), ਕਿਉਂਕਿ ਪਿਆਰ ਰੂਪ ਹੈ (ਰਾਗ-ਰੂਪ)।

(੫) ਚਾਚਰੀ ਛੰਦ (੬੨, ੬੩)—ਪਰਮਾਤਮਾ ਸਭ ਜੀਵਾਂ ਦਾ ਮਾਲਕ ਹੈ, ਉਸਦਾ ਨਾ ਕੋਈ ਇਕ ਦੇਸ ਹੈ ਤੇ ਨਾ ਕੋਈ ਇਕ ਪਹਿਰਾਵਾ।

(੬) ਭੁਜੰਗ ਪ੍ਰਯਾਤ ਛੰਦ (੬੪ ਤੋਂ ੭੩)—ਪਰਮਾਤਮਾ ਨੂੰ ਕਿਸੇ ਪਾਸੋਂ ਰਾਖੀ ਦੀ ਲੋੜ ਨਹੀਂ, ਕਿਉਂਕਿ ਉਹ ਮੌਤ-ਰਹਿਤ ਹੈ (ਅਪਾਲ, ਅਕਾਲ)। ਪ੍ਰਭੂ ਇਤਨਾ ਅਸਗਾਹ ਪਿਆਰ ਰੂਪ ਹੈ ਕਿ ਇਸ ਬੇਅੰਤ ਜਗਤ-ਖਿਲਾਰੇ ਨੂੰ ('ਪਰਮ ਤਾਨ') ਰਚ ਕੇ ਹਰੇਕ ਦੀ ਸੰਭਾਲ ਭੀ ਕਰਦਾ ਹੈ, ਪਰ ਮਹਾਂ ਭਿਆਨਕ ਰੂਪ ਭੀ ਉਹ ਆਪ ਹੀ ਹੈ, ਕਿਉਂਕਿ ਸਾਰੇ ਜਗਤ ਨੂੰ ਉਹ ਆਪ ਹੀ ਨਾਸ ਕਰਦਾ ਹੈ (ਪ੍ਰੀਤ ਪ੍ਰੀਤ; ਰੋਖ ਰੋਖ; ਸੋਖ ਸੋਖ); ਕੋਈ ਜੀਵ ਪਰਮਾਤਮਾ ਉੱਤੇ ਦਬਾਅ ਨਹੀਂ ਪਾ ਸਕਦਾ (ਅਖਿੱਜ)।

(੭) ਚਰਪਟ ਛੰਦ (੭੪ ਤੋਂ ੭੮)—ਪਰਮਾਤਮਾ ਇਕ ਐਸਾ ਪਾਤਿਸ਼ਾਹ ਹੈ (ਸਰਬੰ ਭੁਗਤਾ) ਜਿਸ ਦੇ ਕਾਨੂੰਨ ਦੇ ਰਾਹ ਵਿਚ ਕੋਈ ਜੀਵ ਰੋਕ ਨਹੀਂ ਪਾ ਸਕਦਾ (ਅੰਬ੍ਰਿਤ ਧਰਮ), ਜਿਸ ਦੇ ਕਾਨੂੰਨਾਂ ਵਿਚ ਕੋਈ ਉਕਾਈ ਨਹੀਂ ਹੈ (ਅਲੱਖ ਧਰਮੰ); ਪਰ ਉਹ ਪਾਤਿਸ਼ਾਹ ਹੈ ਭੀ ਐਸਾ, ਜੋ ਸਭ ਜੀਵਾਂ ਦੇ ਦਿਲ ਦੀ ਜਾਣਦਾ ਹੈ (ਸਰਬੰ ਗਿਆਤਾ) ਤੇ ਸਭ ਦਾ ਰਾਖਾ ਹੈ (ਸਰਬੰ ਪਾਲੇ)।

(੮) ਰੂਆਲ ਛੰਦ (੭੯ ਤੋਂ ੮੬)—ਪ੍ਰਭੂ ਸਭ ਰਸਾਂ ਦਾ ਸੋਮਾ ਹੈ, ਪਰ ਉਹ ਆਪ ਰਸਾਂ ਦੇ ਬੰਧਨਾਂ ਤੋਂ ਮੁਕਤ ਹੈ (ਅਵਧੂਤ ਰੂਪ ਰਸਾਲ); ਪਰਮਾਤਮਾ ਦੀ ਹਸਤੀ ਵਿਚ ਕੋਈ ਉਕਾਈ ਨਹੀਂ (ਅਸੇਖ); ਪਿਆਰ-ਰੂਪ ਹੋ ਕੇ ਹਰ ਥਾਂ ਮੌਜੂਦ ਹੈ (ਹੋਇ ਫੈਲਿਓ ਅਨੁਰਾਗ); ਸਾਰੇ ਜਗਤ ਦਾ ਮੂਲ ਪ੍ਰਭੂ ਆਪ ਹੀ ਹੈ, ਜਗਤ-ਖੇਡ ਮੁਕਾ ਕੇ ਫਿਰ ਆਪ ਹੀ ਇਕੱਲਾ ਰਹਿ ਜਾਂਦਾ ਹੈ (ਅਖੇਲੁ ਖੇਲਨਿ, ਅੰਤ ਕੋ ਫਿਰਿ ਏਕੁ); ਪਰਮਾਤਮਾ ਤੋਂ ਵੱਖਰੀ ਕੋਈ ਜੀਵਾਤਮਾ ਦੀ ਹਸਤੀ ਨਹੀਂ, ਸਭ ਵਿਚ ਉਹ ਆਪ ਮੌਜੂਦ ਹੈ (ਅਨਾਤਮ, ਏਕ ਪੁਰਖ); ਕਿਸੇ

ਧਾਰਮਿਕ ਪੁਸਤਕ ਦੀ ਰਾਹੀਂ ਪ੍ਰਭੂ ਦਾ ਮੁਕੰਮਲ ਸਰੂਪ ਸਮਝ ਵਿਚ ਨਹੀਂ ਆ ਸਕਦਾ (ਕੋਟਿ ਸਿੰਮ੍ਰਿਤਿ ਪੁਰਾਣ ਸਾਸਤ੍ਰ ਨ ਆਵਈ ਵਹੁ ਚਿਤਿ)।

(੯) ਮਧੁਭਾਰ ਛੰਦ (੮੭ ਤੋਂ ੯੩)—ਜਗਤ-ਰਚਨਾ ਦੇ ਸਾਰੇ ਵਸੀਲੇ ਪਰਮਾਤਮਾ ਦੇ ਆਪਣੇ ਹੱਥ ਵਿਚ ਹਨ (ਆਜਾਨ ਬਾਹੁ), ਪਰ ਉਸਨੂੰ ਇਸ ਜਗਤ ਦੀ ਖ਼ਾਤਰ ਕੋਈ ਖ਼ਾਸ ਉਚੇਚ ਨਹੀਂ ਕਰਨਾ ਪੈਂਦਾ (ਆਲਿਸਜ ਕਰਮ), ਫਿਰ ਭੀ ਜਗਤ-ਪਾਲਣ ਦੇ ਫ਼ਰਜ਼ ਨੂੰ ਐਸੀ ਖ਼ੂਬੀ ਨਾਲ ਨਿਬਾਹੁੰਦਾ ਹੈ ਕਿ ਜੀਵਾਂ ਵਾਸਤੇ ਉਹ ਨਮੂਨੇ ਦਾ ਕੰਮ ਦੇਂਦਾ ਹੈ (ਆਦ੍ਰਿਸ਼ਜ ਧਰਮ)।

(੧੦) ਚਾਚਰੀ ਛੰਦ (੯੪, ੯੫)—ਜੀਵਾਂ ਨੂੰ ਮੁਕਤੀ ਦੇਣ ਵਾਲਾ ਕਰਤਾਰ ਆਪ ਹੀ ਹੈ, ਉਹ ਖ਼ੁਦ ਆਪ ਪਹਿਲਾਂ ਹੀ ਕਾਮਨਾ ਤੋਂ ਮੁਕਤ ਹੈ, (ਮੁਕੰਦ, ਅਕਾਮ)।

(੧੧) ਭੁਜੰਗ ਪ੍ਰਯਾਤ ਛੰਦ (੯੬ ਤੋਂ ੯੮)—ਸਾਰੇ ਜਗਤ ਨੂੰ ਪੈਦਾ ਕਰਨ ਵਾਲਾ (ਕਰਤਾ), ਪਾਲਣ ਵਾਲਾ (ਭਰਤਾ) ਤੇ ਨਾਸ ਕਰਨ ਵਾਲਾ (ਹਰਤਾ) ਪਰਮਾਤਮਾ ਆਪ ਹੀ ਹੈ।

(੧੨) ਚਾਚਰੀ ਛੰਦ (੯੯ ਤੋਂ ੧੦੨)—ਸੰਸਾਰਕ ਜੀਵਾਂ ਵਾਂਗ ਕਰਮਾਂ ਭਰਮਾਂ ਦੇ ਅਧੀਨ ਹੋਣ ਦੇ ਕਾਰਨ ਪਰਮਾਤਮਾ ਨੂੰ ਮਾਂ ਦੇ ਪੇਟ ਵਿਚ ਆ ਕੇ ਸਰੀਰ ਨਹੀਂ ਧਾਰਨਾ ਪੈਂਦਾ (ਨ ਭਰਮੰ, ਨ ਕਰਮੰ, ਨ ਕਾਏ, ਅਜਾਏ), ਉਸ ਦੀ ਕੋਈ ਤਸਵੀਰ ਨਹੀਂ ਬਣ ਸਕਦੀ (ਨ ਚਿਤ੍ਰੈ), ਕਿਉਂਕਿ ਉਹ ਕਿਸੇ ਨੂੰ ਇਹਨਾਂ ਅੱਖਾਂ ਨਾਲ ਦਿੱਸਦਾ ਨਹੀਂ (ਅਦ੍ਰਿਸੈ); ਕੋਈ ਉਸ ਦੀ ਬਰਾਬਰੀ ਨਹੀ ਕਰ ਸਕਦਾ (ਨ ਸਤ੍ਰੈ, ਨ ਮਿਤ੍ਰੈ)।

(੧੩) ਭਗਵਤੀ ਛੰਦ (੧੦੩ ਤੋਂ ੧੩੨)—ਕੋਈ ਧਾਰਮਿਕ ਰਸਮਾਂ ਪਰਮਾਤਮਾ ਨੂੰ ਵੱਸ ਵਿਚ ਨਹੀਂ ਲਿਆ ਸਕਦੀਆਂ (ਆਗੰਜ ਕਰਮੈ); ਕੋਈ ਵਹਿਮ ਭਰਮ ਉਸ ਨੂੰ ਭੁਲਾ ਨਹੀਂ ਸਕਦਾ (ਆਭੰਜ ਭਰਮੈ); ਪਰਮਾਤਮਾ ਦੀ ਹਸਤੀ ਐਸੀ ਹੈ ਜਿਸ ਉਤੇ ਮਾਇਆ ਦਾ ਮੋਹ ਅਸਰ ਨਹੀਂ ਕਰ ਸਕਦਾ (ਅਵਧੂਤ ਬਰਨ), ਕਿਉਂਕਿ ਉਹ ਆਪ ਸੁੰਦਰਤਾ ਦਾ ਮੂਲ ਹੈ (ਬ੍ਰਹਮ ਸਰੂਪ), ਤੇ ਆਪਣੇ ਆਪ ਦੇ ਵੱਸ ਵਿਚ ਹੈ (ਏਕੈ ਅਧੀਨ); ਕਿਤੇ ਕੋਮਲ ਸੁੰਦਰਤਾ ਹੈ, ਕਿਤੇ ਤੇਜ ਪ੍ਰਕਾਸ਼ ਹੈ, ਸਾਰੇ ਜਮਾਲ ਤੇ ਜਲਾਲ ਦਾ ਸੋਮਾ ਪਰਮਾਤਮਾ ਹੈ (ਸਰਬਤ੍ਰ ਭਾਨੈ, ਸਰਬਤ੍ਰ ਚੰਦੈ); ਸਾਰੇ ਜੀਵਾਂ ਵਿਚ ਬੈਠਾ ਆਪ ਹੀ ਬੋਲ

ਰਿਹਾ ਹੈ (ਸਰਬੰ ਕਲੀਮ); ਪ੍ਰਭੂ ਦੀ ਜਗਤ-ਰਚਨਾ ਦੀ ਵਿਉਂਤ ਵਿਚ ਕੋਈ ਵਿਘਨ ਨਹੀਂ ਪਾਇਆ ਜਾ ਸਕਦਾ ਹੈ (ਸਲੀਖਤ ਮੁਦਾਮ); ਪਰਮਾਤਮਾ ਇਕ ਮਹਾਨ, ਅਕੱਥ, ਬੇਦਾਗ਼ ਤੇ ਅਛੋਹ ਸੁੰਦਰਤਾ ਹੈ (ਹੁਸਨਲ ਵਜੂ), ਉਸ ਦੇ ਸਾਰੇ ਹੀ ਅੰਗ ਸੋਹਣੇ ਹਨ (ਸੁਭੰ ਸਰਬ ਭਾਗ); ਸਭ ਜੀਵਾਂ ਨਾਲ ਪਿਆਰ ਕਰਦਾ ਹੈ (ਸਰਬਾ ਅਨੁਰਾਗ), ਪਰ ਸਭ ਜੀਵਾਂ ਉਤੇ ਕੁੰਡਾ ਭੀ ਉਸੇ ਦਾ ਹੈ (ਤ੍ਰਿਬਾਧ); ਪਰਮਾਤਮਾ ਦਾ ਸਰੂਪ ਠੀਕ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ (ਅਨ-ਉਕਤ ਸਰੂਪ)।

(੧੪) ਚਾਚਰੀ ਛੰਦ (੧੩੩ ਤੋਂ ੧੪੧)—ਇਤਨੇ ਬੇਅੰਤ ਜਗਤ ਦਾ ਕਰਤਾ ਤੇ ਪਾਲਕ ਹੋ ਕੇ ਭੀ ਪਰਮਾਤਮਾ ਨੂੰ ਕੋਈ ਚਿੰਤਾ ਤੇ ਤੌਖਲਾ ਨਹੀਂ ('ਉਦਾਸ'), ਤੇ ਕੋਈ ਮੋਹ ਭੀ ਨਹੀਂ ('ਅਭਗਤ'), ਕਿਉਂਕਿ ਸੰਸਾਰਕ ਪਦਾਰਥ ਉਸ ਨੂੰ ਖਿੱਚ ਨਹੀਂ ਪਾ ਸਕਦੇ ('ਬਿਰਕਤ'); ਪ੍ਰਭੂ ਸਭ ਜੀਵਾਂ ਦਾ ਪ੍ਰਾਣ-ਰੂਪ ਹੈ (ਅਨੀਲ), ਸਦਾ ਮੌਜੂਦ ਹੈ (ਸੁਨਿੱਤ), ਪਰ ਰੋਜ਼ ਦਿਸਦੇ ਸਧਾਰਨ ਪਦਾਰਥਾਂ ਵਰਗਾ ਨਹੀਂ ਹੈ (ਅਨਿੱਤ)।

(੧੫) ਚਰਪਟ ਛੰਦ (੧੪੨ ਤੋਂ ੧੪੪)—ਸਭ ਜੀਵਾਂ ਵਿਚ ਵਿਆਪਕ ਹੋ ਕੇ ਦੁਨੀਆ ਦੇ ਸਾਰੇ ਕੰਮ (ਪ੍ਰਭੂ) ਆਪ ਕਰਦਾ ਹੈ (ਸਰਬੰ ਕਰਮੰ, ਧਰਮੰ) ਫਿਰ ਭੀ ਸਭ ਤੋਂ ਨਿਰਾਲਾ ਹੈ (ਸਰਬੰ ਮੁਕਤਾ)।

(੧੬) ਰਸਾਵਲ ਛੰਦ (੧੪੫ ਤੋਂ ੧੪੯)—ਪਰਮਾਤਮਾ ਸਭ ਦਾ ਸਹਾਈ ਹੈ ('ਸਦਾ ਸਰਬ ਸਾਥ'); ਜਗਤ ਦੇ ਜੀਵਾਂ ਵਾਂਗ ਉਸ ਵਿਚ ਕੋਈ 'ਮੇਰ ਤੇਰ' ਜਾਂ ਅਪਣੱਤ ਨਹੀਂ ਹੈ (ਨ ਪੋਤ੍ਰੈ ਨ ਪੁਤ੍ਰੈ, ਨ ਸਤ੍ਰੈ ਨ ਮਿਤ੍ਰੈ)।

(੧੭) ਭਗਵਤੀ ਛੰਦ (੧੫੦ ਤੋਂ ੧੬੦)—ਹਰੇਕ ਜੀਵ ਦੇ ਅੰਦਰ ਪਰਮਾਤਮਾ ਆਪ ਬੋਲ ਰਿਹਾ ਹੈ ('ਸਮਸਤੁਲ ਜ਼ਬਾਂ'); ਉਸ ਦਾ ਕਦੇ ਭੀ ਕੋਈ ਖ਼ਾਸ ਲਿਬਾਸ ਨਹੀਂ ਹੋਇਆ (ਹਮੇਸੁਲ ਅਭੇਖ); ਹਰ ਸਮੇ ਹਰ ਥਾਂ ਮੌਜੂਦ ਹੈ, ਪਰ ਉਸ ਦਾ ਭੇਤ ਨਹੀਂ ਪੈ ਸਕਦਾ ('ਜ਼ਮੀਨੁਲ ਜ਼ਮਾਂ, ਅਮੀਕੁਲ ਇਮਾ'); ਹਰੇਕ ਕਿਸਮ ਦੇ ਚੰਗੇ ਮੰਦੇ, ਦੁਖੀ ਸੁਖੀ ਜੀਵਾਂ ਵਿਚ ਹੁੰਦਾ ਹੋਇਆ ਭੀ ਉਹ ਆਪ ਚਾਨਣ ਹੀ ਚਾਨਣ ਹੈ ('ਅਮਿਤੋ ਪਸਾ, ਆਤਮ ਪ੍ਰਭਾ')।

(੧੮) ਮਧੁਭਾਰ ਛੰਦ (੧੬੧ ਤੋਂ ੧੭੦)—ਪਰਮਾਤਮਾ ਦੇ ਬਣਾਏ ਜੀਵ ਇਹ ਗੱਲ ਨਹੀਂ ਦੱਸ ਸਕਦੇ ਕਿ ਪਰਮਾਤਮਾ ਕਿਹੋ ਜਿਹਾ ਤੇ ਕੇਡਾ ਵੱਡਾ ਹੈ ('ਗਤਿ ਮਿਤਿ ਉਦਾਰ'); ਉਹ ਆਪ ਸਾਰੀ ਕਾਇਨਾਤ ਦਾ ਸਰਦਾਰ ਹੈ

('ਧ੍ਰਿਤਿ ਧਰ ਧੁਰਾਸ'); ਪ੍ਰਭੂ ਕਿਸੇ ਗੱਲੇ ਕਿਸੇ ਦਾ ਮੁਥਾਜ ਨਹੀਂ ਹੈ ('ਆਜਿਜ਼ ਨ ਬਾਤ'); ਬੰਦਿਆਂ ਦੀ ਕਿਸੇ ਭੁੱਲ 'ਤੇ ਗੁੱਸੇ ਨਹੀਂ ਹੁੰਦਾ ਤੇ ਨਾ ਹੀ ਕਿਸੇ ਦੀ ਰੋਜ਼ੀ ਬੰਦ ਕਰਦਾ ਹੈ, ਸਗੋਂ ਉਸ ਦੇ ਅਮੁੱਕ ਭੰਡਾਰੇ ਖੁੱਲ੍ਹੇ ਪਏ ਹਨ ('ਅਨਰੰਜ ਬਾਤ, ਅਨਟੁਟ ਭੰਡਾਰ'); ਪ੍ਰਭੂ ਕਮਾਲ ਦਾ ਫ਼ਰਜ਼-ਸ਼ਿਨਾਸ ਹੈ ਅਤੇ ਉਸ ਦੇ ਸਾਰੇ ਕੰਮ ਬੜੇ ਸਾਹਸ-ਭਰੇ ਹਨ ('ਆਡੀਠ ਧਰਮ, ਅਤਿ ਢੀਠ ਕਰਮ')।

(੧੯) ਹਰਿਬੋਲਮਨਾ ਛੰਦ (੧੭੧ ਤੋਂ ੧੮੪)—ਦੇਵਤਿਆਂ ਵਾਂਗ ਪਰਮਾਤਮਾ ਮੰਤ੍ਰਾਂ ਨਾਲ ਵੱਸ ਵਿਚ ਨਹੀਂ ਆ ਸਕਦਾ ('ਅਜਪ, ਅਜਪ'); ਨਾ ਹੀ ਦੇਵਤਿਆਂ ਦੀਆਂ ਮੂਰਤੀਆਂ ਵਾਂਗ ਉਹ ਮੰਦਰ ਵਿਚ ਟਿਕਾਇਆ ਜਾ ਸਕਦਾ ਹੈ ('ਅਥਪ ਅਥਪ'); ਕਿਉਂਕਿ ਉਸ ਦੀ ਕੋਈ ਮੂਰਤੀ ਘੜੀ ਹੀ ਨਹੀਂ ਜਾ ਸਕਦੀ ('ਅਕ੍ਰਿਤ + ਆਕ੍ਰਿਤਿ')। ਪਰਮਾਤਮਾ ਆਪਣੇ ਆਪ ਦੇ ਹੀ ਵੱਸ ਵਿਚ ਹੈ, ਕਿਉਂਕਿ ਜਿਹੋ ਜਿਹਾ ਉਹ ਹੈ ਉਹੋ ਜਿਹਾ ਉਹ ਆਪ ਹੀ ਹੈ ('ਆਤਮ ਬਸਿ, ਜਸ ਕੇ ਜਸ')।

(੨੦) ਭੁਜੰਗ ਪ੍ਰਯਾਤ ਛੰਦ (੧੮੫ ਤੋਂ ੧੮੮)—ਪਰਮਾਤਮਾ ਦੇ ਸਰੂਪ ਵਿਚ ਕੋਈ ਐਬ ਨਹੀਂ, ਮਹਾਨ ਸੁੰਦਰ ਹਸਤੀ ਹੈ ('ਕਲੰਕਾਰਿ ਰੂਪ, ਅਲੰਕਾਰ ਅਲੰਕ'), ਪਰ ਘੁੱਪ ਹਨੇਰਾ ਭੀ ਉਹ ਆਪ ਹੀ ਹੈ (ਅੰਧਕਾਰ), ਜਮਾਲ ਤੇ ਜਲਾਲ ਦੋਹਾਂ ਦਾ ਸੋਮਾ ਹੈ ('ਸੂਰਜ ਸੂਰਜ, ਚੰਦ੍ਰ ਚੰਦ੍ਰ')। ਜਗਤ ਵਿਚ ਕਿਤੇ ਝਗੜੇ ਕਿਤੇ ਸ਼ਾਂਤੀ, ਕਿਤੇ ਹਨੇਰਾ ਕਿਤੇ ਚਾਨਣ, ਕਿਤੇ ਜੁੱਧ ਕਿਤੇ ਗਿਆਨ-ਚਰਚਾ—ਇਹ ਵਿਰੋਧੀ ਕੌਤਕ ਉਸੇ ਦੀ ਖੇਡ ਹੈ ('ਕਲਹ ਕਰਤਾ, ਸਾਂਤਿ ਰੂਪ'); ਇਹ ਦਿੱਸਦਾ ਜਗਤ ਭੀ ਪ੍ਰਭੂ ਦਾ ਰੂਪ ਹੈ ਅਤੇ ਅਦ੍ਰਿਸ਼ਟ ਸੂਖਮ ਮੂਲ ਭੀ ਉਹੀ ਹੈ ('ਬ੍ਰਿੰਦ ਬ੍ਰਿੰਦ, ਬੀਜ ਬੀਜ')।

(੨੧) ਏਕ-ਅਛਰੀ ਛੰਦ (੧੮੯ ਤੋਂ ੧੯੬)—ਪਰਮਾਤਮਾ ਦਾ ਕੋਈ ਚਿੱਤਰ ਨਹੀਂ ਬਣਾਇਆ ਜਾ ਸਕਦਾ, ਕਿਉਂਕਿ ਉਸ ਦਾ ਕੋਈ ਖ਼ਾਸ ਪਹਿਰਾਵਾ ਨਹੀਂ ਹੈ ('ਅਲੇਖ, ਅਭੇਖ'); ਉਹ ਹਰ ਥਾਂ ਅਕਾਸ਼ ਵਾਂਗ ਸਰਬ ਵਿਆਪਕ ਹੈ ('ਅਕਾਸ਼'); ਸੁੰਨ-ਮੰਨ ਹੋ ਕੇ ਵੱਖਰਾ ਨਹੀਂ ਬੈਠ ਰਿਹਾ ('ਅਮੋਨੀ'); ਪਰ ਵਿਆਪਕ ਹੁੰਦਿਆਂ ਭੀ ਕੋਈ ਕਾਮਨਾ ਉਸ ਨੂੰ ਪੋਹ ਨਹੀਂ ਸਕਦੀ ('ਅਕਾਮ, ਨ ਰਾਗੇ')।

(੨੨) ਭੁਜੰਗ ਪ੍ਰਯਾਤ ਛੰਦ (੧੯੭ ਤੋਂ ੧੯੯)—ਪਰਮਾਤਮਾ ਦੇ ਪ੍ਰਤਾਪ ਦੇ ਇਹ ਅਜਬ ਲੱਛਣ ਹਨ ('ਅਜਾਇਬ ਬਿਭੂਤੇ') ਕਿ ਹਰੇਕ ਜੀਵ ਦੇ ਅੰਗ

ਸੰਗ ਹੁੰਦਿਆਂ ਭੀ ਉਸ ਨੂੰ ਕੋਈ ਕਾਮਨਾ ਨਹੀਂ ('ਸਮਸਤੁਲ ਨਿਵਾਸ, ਨਿਕ੍ਰਾਮੰ ਬਿਭੂਤਿ'); ਫਿਰ ਭੀ ਜਗਤ ਪਾਲਣ ਦੇ ਫ਼ਰਜ਼ ਨੂੰ ਉਹ ਬਹੁਤ ਸੋਹਣੀ ਤਰ੍ਹਾਂ ਨਿਭਾ ਰਿਹਾ ਹੈ ('ਸੁਧਰਮੰ ਬਿਭੂਤਿ')।

# ਸਮੁੱਚਾ ਭਾਵ

(੧) ਪਰਮਾਤਮਾ ਦੇ ਅਸਲ ਸਰੂਪ ਨੂੰ ਨਾ ਤਾਂ ਕੋਈ ਲਫ਼ਜ਼ ਬਿਆਨ ਕਰ ਸਕਦਾ ਹੈ ਅਤੇ ਨਾ ਹੀ ਕਿਸੇ ਧਰਮ-ਪੁਸਤਕ ਰਾਹੀਂ ਉਸ ਅਸਲ ਸਰੂਪ ਦੀ ਸਮਝ ਪੈ ਸਕਦੀ ਹੈ।

(੨) ਪਰਮਾਤਮਾ ਦੀ ਕੋਈ ਤਸਵੀਰ ਨਹੀਂ ਬਣਾਈ ਜਾ ਸਕਦੀ, ਕਿਉਂਕਿ ਸੰਸਾਰਕ ਜੀਵਾਂ ਦੇ ਸਰੀਰ ਵਰਗਾ ਉਸ ਦਾ ਕੋਈ ਸਰੀਰ ਨਹੀਂ ਹੈ; ਏਸੇ ਕਰਕੇ ਉਸ ਦੀ ਕੋਈ ਮੂਰਤੀ ਨਹੀਂ ਬਣਾਈ ਜਾ ਸਕਦੀ ਤੇ ਨਾ ਹੀ ਦੇਵਤਿਆਂ ਦੀਆਂ ਮੂਰਤੀਆਂ ਵਾਂਗ ਉਹ ਕਿਸੇ ਮੰਦਰ ਵਿਚ ਟਿਕਾਇਆ ਜਾ ਸਕਦਾ ਹੈ। ਉਸ ਦਾ ਸਰੂਪ ਜਗਤ-ਰਚਨਾ ਵਾਲੇ ਪੰਜ ਤੱਤਾਂ ਤੋਂ ਨਹੀਂ ਬਣਿਆ, ਇਸ ਵਾਸਤੇ ਕਿਸੇ ਪੰਜ-ਤੱਤੀ ਪਸ਼ੂ ਦੀ 'ਕੁਰਬਾਨੀ' ਦੇ ਕੇ ਉਸ ਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ। ਉਸ ਨੂੰ ਮਿਲਣ ਲਈ ਕੋਈ ਧਾਰਮਿਕ ਰਸਮਾਂ ਜਾਂ ਵਰਣ ਆਸ਼੍ਰਮ ਦੀਆਂ ਰਸਮਾਂ ਕਰਨ ਦੀ ਭੀ ਲੋੜ ਨਹੀਂ ਹੈ; ਉਹ ਪਿਆਰ-ਸਰੂਪ ਹੈ ਤੇ 'ਪਿਆਰ' ਦੀ ਭੇਟਾ ਹੀ ਮੰਗਦਾ ਹੈ।

(੩) ਜਗਤ-ਰਚਨਾ ਦੇ ਸਾਰੇ ਵਸੀਲੇ ਪਰਮਾਤਮਾ ਦੇ ਆਪਣੇ ਹੱਥ ਵਿਚ ਹਨ, ਪਰ ਉਸ ਨੂੰ ਇਸ ਜਗਤ ਦੀ ਖ਼ਾਤਰ ਕੋਈ ਖ਼ਾਸ ਉਚੇਚ ਨਹੀਂ ਕਰਨਾ ਪੈਂਦਾ, ਐਸੇ ਨਿਯਮ ਤੇ ਕਾਨੂੰਨ ਬੰਨ੍ਹ ਰੱਖੇ ਹਨ ਜਿਨ੍ਹਾਂ ਵਿਚ ਕੋਈ ਉਕਾਈ ਨਹੀਂ; ਤੇ ਜਿਨ੍ਹਾਂ ਦੀ ਵਿਰੋਧਤਾ ਭੀ ਕੋਈ ਜੀਵ ਨਹੀਂ ਕਰ ਸਕਦਾ; ਜਗਤ-ਪਾਲਣ ਦੇ ਫ਼ਰਜ਼ ਨੂੰ ਐਸੀ ਖ਼ੂਬੀ ਨਾਲ ਨਿਭਾ ਰਿਹਾ ਹੈ ਕਿ ਜੀਵਾਂ ਵਾਸਤੇ ਉਹ ਨਮੂਨੇ ਦਾ ਕੰਮ ਦੇਂਦਾ ਹੈ।

(੪) ਪਰਮਾਤਮਾ, ਮਾਨੋ, ਇਕ ਨਗਾਰਚੀ ਹੈ, ਜਿਸ ਨੇ ਢੋਲ ਵਜਾ ਕੇ ਇਹ ਜਗਤ-ਮੇਲਾ ਇਕੱਠਾ ਕੀਤਾ ਹੋਇਆ ਹੈ। ਉਹ ਆਪ ਇਕ ਮਹਾਨ ਸੁੰਦਰ ਹਸਤੀ ਹੈ, ਪਰ ਜਗਤ ਵਿਚ ਦੋ ਵਿਰੋਧੀ ਸੁਭਾਅ ਦਿਸ ਰਹੇ ਹਨ, ਅਸਲ ਵਿਚ ਉਹ ਉਸੇ ਦਾ 'ਜਮਾਲ' ਤੇ 'ਜਲਾਲ' ਹਨ; ਪਿਆਰ-ਰੂਪ ਭੀ ਉਹ ਆਪ ਹੀ

ਹੈ ਤੇ ਭਿਆਨਕ-ਰੂਪ ਭੀ ਆਪ ਹੀ।

(੫) ਜਗਤ ਰਚ ਕੇ ਪਰਮਾਤਮਾ ਨਾ ਤਾਂ ਨਿਰਾ ਵੱਖਰਾ ਕਿਸੇ ਥਾਂ ਬੈਠ ਰਿਹਾ ਹੈ, ਅਤੇ ਨਾ ਹੀ ਨਿਰਾ ਆਪਣੀ ਕੁਦਰਤ ਵਿਚ ਘੁਲਿਆ ਮਿਲਿਆ ਹੋਇਆ ਹੈ; ਸਭ ਵਿਚ ਵਿਆਪਕ ਭੀ ਹੈ ਤੇ ਸਭ ਤੋਂ ਨਿਰਾਲਾ ਭੀ। ਸਭ ਵਿਚ ਆਪ ਹੀ ਬੋਲ ਰਿਹਾ ਹੈ, ਫਿਰ ਭੀ ਹਰੇਕ ਕਿਸਮ ਦੇ ਚੰਗੇ ਮੰਦੇ ਜੀਵਾਂ ਵਿਚ ਹੁੰਦਾ ਹੋਇਆ ਭੀ ਆਪ ਚਾਨਣ ਹੀ ਚਾਨਣ ਹੈ, ਪਿਆਰ ਹੀ ਪਿਆਰ ਹੈ। ਵੱਡੀ ਗੱਲ ਤਾਂ ਇਹ ਹੈ ਕਿ ਜਗਤ ਤਾਂ ਬਣਦਾ ਤੇ ਢਹਿੰਦਾ ਰਹਿੰਦਾ ਹੈ, ਪਰ ਉਹ ਆਪ ਕਦੇ ਮਰਦਾ ਨਹੀਂ ਹੈ।

(੬) ਜੇ ਪਰਮਾਤਮਾ ਦੀਆਂ ਸਿਫ਼ਤਾਂ ਦਾ ਲੇਖਾ ਕਰਨ ਲੱਗੀਏ, ਤਾਂ ਇਹਨਾਂ ਦਾ ਤਾਂ ਕੋਈ ਅੰਤ ਹੀ ਨਹੀਂ ਹੈ। ਸਿਆਣੇ ਲੋਕ ਜਿਉਂ ਜਿਉਂ ਉਸ ਦੇ ਕੀਤੇ ਕੰਮ ਵੇਖਦੇ ਹਨ, ਤਿਉਂ ਤਿਉਂ ਉਸ ਦੇ ਨਵੇਂ ਨਾਮ ਰੱਖ ਲੈਂਦੇ ਹਨ। ਥੋੜੇ ਲਫ਼ਜ਼ਾਂ ਵਿਚ ਇਉਂ ਕਹਿ ਲਵੋ ਕਿ ਜਗਤ ਨੂੰ ਰਚਣ ਵਾਲਾ ਭੀ ਆਪ ਹੈ, ਪਾਲਣ ਵਾਲਾ ਭੀ ਆਪ ਤੇ ਨਾਸ ਕਰਨ ਵਾਲਾ ਭੀ ਆਪ ਹੀ ਹੈ। ਪਾਲਦਾ ਭੀ ਇਉਂ ਹੈ ਕਿ ਜੀਵਾਂ ਦੇ ਮੰਦੇ ਕਰਮਾਂ ਤੋਂ ਗੁਸੇ ਹੋ ਕੇ ਕਦੇ ਕਿਸੇ ਦੀ ਰੋਜ਼ੀ ਨਹੀਂ ਬੰਦ ਕਰਦਾ; ਉਹ ਸਦਾ ਸਭ ਨਾਲ ਪਿਆਰ ਕਰਦਾ ਹੈ।

## ਬਹੁ-ਅਰਥਕ ਲਫ਼ਜ਼

'ਜਾਪੁ' ਸਾਹਿਬ ਵਿਚ ਬਹੁਤੇ ਲਫ਼ਜ਼ ਸੰਸਕ੍ਰਿਤ ਦੇ ਹਨ। ਸੰਸਕ੍ਰਿਤ ਬੋਲੀ ਵਿਚ ਜਿੱਥੇ ਇੱਕ ਇੱਕ ਪਦਾਰਥ ਵਾਸਤੇ ਕਈ ਲਫ਼ਜ਼ ਹਨ, ਓਥੇ ਇਕ ਇਕ ਲਫ਼ਜ਼ ਦੇ ਭੀ ਕਈ ਅਰਥ ਹਨ। ਇਸ 'ਬਾਣੀ' ਵਿਚ ਭੀ ਕਈ ਐਸੇ ਸੰਸਕ੍ਰਿਤ-ਸ਼ਬਦ ਹਨ, ਜਿਨ੍ਹਾਂ ਦੇ ਇਕ ਤੋਂ ਵਧੀਕ ਅਰਥ ਹਨ। ਇਹਨਾਂ ਲਫ਼ਜ਼ਾਂ ਦੇ ਖ਼ਾਸ ਅਰਥ ਨਿਯਤ ਕਰਨ ਵਾਸਤੇ ਉਸ 'ਪ੍ਰਕਰਣ' ਦਾ ਖ਼ਿਆਲ ਕਰਨਾ ਪਏਗਾ ਜਿੱਥੇ ਇਹ ਲਫ਼ਜ਼ ਆਏ ਹਨ। ਉਹਨਾਂ ਲਫ਼ਜ਼ਾਂ ਦਾ ਭੀ ਖ਼ਿਆਲ ਰੱਖਣਾ ਪਏਗਾ, ਜਿਨ੍ਹਾਂ ਦੇ ਨਾਲ ਇਹ ਵਰਤੇ ਗਏ ਹਨ।

ਪਾਠਕਾਂ ਦੀ ਸਹੂਲਤ ਵਾਸਤੇ 'ਜਾਪੁ' ਸਾਹਿਬ ਵਿਚ ਵਰਤੇ ਹੋਏ ਕੁਝ ਕੁ ਬਹੁ-ਅਰਥਕ ਲਫ਼ਜ਼ਾਂ 'ਤੇ ਏਥੇ ਵੱਖਰੀ ਵਿਚਾਰ ਕੀਤੀ ਜਾਂਦੀ ਹੈ।

**ਬਹੁ-ਅਰਥਕ ਸ਼ਬਦਾਂ ਦੀ ਫ਼ਹਿਰਿਸਤ :**

ਚਕ੍ਰ, ਤਾਨ, ਅਭਰਨ, ਅਭੇਦ, ਧਰਮ, ਭੋਗ, ਕਰਮ, ਬਰਨ, ਅਨਾਮ, ਅਜਾਤ।

(੧) **ਚੱਕ੍ਰ**—'ਜਾਪੁ' ਸਾਹਿਬ ਵਿਚ ਇਹ ਲਫ਼ਜ਼ ਤਿੰਨ ਵੱਖੋ ਵੱਖਰੇ ਅਰਥਾਂ ਵਿਚ ਆਇਆ ਹੈ। ਇਹ ਸੰਸਕ੍ਰਿਤ-ਸ਼ਬਦ ਹੈ, ਓਥੇ ਇਸ ਦੇ ਬਾਈ ਦੇ ਕਰੀਬ ਅਰਥ ਹਨ। ਇਸ 'ਬਾਣੀ' ਵਿਚ ਹੇਠ-ਲਿਖੇ ਅਰਥਾਂ ਵਿਚ ਇਹ ਲਫ਼ਜ਼ ਵਰਤਿਆ ਮਿਲਦਾ ਹੈ :

(ੳ) (ਹੱਥਾਂ ਪੈਰਾਂ ਉਤੇ) ਗੋਲ ਰੇਖਾ :

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥**

*—ਛੰਦ ਨੰ: ੧*

(ਅ) ਇਕ ਕਿਸਮ ਦਾ ਸ਼ਸਤ੍ਰ, ਜੋ ਨਿਹੰਗ ਸਿੰਘ ਸਿਰ ਤੇ ਪਹਿਨਦੇ ਹਨ। ਵਿਸ਼ਨੂੰ ਅਤੇ ਕ੍ਰਿਸ਼ਨ ਜੀ ਦਾ 'ਸੁਦਰਸ਼ਨ ਚੱਕ੍ਰ' ਆਮ ਪਰਸਿੱਧ ਹੈ :

**ਚੱਕ੍ਰ ਬੱਕ੍ਰ ਫਿਰੈ ਚਤੁਰ ਚਕ ਮਾਨਹੀ ਪੁਰਿ ਤੀਨ ॥** *—ਛੰਦ ਨੰ: ੮੨*

(ੲ) ਕੂਟ, ਦਿਸਾ, ਚੱਕ :

**ਚੱਤ੍ਰ ਚੱਕ੍ਰ ਕਰਤਾ ॥** *—ਛੰਦ ਨੰ: ੯੬*

(੨) **ਤਾਨ**—(ੳ) ਰਾਗ ਦੀਆਂ 'ਸੁਰਾਂ' ਦਾ ਇਕ ਮਿਲਵਾਂ ਲੰਮਾ 'ਪਲਟਾ', ਜੋ 'ਰਾਗ' ਨੂੰ ਸੁੰਦਰ ਬਣਾਂਦਾ ਹੈ :

**ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥** *—ਛੰਦ ਨੰ: ੪੭*

(ਅ) ਸੰਸਕ੍ਰਿਤ ਧਾਤੂ 'ਤਨ' ਦਾ ਅਰਥ ਹੈ 'ਤਣਨਾ, ਖਿਲਾਰਨਾ', ਇਸ ਤੋਂ 'ਨਾਂਵ' (Noun) ਹੈ 'ਤਾਨ', ਇਸ ਦਾ ਅਰਥ ਹੈ 'ਖਿਲਾਰਾ, ਫੈਲਾਉ' :

**ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥** *—ਛੰਦ ਨੰ: ੭੦*

(੩) **ਅਭਰਨ**—(ੳ) 'ਜਾਪੁ' ਸਾਹਿਬ ਵਿਚ ਬਹੁਤ ਸਾਰੇ ਐਸੇ ਲਫ਼ਜ਼ ਵਰਤੇ ਹੋਏ ਹਨ ਜਿਨ੍ਹਾਂ ਦੇ ਪਹਿਲਾਂ 'ਅ', 'ਅਨ' ਜਾਂ 'ਨਿਰ' ਲਗਾ ਕੇ ਅਸਲ ਲਫ਼ਜ਼ ਦੇ ਵਿਰੋਧੀ ਅਰਥ ਦਿੱਤੇ ਗਏ ਹਨ; ਜਿਵੇਂ 'ਕਾਲ' ਤੋਂ 'ਅਕਾਲ'; 'ਰੂਪ' ਤੋਂ 'ਅਰੂਪ'; 'ਅੰਤ' ਤੋਂ 'ਅਨੰਤ', 'ਨਾਮ' ਤੋਂ 'ਨ੍ਰਿਨਾਮ', 'ਕਾਮ' ਤੋਂ 'ਨ੍ਰਿਕਾਮ'

ਇਤਿਆਦਿਕ। ਏਸੇ ਤਰ੍ਹਾਂ ਸੰਸਕ੍ਰਿਤ ਲਫ਼ਜ਼ 'ਭਰਣ' (ਜਿਸ ਦਾ ਅਰਥ ਹੈ 'ਪਾਲਣਾ') ਨਾਲ 'ਅ' ਲਗਾ ਕੇ ਵਿਰੋਧੀ ਅਰਥ ਲਏ ਗਏ ਹਨ; 'ਅਭਰਣ'—ਜਿਸ ਨੂੰ ਕਿਸੇ ਪਾਸੋਂ 'ਪਰਵਰਿਸ਼' ਦੀ ਲੋੜ ਨਹੀਂ :

**ਅਜਨਮ ਹੈਂ॥ ਅਬਰਨ ਹੈਂ॥ ਅਭੂਤ ਹੈਂ॥ ਅਭਰਨ ਹੈਂ॥**

—ਛੰਦ ਨੰ: ੨੪

(ਅ) ਲਫ਼ਜ਼ 'ਅਭਰਨ' ਅਤੇ 'ਆਭਰਨ' ਵਿਚ ਫ਼ਰਕ ਸਿਰਫ਼ 'ਅ' ਅਤੇ 'ਆ' ਦਾ ਹੈ, ਪਰ ਅਰਥ ਵਿਚ ਕੋਈ ਸਾਂਝ ਨਹੀਂ ਹੈ। 'ਆਭਰਨ' ਸੰਸਕ੍ਰਿਤ ਦਾ ਲਫ਼ਜ਼ 'ਆਭਰਣ' ਹੈ, ਇਸ ਦਾ ਅਰਥ ਹੈ 'ਗਹਿਣਾ'। ਇਹ ਲਫ਼ਜ਼ 'ਆਭਰਨ', 'ਜਾਪੁ ਸਾਹਿਬ' ਵਿਚ ਦੋ ਵਾਰੀ ਆਇਆ ਹੈ, ਇਕ ਥਾਂ ਤਿੰਨਾਂ ਲਫ਼ਜ਼ਾਂ ਦੇ 'ਸਮਾਸ' (Compound) ਵਿਚ ਅਤੇ ਇਕ ਥਾਂ ਵੱਖਰਾ, ਪਰ ਏਥੇ 'ਆਭਰਨ' ਦੇ ਥਾਂ 'ਅਭਰਨ' ਹੀ ਛੰਦ ਦੀ ਚਾਲ ਅਨੁਸਾਰ ਵਰਤਿਆ ਹੈ :

(੧) **ਸਰਬਾ ਭਰਣਾਢਯ॥ ਅਨਡੰਡ ਬਾਢਯ॥** —ਛੰਦ ਨੰ: ੯੩

(੨) **ਕਿ ਆਸ਼ੋਕ ਬਰਨੈ॥ ਕਿ ਸਰਬਾ ਅਭਰਨੈ॥** —ਛੰਦ ਨੰ: ੧੦੫

*ਨੋਟ*—ਲਫ਼ਜ਼ 'ਆਭਰਨ' ਦੇ 'ਅ' ਦੇ ਛੰਦ ੧੦੫ ਵਿਚ 'ਅ' ਵਰਤੇ ਜਾਣ ਵਰਗੀਆਂ ਹੋਰ ਭੀ ਕਈ ਮਿਸਾਲਾਂ ਮਿਲਦੀਆਂ ਹਨ, ਜਿਥੇ ਛੰਦ ਦੀ ਚਾਲ ਨੂੰ ਠੀਕ ਰੱਖਣ ਵਾਸਤੇ 'ਅ' ਦੇ ਥਾਂ 'ਆ' ਵਰਤਿਆ ਗਿਆ ਹੈ, ਜਿਵੇਂ :

(ੳ) ਕਿ ਆਸ਼ੋਕ ਬਰਨੈ—'ਅਸ਼ੋਕ' ਦੇ ਥਾਂ ਆਸ਼ੋਕ (ਛੰਦ ੧੦੫)।

(ਅ) ਕਿ ਆਛਿੱਜ ਦੇਸੈ—'ਅਛਿੱਜ' ਦੇ ਥਾਂ 'ਆਛਿੱਜ' (ਛੰਦ ੧੦੩)।

(ੲ) ਕਿ ਆਭਿੱਜ ਭੇਸੈ—'ਅਭਿੱਜ' ਦੇ ਥਾਂ 'ਆਭਿੱਜ' (ਛੰਦ ੧੦੩)।

(ਸ) ਕਿ ਆਗੰਜ ਕਰਮੈ—'ਅਗੰਜ' ਦੇ ਥਾਂ 'ਆਗੰਜ' (ਛੰਦ ੧੦੩)।

(ਹ) ਆਡੀਠ ਧਰਮੈ—'ਅਡੀਠ' ਦੇ ਥਾਂ 'ਆਡੀਠ' (ਛੰਦ ੧੭੦)।

(੪) **ਅਭੇਦ**—ਸੰਸਕ੍ਰਿਤ ਦੇ ਸ਼ਬਦ 'ਭੇਦ' ਦਾ ਵਿਰੋਧੀ ਭਾਵ ਲੈਣ ਵਾਸਤੇ ਇਸ ਨਾਲ 'ਅ' ਵਰਤਿਆ ਗਿਆ ਹੈ। ਲਫ਼ਜ਼ 'ਭੇਦ' ਦੇ ਅਠਾਰ੍ਹਾਂ ਦੇ ਕਰੀਬ ਅਰਥ ਹਨ। 'ਜਾਪੁ' ਸਾਹਿਬ ਵਿਚ ਇਹ ਲਫ਼ਜ਼ ਸਿਰਫ਼ ਦੋ ਵਾਰੀ ਆਇਆ ਹੈ, ਪ੍ਰਕਰਣ ਅਨੁਸਾਰ ਦੋਹੀਂ ਥਾਈਂ ਵੱਖੋ ਵੱਖਰੇ ਅਰਥ ਹਨ :

(ੳ) ਭੇਦ—ਚੋਟ, ਜ਼ਖ਼ਮ, ਸੱਟ, ਤੋੜਨਾ। ਅਭੇਦ—ਜਿਸ ਨੂੰ ਤੋੜਿਆ ਨਾ ਜਾ ਸਕੇ, ਜਿਸ ਉਤੇ ਚੋਟ ਨਾ ਲਗਾਈ ਜਾ ਸਕੇ।

**ਅਛੇਦੀ ਅਭੇਦੀ ਅਨਾਮੰ ਅਕਾਮੰ ॥** —*ਛੰਦ ਨੰ: ੬੧*

(ਅ) ਭੇਦ—(dualism) ਦ੍ਵੈਤ, ਪਰਮਾਤਮਾ ਦੇ ਨਾਲ ਕਿਸੇ ਹੋਰ ਭੀ ਹਸਤੀ ਦੀ ਬਰਾਬਰੀ ਤੇ ਹੋਂਦ ਦਾ ਯਕੀਨ। ਅਭੇਦ—ਉਹ ਜਿਸ ਦੇ ਟਾਕਰੇ ਤੇ ਹੋਰ ਕੋਈ ਹਸਤੀ ਨਹੀਂ, ਅਦ੍ਵੈ :

**ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥** —*ਛੰਦ ਨੰ: ੧੨੬*

(੫) ਧਰਮ—ਇਹ ਲਫ਼ਜ਼ 'ਜਾਪੁ' ਸਾਹਿਬ ਵਿਚ ੧੦ ਵਾਰੀ ਆਇਆ ਹੈ, ਸੰਸਕ੍ਰਿਤ ਵਿਚ ਇਸ ਦੇ ੨੦ ਤੋਂ ਵਧੀਕ ਅਰਥ ਹਨ। 'ਬਾਣੀ' ਵਿਚ ਭੀ ਪ੍ਰਕਰਣ ਅਨੁਸਾਰ ਵੱਖੋ ਵੱਖਰੇ ਹੀ ਅਰਥ ਹਨ।

(ੳ) ਪਵਿਤਰਤਾ, ਨੇਕੀ :

**(੧) ਧਰਮ-ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥** —*ਛੰਦ ਨੰ: ੮੪*

**(੨) ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ ॥** —*ਛੰਦ ਨੰ: ੧੦੫*

(ਅ) ਵਰਣ ਆਸ਼੍ਰਮਾਂ ਦੀਆਂ ਆਪੋ ਆਪਣੀਆਂ ਰਸਮਾਂ ਕਰਨ ਦਾ ਫ਼ਰਜ਼।

ਅਧਰਮ—ਉਹ ਜਿਸ ਨੂੰ ਮਿਲਣ ਲਈ ਵਰਣ ਆਸ਼੍ਰਮਾਂ ਦੀਆਂ ਰਸਮਾਂ ਕਰਨ ਦੀ ਲੋੜ ਨਹੀਂ :

**ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥** —*ਛੰਦ ਨੰ: ੫*

(ੲ) ਕਾਨੂੰਨ, ਨਿਯਮ :

**(੧) ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥** —*ਛੰਦ ਨੰ: ੭੪*

**(੨) ਅਖੱਲ ਧਰਮੰ ॥ ਅਲੱਖ ਕਰਮੰ ॥** —*ਛੰਦ ਨੰ: ੭੫*

(ਸ) ਫ਼ਰਜ਼ :

**(੧) ਸਰਬੰ ਕਰਮੰ ॥ ਸਰਬੰ ਧਰਮੰ ॥** —*ਛੰਦ ਨੰ: ੧੪੪*

ਸੁਧਰਮ—ਜੋ ਆਪਣੇ ਪਰਵਾਰ ਦੀ ਪਾਲਣਾ ਬੜੇ ਗਹੁ ਨਾਲ ਕਰੇ:

ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥ —ਛੰਦ ਨੰ: ੫੪

ਸੁਧਰਮ—(attentive to duties) ਫ਼ਰਜ਼-ਸ਼ਿਨਾਸ, ਫ਼ਰਜ਼ ਨੂੰ ਨਿਭਾਹੁਣ ਵਾਲਾ:

ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥ —ਛੰਦ ਨੰ: ੧੯੭

ਫ਼ਰਜ਼-ਸ਼ਿਨਾਸੀ:

ਆਲਿਸਜ ਕਰਮ ॥ ਆਦ੍ਰਿਸ਼ਜ ਧਰਮ ॥ —ਛੰਦ ਨੰ: ੯੩
ਆਡੀਠ ਧਰਮ ॥ ਅਤਿ ਢੀਠ ਕਰਮ ॥ —ਛੰਦ ਨੰ: ੧੭੦

(੬) ਭੋਗ—ਇਹ ਲਫ਼ਜ਼ ਕਈ ਰੂਪਾਂ ਵਿਚ ੧੨ ਵਾਰੀ 'ਜਾਪੁ' ਸਾਹਿਬ ਵਿਚ ਮਿਲਦਾ ਹੈ, ਪ੍ਰਕਰਣ ਅਨੁਸਾਰ ਇਸ ਦੇ ਦੋ ਅਰਥ ਮਿਲਦੇ ਹਨ:

(ੳ) ਭੋਗਣਾ, ਮਾਨਣਾ:

ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥ —ਛੰਦ ਨੰ: ੧੫
ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥ —ਛੰਦ ਨੰ: ੨੮
ਅਭੇਖੀ ਅਭਰਮੀ ਅਭੋਗੀ ਅਭੁਗਤੇ ॥ —ਛੰਦ ਨੰ. ੫੩
ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥ —ਛੰਦ ਨੰ: ੬੯
ਪ੍ਰਭੁਗਤ ਪ੍ਰਭਾ ਹੈਂ ॥ ਸੁਜੁਗਤ ਸੁਧਾ ਹੈਂ ॥ —ਛੰਦ ਨੰ: ੧੨੫
ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥ —ਛੰਦ ਨੰ: ੧੩੦
ਬਿਭੁਗਤ ਸਰੂਪ ਹੈਂ ॥ ਪ੍ਰਜੁਗਤ ਅਨੂਪ ਹੈਂ ॥ —ਛੰਦ ਨੰ: ੧੩੧
ਨਿਰੁਕਤ ਸਦਾ ਹੈਂ ॥ ਬਿਭੁਗਤ ਪ੍ਰਭਾ ਹੈਂ ॥ —ਛੰਦ ਨੰ: ੧੩੨

(ਅ) ਹਕੂਮਤ:

ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥ —ਛੰਦ ਨੰ: ੭੪
ਅਖੱਲ ਜੋਗੇ ॥ ਅਚੱਲ ਭੋਗੇ ॥ —ਛੰਦ ਨੰ: ੭੭
ਸਰਬੰ ਭੁਗਤਾ ॥ ਸਰਬੰ ਜੁਗਤਾ ॥ —ਛੰਦ ਨੰ: ੧੯੯
ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥

(੭) ਕਰਮ—ਇਹ ਲਫ਼ਜ਼ 'ਕਰਮ', 'ਅਕਰਮ' ਅਤੇ 'ਨ੍ਰਿਕਰਮ' ਰੂਪਾਂ

ਵਿਚ ੧੪ ਵਾਰੀ ਵਰਤਿਆ ਗਿਆ ਹੈ, ਪ੍ਰਕਰਣ ਅਨੁਸਾਰ ਵੱਖਰੇ ਵੱਖਰੇ ਅਰਥ ਹਨ। ਇਹਨਾਂ ਤੋਂ ਇਲਾਵਾ ਲਫ਼ਜ਼ 'ਕੁਕਰਮ' ਭੀ ਦੋ ਵਾਰੀ ਆਇਆ ਹੈ:

(ੳ) ਕੰਮ (action):

**ਕਰਮ ਨਾਮ ਬਰਨਤ ਸੁਮਤਿ ॥** —*ਛੰਦ ਨੰ: ੧*
**ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥** —*ਛੰਦ ਨੰ: ੭੪*
**ਅਖੱਲ ਧਰਮੰ ॥ ਅਲੱਖ ਕਰਮੰ ॥** —*ਛੰਦ ਨੰ: ੭੫*
**ਆਲਿਸਜ ਕਰਮ ॥ ਆਦ੍ਰਿਸ਼ਜ ਧਰਮ ॥** —*ਛੰਦ ਨੰ: ੯੩*
**ਸਰਬੰ ਕਰਮੰ ॥ ਸਰਬੰ ਧਰਮੰ ॥** —*ਛੰਦ ਨੰ: ੧੪੪*
**ਆਡੀਠ ਧਰਮ ॥ ਅਤਿ ਢੀਠ ਕਰਮ ॥** —*ਛੰਦ ਨੰ: ੧੭੦*

(ਅ) ਕੀਤੇ ਕਰਮ; ਜਿਨ੍ਹਾਂ ਅਨੁਸਾਰ ਜੀਵ ਜਨਮ ਮਰਨ ਦੇ ਚੱਕ੍ਰ ਵਿਚ ਆਉਂਦਾ ਹੈ:

**ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥** —*ਛੰਦ ਨੰ: ੧੦੦*

(ੲ) ਧਾਰਮਿਕ ਰਸਮਾਂ। ਅਕਰਮ—ਜਿਸ ਨੂੰ ਮਿਲਣ ਲਈ ਧਾਰਮਿਕ ਰਸਮਾਂ ਦੀ ਲੋੜ ਨਹੀਂ:

**ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥** —*ਛੰਦ ਨੰ: ੫*
**ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥** —*ਛੰਦ ਨੰ: ੧੦*
**ਅਕਰਮ ਹੈਂ ॥ ਅਭਰਮ ਹੈਂ ॥** —*ਛੰਦ ਨੰ: ੪੧*
**ਕਿ ਆਰੰਜ ਕਰਮੈ ॥ ਕਿ ਆਭੰਜ ਭਰਮੈ ॥** —*ਛੰਦ ਨੰ: ੧੦੩*
**ਅਭਰਮ ਹੈਂ ॥ ਅਕਰਮ ਹੈਂ ॥ ਅਨਾਦਿ ਹੈਂ ॥ ਜੁਗਾਦਿ ਹੈਂ ॥** —*ਛੰਦ ਨੰ: ੧੩੪*
**ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥** —*ਛੰਦ ਨੰ: ੧੯੬*

(ਸ) (ਫ਼ਾਰਸੀ ਲਫ਼ਜ਼)—ਬਖ਼ਸ਼ਸ਼:

**ਕਿ ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥** —*ਛੰਦ ਨੰ: ੧੧੦*

(ਦ) **ਬਰਨ**—ਇਹ ਸੰਸਕ੍ਰਿਤ ਦਾ ਲਫ਼ਜ਼ 'ਵਰਣ' ਹੈ, ਇਸ ਦੇ ੨੨ ਦੇ ਕਰੀਬ ਅਰਥ ਹਨ। 'ਜਾਪੁ' ਸਾਹਿਬ ਵਿਚ ਇਹ ੩ ਅਰਥਾਂ ਵਿਚ ਵਰਤਿਆ ਮਿਲਦਾ ਹੈ, ਇਹ ਅਰਥ ਪ੍ਰਕਰਣ ਅਨੁਸਾਰ ਲੈਣੇ ਹਨ:

(ੳ) ਰੰਗ :

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥** —ਛੰਦ ਨੰ: ੧
**ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥** —ਛੰਦ ਨੰ: ੨੩

(ਅ) ਜਾਤਿ :

**ਅਜਨਮ ਹੈਂ ॥ ਅਬਰਨ ਹੈਂ ॥ ਅਭੂਤ ਹੈਂ ॥ ਅਭਰਨ ਹੈਂ ॥** —ਛੰਦ ਨੰ: ੩੪

(ੲ) (form, figure, outward appearance) ਸਰੂਪ, ਹਸਤੀ :

**ਕਿ ਅਵਧੂਤ ਬਰਨੈ ॥ ਕਿ ਬਿਭੂਤਿ ਕਰਨੈ ॥** —ਛੰਦ ਨੰ: ੧੦੪
**ਕਿ ਆਸ਼ੋਕ ਬਰਨੈ ॥ ਕਿ ਸਰਬਾ ਅਭਰਨੈ ॥** —ਛੰਦ ਨੰ: ੧੦੫

(੯) **ਅਨਾਮ**—'ਵਿਉਤਪੱਤੀ' (derivation) ਦੇ ਧੁਰੇ ਤੋਂ ਇਸ ਲਫ਼ਜ਼ ਦੇ ਦੋ ਅਰਥ ਹੋ ਸਕਦੇ ਹਨ :

(ੳ) ਅ + ਨਾਮ, ਜਿਸ ਦਾ ਕੋਈ ਇਕ ਨਾਮ ਨਹੀਂ ਹੈ।

(ਅ) ਅਨ + ਆਮਯ (ਅਨਾਮਯ), 'ਅਨਾਮਯ' ਸੰਸਕ੍ਰਿਤ ਲਫ਼ਜ਼ ਹੈ। 'ਆਮਯ' ਦਾ ਅਰਥ ਹੈ 'ਰੋਗ'; 'ਅਨਾਮਯ'—ਜਿਸ ਨੂੰ ਕੋਈ ਰੋਗ ਨਹੀਂ।

ਪ੍ਰਕਰਣ ਅਨੁਸਾਰ ਛੰਦ ਨੰ: ੪ ਵਿਚ ਲਫ਼ਜ਼ 'ਅਨਾਮ' ਦਾ ਪਹਿਲਾ ਅਰਥ ਫੱਬਦਾ ਹੈ, ਭਾਵ, 'ਜਿਸ ਦਾ ਕੋਈ ਇੱਕ ਨਾਮ ਨਹੀਂ ਹੈ':

**ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥** —ਛੰਦ ਨੰ: ੪

ਪਰ ਛੰਦ ਨੰ: ੩੦ ਨੂੰ ਪੜ੍ਹਿਆਂ ਇਉਂ ਜਾਪਦਾ ਹੈ ਕਿ ਏਥੇ ਲਫ਼ਜ਼ 'ਅਨਾਮ' ਦਾ ਦੂਜਾ ਅਰਥ ਲਗਾਣਾ ਚਾਹੀਦਾ ਹੈ :

**ਅਲੇਖ ਹੈਂ ॥ ਅਭੇਖ ਹੈਂ ॥ ਅਨਾਮ ਹੈਂ ॥ ਅਕਾਮ ਹੈਂ ॥** —ਛੰਦ ਨੰ: ੩੦

ਭਾਵ, 'ਪ੍ਰਭੂ ਨੂੰ ਨਾ ਕੋਈ ਰੋਗ ਹੈ ਨਾ ਕੋਈ ਕਾਮਨਾ ਪੋਹ ਸਕਦੀ ਹੈ'। ਸੋ ਕਈ ਸੱਜਣ ਲਫ਼ਜ਼ 'ਅਨਾਮ' ਦਾ ਇਹ ਦੂਜਾ ਅਰਥ ਭੀ ਵਰਤਦੇ ਹਨ। ਪਰ ਰਤਾ ਹੋਰ ਪੜਤਾਲ ਕੀਤਿਆਂ ਇਹ ਅਰਥ ਛੱਡਣਾ ਹੀ ਪੈਂਦਾ ਹੈ; ਛੰਦ ਨੰ: ੧੧ ਨੂੰ ਪੜ੍ਹੋ :

**ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥**

ਜਿਵੇਂ ਲਫ਼ਜ਼ 'ਕਾਮ' ਤੋਂ ਵਿਰੋਧੀ ਅਰਥ ਦੱਸਣ ਵਾਸਤੇ ਲਫ਼ਜ਼ 'ਅਕਾਮ' ਅਤੇ 'ਨ੍ਰਿਕਾਮ' ਵਰਤੇ ਗਏ ਹਨ, ਤਿਵੇਂ ਹੀ 'ਅਨਾਮ' ਅਤੇ 'ਨ੍ਰਿਨਾਮ' ਭੀ ਲਫ਼ਜ਼ 'ਨਾਮ' ਤੋਂ ਹੀ ਲਏ ਗਏ ਹਨ, ਲਫ਼ਜ਼ 'ਅਨਾਮ' ਦਾ ਸੰਬੰਧ 'ਆਮਯ' (=ਰੋਗ) ਨਾਲ ਨਹੀਂ ਹੈ।

ਸੋ, 'ਜਾਪੁ' ਸਾਹਿਬ ਵਿਚ 'ਅਨਾਮ' ਦਾ ਅਰਥ ਇਹੀ ਕਰਨਾ ਹੈ 'ਜਿਸ ਦਾ ਕੋਈ ਇੱਕ ਨਾਮ ਨਹੀਂ'।

(੧੦) **ਅਜਾਤ**—ਪੰਜਾਬੀ ਬੋਲੀ ਦਾ ਮੁੱਢ 'ਸੰਸਕ੍ਰਿਤ' ਹੈ, ਜਿਸ ਵਿਚ ਕਈ ਲਫ਼ਜ਼ ਐਸੇ ਹਨ, ਜਿਨ੍ਹਾਂ ਵਿਚ ਸਿਰਫ਼ ਇਕ ਦੋ ਲਗਾਂ-ਮਾਤ੍ਰਾਂ ਦਾ ਹੀ ਫ਼ਰਕ ਹੁੰਦਾ ਹੈ; ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੀ ਇਹਨਾਂ ਲਫ਼ਜ਼ਾਂ ਦੇ ਜੋੜ ਆਮ ਤੌਰ ਤੇ ਸੰਸਕ੍ਰਿਤ ਨਾਲ ਮਿਲਵੇਂ ਹੀ ਦਿੱਤੇ ਹੋਏ ਹਨ, ਜਿਵੇਂ:

(ੳ) ਕੋਟਿ, ਕੋਟੁ, ਕੋਟ:

ਕੋਟਿ—ਕਰੋੜ। ਕੋਟੁ—ਕਿਲ੍ਹਾ। ਕੋਟ—ਕਿਲ੍ਹੇ।

(ਅ) ਵਿਚਿ, ਵਿਚੁ:

ਵਿਚਿ—ਅੰਦਰ। ਵਿਚੁ—ਵਿਚੋਲਾਪਨ

(ਵਧੀਕ ਵਿਸਥਾਰ ਲਈ ਵੇਖੋ *ਗੁਰਬਾਣੀ ਵਿਆਕਰਣ*)

ਪਰ ਨਵੀਂ ਪੰਜਾਬੀ ਵਿਚ ਇਹਨਾਂ ਜੋੜਾਂ ਨੂੰ ਵਿਸਾਰ ਕੇ ਕਾਫ਼ੀ ਗੜਬੜ ਪਾਈ ਜਾ ਰਹੀ ਹੈ।

'ਜਾਪੁ' ਸਾਹਿਬ ਵਿਚ ਭੀ ਛੰਦ ਨੰ: ੧੪੧ ਵਿਚ ਲਫ਼ਜ਼ 'ਅਜਾਤ' ਐਸਾ ਹੈ ਜਿਸ ਦੇ ਜੋੜ ਉਤੇ ਸ਼ੱਕ ਪੈ ਸਕਦਾ ਹੈ। ਲਫ਼ਜ਼ 'ਅਜਾਤ' ਅਤੇ 'ਅਜਾਤਿ' ਵਿਚ ਫ਼ਰਕ ਸਿਰਫ਼ ' ਿ' ਦਾ ਹੈ; ਪਰ ਇਹਨਾਂ ਦੇ ਅਰਥ ਇਹਨਾਂ ਨੂੰ ਆਪੋ ਵਿਚੋਂ ਬਹੁਤ ਦੁਰੇਡੇ ਲੈ ਜਾਂਦੇ ਹਨ:

(ੳ) ਅਜਾਤ—ਅ+ ਜਾਤ, ਜੋ ਜੰਮਿਆ ਨਹੀਂ।

(ਅ) ਅਜਾਤਿ—ਅ+ ਜਾਤਿ, ਜਿਸ ਦੀ ਕੋਈ ਖ਼ਾਸ ਜਾਤਿ ਨਹੀਂ।

ਲਫ਼ਜ਼ ਅਜਾਤਿ (' ਿ' ਵਾਲਾ) ਛੰਦ ਨੰ: ੧੭ ਵਿਚ ਲਫ਼ਜ਼ 'ਅਪਾਤਿ' ਦੇ ਨਾਲ ਆਇਆ ਹੈ, ਜਿਵੇਂ ਹੋਰ ਭੀ ਕਈ ਵਾਰੀ 'ਜਾਤਿ' ਅਤੇ 'ਪਾਤਿ'

ਇਕੱਠੇ ਵਰਤੇ ਗਏ ਹਨ। ਪਰ ਛੰਦ ਨੰ: ੧੪੧ ਵਿਚ ਦਾ ਲਫ਼ਜ਼ 'ਅਜਾਤ' ਜੋ ਲਫ਼ਜ਼ 'ਅਜਾਦਿ' (ਅਜ + ਆਦਿ) ਨਾਲ ਵਰਤਿਆ ਗਿਆ ਹੈ, ਸ਼ਬਦ 'ਅਜਾਤਿ' ਨਾਲੋਂ ਵੱਖਰਾ ਹੈ ਤੇ ਇਸ ਦਾ ਅਰਥ ਹੈ 'ਜੋ ਜੰਮਿਆ ਨਹੀਂ ਹੈ'।

## 'ਜਾਪੁ' ਸਾਹਿਬ ਵਿਚ ਅਰਬੀ ਤੇ ਫ਼ਾਰਸੀ

ਸੰਸਕ੍ਰਿਤ ਲਫ਼ਜ਼ਾਂ ਤੋਂ ਇਲਾਵਾ ਇਸ ਬਾਣੀ ਵਿਚ ਫ਼ਾਰਸੀ ਤੇ ਅਰਬੀ ਲਫ਼ਜ਼ ਵੀ ਹਨ। ਇਹਨਾਂ ਲਫ਼ਜ਼ਾਂ ਬਾਰੇ ਤਾਂ ਉਹੋ ਜਿਹੀ ਕੋਈ ਗੁੰਝਲ ਨਹੀਂ ਜੋ ਸੰਸਕ੍ਰਿਤ ਲਫ਼ਜ਼ਾਂ ਵਿਚ ਵੇਖ ਆਏ ਹਾਂ; ਪਰ ਏਥੇ ਭੀ ਅਰਬੀ ਬੋਲੀ ਦੇ ਵਿਆਕਰਣ ਦੇ ਸੰਬੰਧ ਵਿਚ ਇਕ ਔਕੜ ਹੈ, ਜੋ ਠੀਕ ਤਰ੍ਹਾਂ ਸਮਝ ਲੈਣੀ ਜ਼ਰੂਰੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਕਈ ਐਸੀਆਂ ਅਨੋਖੀਆਂ ਗੱਲਾਂ ਆਉਂਦੀਆਂ ਹਨ, ਜਿਨ੍ਹਾਂ ਨੂੰ ਸਮਝਣ ਵਾਸਤੇ ਜੇ ਉਹਨਾਂ ਦੀ 'ਬਾਣੀ' ਤੋਂ ਕੋਈ ਬਾਹਰਲੀ ਕਸਵੱਟੀ ਵਰਤੀ ਜਾਏ ਤਾਂ ਗ਼ਲਤੀ ਖਾ ਜਾਈਦੀ ਹੈ। 'ਅਰਦਾਸਿ' ਵਿਚ ਵਰਤੇ ਹੋਏ ਲਫ਼ਜ਼ 'ਭਗੌਤੀ' ਬਾਰੇ ਬਹੁਤ ਸੱਜਣ ਟਪਲਾ ਖਾ ਜਾਂਦੇ ਹਨ, ਕਈ ਤਾਂ ਇਸ ਨੂੰ 'ਦੇਵੀ-ਵਾਚਕ' ਸਮਝ ਕੇ ਇਸ ਨੂੰ 'ਬਾਣੀ' ਵਿਚੋਂ ਕੱਢਣ ਦਾ ਹੀ ਜਤਨ ਕਰਨ ਲੱਗ ਪੈਂਦੇ ਹਨ, ਤੇ ਕਈ ਸੱਜਣ ਇਸ ਨੂੰ 'ਤਲਵਾਰ' ਦਾ ਅਰਥ ਦੇ ਕੇ ਇਹ ਕਹਿਣ ਲੱਗ ਪੈਂਦੇ ਹਨ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤ੍ਰ-ਪੂਜਾ ਸ਼ੁਰੂ ਕਰਾ ਦਿੱਤੀ। 'ਬਚਿੱਤ੍ਰ ਨਾਟਕ' ਵਿਚ ਲਫ਼ਜ਼ 'ਕਾਲਕਾ' ਵਰਤਿਆ ਮਿਲਦਾ ਹੈ; ਇਸ ਨੂੰ ਪੜ੍ਹ ਕੇ ਕਈ ਸੱਜਣ ਤਾਂ ਇਹ ਮੰਨ ਰਹੇ ਹਨ ਕਿ ਸਤਿਗੁਰੂ ਜੀ ਨੇ 'ਦੁਰਗਾ' ਦੀ ਪੂਜਾ ਕੀਤੀ ਹੈ, ਕਈ ਇਹ ਕਹਿ ਰਹੇ ਹਨ ਕਿ ਇਹ ਬਾਣੀ ਸਤਿਗੁਰੂ ਜੀ ਦੀ ਆਪਣੀ ਨਹੀਂ ਹੈ। ਭਾਈ ਗੁਰਦਾਸ ਜੀ (ਦੂਜੇ) ਦੀ 'ਵਾਰ' ਵਿਚ ਇਸ ਲਫ਼ਜ਼ 'ਕਾਲਕਾ' ਬਾਰੇ ਇਕ ਤੁਕ ਇਉਂ ਹੈ:

**ਗੁਰਿ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ॥**

ਪਰ ਲਫ਼ਜ਼ 'ਕਾਲਕਾ' ਨੂੰ ਸਹੀ ਤਰੀਕੇ ਨਾਲ ਨਾ ਸਮਝਣ ਕਰਕੇ ਕਈ ਸੱਜਣ ਇਸ ਦਾ ਪਾਠ ਇਉਂ ਕਰਦੇ ਸੁਣੀਦੇ ਹਨ:

**ਗੁਰ ਸਿਮਰਿ ਮਨਾਇਓ ਕਾਲ ਕੋ ਖੰਡੇ ਕੀ ਵੇਲਾ॥**

ਇਹਨਾਂ ਭੁਲੇਖਿਆਂ ਦਾ ਅਸਲ ਕਾਰਨ ਇਹ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਵਰਤੇ ਹੋਏ ਇਹੋ ਜਹੇ ਲਫ਼ਜ਼ਾਂ ਨੂੰ ਸਮਝਣ ਵਾਸਤੇ ਅਸੀ ਬਾਹਰੋਂ ਕੋਈ ਹੋਰ ਕਸਵੱਟੀ ਵਰਤਦੇ ਹਾਂ। ਪਰ ਅਸਲ ਵਿਚ ਉਹਨਾਂ ਦੇ ਭਾਵਾਂ ਨੂੰ ਸਮਝਣ ਦਾ ਸਹੀ ਤਰੀਕਾ ਇਹ ਹੈ ਕਿ ਉਹਨਾਂ ਦੀ ਆਪਣੀ ਹੀ ਬਾਣੀ ਵਿਚ ਹੋਰ ਹੋਰ ਥਾਂ ਵਰਤੇ ਹੋਏ ਇਹਨਾਂ ਲਫ਼ਜ਼ਾਂ ਨੂੰ ਪੜ੍ਹੀਏ ਤੇ ਫਿਰ ਵੇਖੀਏ ਕਿ ਉਹ ਆਪ ਇਹਨਾਂ ਲਫ਼ਜ਼ਾਂ ਨੂੰ ਕਿਸ ਅਰਥ ਵਿਚ ਵਰਤਦੇ ਹਨ। ਉੱਚ-ਕੋਟੀ ਦੇ ਕਵੀ ਤੇ ਵਿਦਵਾਨ ਲਿਖਾਰੀ ਸਿਰਫ਼ ਪਹਿਲੀ ਮੌਜੂਦ 'ਬੋਲੀ' ਨੂੰ ਹੀ ਸੁੰਦਰ ਤਰੀਕੇ ਨਾਲ ਨਹੀਂ ਵਰਤਦੇ, ਸਗੋਂ 'ਬੋਲੀ' ਵਿਚ ਹੋਰ ਨਵੇਂ ਲਫ਼ਜ਼ ਤੇ ਖ਼ਿਆਲ ਲਿਆ ਭਰਦੇ ਹਨ, ਤੇ ਕਈ ਮਰ ਚੁਕੇ ਲਫ਼ਜ਼ਾਂ ਨੂੰ ਨਵੀਂ ਜਿੰਦ ਪਾ ਕੇ ਨਵੇਂ ਰੂਪ ਤੇ ਨਵੇਂ ਅਰਥ ਵਿਚ ਵਰਤਦੇ ਹਨ।

ਅਰਬੀ ਬੋਲੀ ਦੇ ਵਿਆਕਰਣ ਵਿਚ 'ਦਾ, ਦੇ, ਦੀ' ਦਾ ਭਾਵ ਪਰਗਟ ਕਰਨ ਲਈ 'ਅਲਫ਼ ਲਾਮ' ਵਰਤਿਆ ਜਾਂਦਾ ਹੈ, ਜਿਵੇਂ—'ਸਬੱਬੁਲ ਅਸਬਾਬ'। ਜਦੋਂ ਅਸੀ ਇਸਦਾ ਅਰਥ ਪੰਜਾਬੀ ਵਿਚ ਕਰਾਂਗੇ ਤਾਂ ਪਿਛੋਂ ਵਰਤੇ ਲਫ਼ਜ਼ ਨੂੰ ਪਹਿਲਾਂ ਲਵਾਂਗੇ ਤੇ ਪਹਿਲੇ ਨੂੰ ਪਿਛੋਂ। ਸਬੱਬ ਉਲ ਅਸਬਾਬ—ਅਸਬਾਬ ਦਾ ਸਬੱਬ, ਸਬੱਬਾਂ ਦਾ ਸਬੱਬ। ਏਸੇ ਤਰ੍ਹਾਂ 'ਤਜ਼ਕਰਾਤੁਲ ਔਲੀਆ'—ਔਲੀਆਵਾਂ ਦੇ ਤਜ਼ਕਰੇ, ਵਲੀ ਲੋਕਾਂ ਦੀਆਂ ਕਹਾਣੀਆਂ।

ਇਹ 'ਅਲਫ਼ ਲਾਮ' ਜਾਪੁ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਵਰਤਿਆ ਹੈ। ਪਰ ਨਾ ਤਾਂ ਇਸ ਦਾ ਅਰਥ ਸਿਰਫ਼ 'ਦਾ, ਦੇ, ਦੀ' ਰਹਿਣ ਦਿੱਤਾ ਹੈ ਅਤੇ ਨਾ ਹੀ ਇਸ ਦੇ ਅਗਲੇ ਪਿਛਲੇ ਲਫ਼ਜ਼ਾਂ ਦੀ ਉਹ ਤਰਤੀਬ ਹੀ ਰੱਖੀ ਹੈ, ਜੋ ਅਰਬੀ ਵਿਚ ਹੈ। ਇਕ ਹੋਰ ਸੁਆਦਲੀ ਗੱਲ ਭੀ ਹੈ, ਅਰਬੀ ਦੀ ਇਹ ਇਜ਼ਾਫ਼ਤ 'ਅਲਫ਼ ਲਾਮ' ਸਤਿਗੁਰੂ ਜੀ ਨੇ ਸਿਰਫ਼ ਫ਼ਾਰਸੀ ਲਫ਼ਜ਼ਾਂ ਨਾਲ ਨਹੀਂ ਵਰਤੀ, ਸੰਸਕ੍ਰਿਤ ਦੇ ਲਫ਼ਜ਼ਾਂ ਨਾਲ ਭੀ ਵਰਤ ਦਿੱਤੀ ਹੈ, ਅਤੇ ਸੰਸਕ੍ਰਿਤ ਦੇ ਫ਼ਾਰਸੀ ਜਾਂ ਅਰਬੀ ਦੇ ਮਿਲਵੇਂ ਲਫ਼ਜ਼ਾਂ ਨਾਲ ਭੀ ਵਰਤੀ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਉਹਨਾਂ ਨੂੰ ਇਸ ਦੀ ਸਹੀ ਵਰਤੋਂ ਦਾ ਪਤਾ ਨਹੀਂ ਸੀ, ਜ਼ਫ਼ਰਨਾਮੇ ਵਿਚ ਲਫ਼ਜ਼ 'ਨਬੀਉਲ ਕਿਤਾਬ' ਤੋਂ ਪਤਾ ਲੱਗਦਾ ਹੈ ਕਿ ਉਹ ਅਰਬੀ ਜ਼ਬਾਨ ਵਿਚ ਇਸ ਦੀ ਠੀਕ ਵਰਤੋਂ ਜਾਣਦੇ ਸਨ, ਪਰ ਫ਼ਾਰਸੀ ਅਰਬੀ ਲਫ਼ਜ਼ਾਂ ਨੂੰ ਪੰਜਾਬੀ ਵਿਚ ਵਰਤਣ ਵੇਲੇ ਇਜ਼ਾਫ਼ਤ 'ਅਲਫ਼ ਲਾਮ' ਨੂੰ ਉਹਨਾਂ ਆਪਣੇ ਤਰੀਕੇ ਨਾਲ ਵਰਤਿਆ ਹੈ। ਸੋ, ਜਿਵੇਂ ਅਸੀਂ ਇਹ ਵੇਖ ਆਏ ਹਾਂ ਕਿ ਲਫ਼ਜ਼ 'ਕਾਲਕਾ' ਦੀ ਸਹੀ ਵਰਤੋਂ ਸਮਝਣ ਵੇਲੇ ਅਸਾਂ

'ਸੰਸਕ੍ਰਿਤ ਕੋਸ਼' ਦੀ ਸਹਾਇਤਾ ਨਹੀਂ ਲੈਣੀ, ਸਗੋਂ ਸਤਿਗੁਰੂ ਜੀ ਦੀ ਆਪਣੀ 'ਬਾਣੀ' ਵੇਖਣੀ ਹੈ, ਏਸੇ ਤਰ੍ਹਾਂ ਇਸ ਇਜ਼ਾਫ਼ਤ 'ਅਲਫ਼ ਲਾਮ' ਦੀ ਵਰਤੋਂ ਭੀ ਉਹਨਾਂ ਦੀ ਆਪਣੀ ਬਾਣੀ ਵਿਚੋਂ ਸਮਝਣੀ ਹੈ।

ਇਜ਼ਾਫ਼ਤ 'ਅਲਫ਼ ਲਾਮ' ਜਾਪੁ ਸਾਹਿਬ ਵਿਚ ੪੯ ਵਾਰੀ ਵਰਤੀ ਗਈ ਹੈ। ਹੇਠ-ਲਿਖੇ ੨੦ ਛੰਦਾਂ ਵਿਚ—੫੮, ੧੦੮, ੧੦੯, ੧੨੧, ੧੨੨, ੧੨੩, ੧੨੪, ੧੨੭, ੧੩੦, ੧੫੦, ੧੫੧, ੧੫੨, ੧੫੩, ੧੫੪, ੧੫੫, ੧੫੬, ੧੫੭, ੧੫੮, ੧੯੭, ੧੯੮।

ਇਹਨਾਂ ਦਾ ਵੇਰਵਾ ਇਉਂ ਹੈ:

(੧) ਨਿਰੋਲ ਫ਼ਾਰਸੀ ਅਰਬੀ ਲਫ਼ਜ਼ਾਂ ਦੇ ਨਾਲ—੨੬ ਵਾਰੀ।

(੨) ਨਿਰੋਲ ਸੰਸਕ੍ਰਿਤ ਲਫ਼ਜ਼ਾਂ ਦੇ ਨਾਲ—੧੪ ਵਾਰੀ।

(੩) ਮਿਲਵੇਂ ਅਰਬੀ ਤੇ ਸੰਸਕ੍ਰਿਤ ਲਫ਼ਜ਼ਾਂ ਦੇ ਨਾਲ—੯ ਵਾਰੀ।

ਨਿਰੋਲ ਸੰਸਕ੍ਰਿਤ ਲਫ਼ਜ਼ਾਂ ਦੇ ਨਾਲ:

ਨੰ: ੫੮—ਸਮਸਤੁਲ ਨਿਵਾਸੀ।
੧੨੪—ਅਨੇਕੁਲ ਤਰੰਗ ਹੈਂ।
੧੨੭—ਸਦੈਵੁਲ ਅਕਾਮ ਹੈਂ।
੧੩੦—ਪ੍ਰਿਥੀਉਲ ਪ੍ਰਵਾਸਿ ਹੈਂ।
੧੫੪—ਸਮਸਤੁਲ ਨਿਵਾਸ ਹੈਂ।
੧੫੬—ਕਿ ਸਰਬੁਲ ਗਵੰਨ ਹੈਂ।
੧੫੭—ਸਮਸਤੁਲ ਅਦੀਸ ਹੈਂ।
ਅਦੇਸੁਲ ਅਲੇਖ ਹੈਂ।
੧੯੭—ਨਮਸਤੁਲ ਪ੍ਰਣਾਮੇ।
ਸਮਸਤੁਲ ਪ੍ਰਣਾਸੇ।
ਅਗੰਜੁਲ ਅਨਾਮੇ।
ਸਮਸਤੁਲ ਨਿਵਾਸੇ।
ਸਮਸਤੁਲ ਸਰੂਪੇ।
੧੯੮—ਸਮਸਤੁਲ ਨਿਵਾਸੀ।

ਅਰਬੀ-ਸੰਸਕ੍ਰਿਤ ਦੇ ਮਿਲਵੇਂ ਲਫ਼ਜ਼ਾਂ ਨਾਲ :

੧੨੩—ਰੁਜੂਉਲ ਨਿਧਾਨੈ।

੧੨੭—ਸਮਸਤੁਲ ਸਲਾਮ ਹੈਂ।

੧੫੦—ਸਮਸਤੁਲ ਕਲਾਮ ਹੈਂ।

੧੫੪—ਅਗੰਜੁਲ ਗ਼ਨੀਮ ਹੈਂ।

੧੫੫—ਸਮਸਤੁਲ ਜ਼ੁਬਾਂ ਹੈਂ।

ਬਹਿਸ਼ਤੁਲ ਨਿਵਾਸ ਹੈਂ।

੧੫੬—ਹਮੇਸੁਲ ਰਵੰਨ ਹੈਂ।

ਸਮਸਤੁਲ ਅਜ਼ੀਜ਼ ਹੈਂ।

੧੫੭—ਹਮੇਸੁਲ ਅਭੇਖ ਹੈਂ।

# 'ਜਾਪੁ' ਸਾਹਿਬ ਦੇ ਬੰਦਾਂ ਦੀ ਗਿਣਤੀ

ਇਸ ਬਾਣੀ ਵਿਚ ਕੁਲ ੧੦ ਕਿਸਮ ਦੇ ਛੰਦ ਹਨ, ਜਿਨ੍ਹਾਂ ਦਾ ਵੇਰਵਾ ਇਹ ਹੈ:

ਛਪੈ, ਭੁਜੰਗ ਪ੍ਰਯਾਤ, ਚਾਚਰੀ, ਚਰਪਟ, ਰੂਆਲ, ਮਧੁਭਾਰ, ਭਗਵਤੀ, ਰਸਾਵਲ, ਹਰਿਬੋਲਮਨਾ, ਏਕ-ਅੱਛਰੀ।

'ਛੰਦ' ਕਵਿਤਾ ਦੀ ਚਾਲ ਜਾਂ ਕਿਸਮ ਨੂੰ ਆਖਦੇ ਹਨ; ਸੋ, 'ਜਾਪੁ' ਸਾਹਿਬ ਵਿਚ ੧੦ ਕਿਸਮਾਂ ਦੀ ਕਵਿਤਾ ਹੈ। ਕਈ 'ਛੰਦ' ਇਕ ਤੋਂ ਵਧੀਕ ਵਾਰੀ ਵਰਤੇ ਗਏ ਹਨ; ਜਿਵੇਂ:

ਭੁਜੰਗ ਪ੍ਰਯਾਤ—੬ ਵਾਰੀ।
ਚਾਚਰੀ—੫ ਵਾਰੀ।
ਚਰਪਟ—੨ ਵਾਰੀ।
ਮਧੁਭਾਰ—੨ ਵਾਰੀ।
ਭਗਵਤੀ—੨ ਵਾਰੀ।

ਬਾਕੀ ਦੇ ਪੰਜ ਛੰਦ ਇਕ ਇਕ ਵਾਰੀ। ਕੁਲ ਜੋੜ=੨੨।

ਛੰਦਾਂ ਅਨੁਸਾਰ ਬਾਣੀ ਦੇ ਬੰਦਾਂ ਦਾ ਵੇਰਵਾ:

| | |
|---|---|
| (੧) ਛਪੈ ਛੰਦ—(ਚੱਕ੍ਰ ਚਿਹਨ) ੧— | ੧ ਬੰਦ |
| (੨) ਭੁਜੰਗ ਪ੍ਰਯਾਤ—(ਨਮਸਤ੍ਵੰ ਅਕਾਲੇ) ੨ ਤੋਂ ੨੮— | ੨੭ ,, |
| (੩) ਚਾਚਰੀ ਛੰਦ—(ਅਰੂਪ ਹੈਂ) ੨੯ ਤੋਂ ੪੩— | ੧੫ ,, |
| (੪) ਭੁਜੰਗ ਪ੍ਰਯਾਤ—(ਨਮੋ ਸਰਬ ਮਾਨੇ) ੪੪ ਤੋਂ ੬੧— | ੧੮ ,, |
| (੫) ਚਾਚਰੀ—(ਜਲੇ ਹੈਂ) ੬੨ ਤੇ ੬੩— | ੨ ,, |
| (੬) ਭੁਜੰਗ ਪ੍ਰਯਾਤ—(ਅਗਾਧੇ ਅਬਾਧੇ) ੬੪ ਤੋਂ ੭੩— | ੧੦ ,, |
| (੭) ਚਰਪਟ—(ਅੰਮ੍ਰਿਤ ਕਰਮੇ) ੭੪ ਤੋਂ ੭੮— | ੫ ,, |

| | |
|---|---|
| (੮) ਰੂਆਲ—(ਆਦਿ ਰੂਪ) ੭੯ ਤੋਂ ੮੬— | ੮ ਬੰਦ |
| (੯) ਮਧੁਭਾਰ—(ਗੁਣ ਗਣ ਉਦਾਰ) ੮੭ ਤੋਂ ੯੩— | ੭ ,, |
| (੧੦) ਚਾਚਰੀ—(ਗੋਬਿੰਦੇ) ੯੪ ਤੋਂ ੯੫— | ੨ ,, |
| (੧੧) ਭੁਜੰਗ ਪ੍ਰਯਾਤ—(ਚੱਤ੍ਰ ਚੱਕ੍ਰ ਕਰਤਾ) ੯੬ ਤੋਂ ੯੮— | ੩ ,, |
| (੧੨) ਚਾਚਰੀ—(ਨ ਸੱਤ੍ਰੈ) ੯੯ ਤੋਂ ੧੦੨— | ੪ ,, |
| (੧੩) ਭਗਵਤੀ—(ਕਿ ਆਛਿੱਜ ਦੇਸੈ) ੧੦੩ ਤੋਂ ੧੩੨— | ੩੦ ,, |
| (੧੪) ਚਾਚਰੀ—(ਅਭੰਗ ਹੈਂ) ੧੩੩ ਤੋਂ ੧੪੧— | ੯ ,, |
| (੧੫) ਚਰਪਟ—(ਸਰਬੰ ਹੰਤਾ) ੧੪੨ ਤੋਂ ੧੪੪— | ੩ ,, |
| (੧੬) ਰਸਾਵਲ—(ਨਮੋ ਨਰਕ ਨਾਸੇ) ੧੪੫ ਤੋਂ ੧੪੯— | ੫ ,, |
| (੧੭) ਭਗਵਤੀ—(ਕਿ ਜ਼ਾਹਰ ਜ਼ਹੂਰ ਹੈਂ) ੧੫੦ ਤੋਂ ੧੬੦— | ੧੧ ,, |
| (੧੮) ਮਧੁਭਾਰ—(ਮੁਨਿ ਮਨਿ ਪ੍ਰਣਾਮ) ੧੬੧ ਤੋਂ ੧੭੦— | ੧੦ ,, |
| (੧੯) ਹਰਿਬੋਲਮਨਾ—(ਕਰੁਣਾਲਯ ਹੈਂ) ੧੭੧ ਤੋਂ ੧੮੪— | ੧੪ ,, |
| (੨੦) ਭੁਜੰਗ ਪ੍ਰਯਾਤ—(ਨਮੋ ਸੂਰਜ ਸੂਰਜੇ) ੧੮੫ ਤੋਂ ੧੮੮— | ੪ ,, |
| (੨੧) ਏਕ ਅੱਛਰੀ—(ਅਜੈ) ੧੮੯ ਤੋਂ ੧੯੬— | ੮ ,, |
| (੨੨) ਭੁਜੰਗ ਪ੍ਰਯਾਤ—(ਨਮਸਤੁਲ ਪ੍ਰਣਾਮੇ) ੧੯੭ ਤੋਂ ੧੯੯— | ੩ ,, |
| ਕੁਲ ਜੋੜ | ੧੯੯ ਬੰਦ |

੧ੴ ਸਤਿਗੁਰਪ੍ਰਸਾਦਿ ॥
ਵਾਹਿਗੁਰੂ ਜੀ ਕੀ ਫ਼ਤਹ ॥

# ਜਾਪੁ

## ਸ੍ਰੀ ਮੁਖਵਾਕ ਪਾਤਿਸਾਹੀ ੧੦ ॥

***ਅਰਥ*** : ਪਾਤਿਸ਼ਾਹੀ ਦਸਵੀਂ ਜੀ ਦੇ ਪਵਿਤ੍ਰ ਮੁਖ ਦਾ ਵਾਕ।

*ਨੋਟ* : ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਲਾ ੧, ਮਹਲਾ ੨, ਮਹਲਾ ੩ ਆਦਿਕ ਪਦ ਵਰਤੇ ਗਏ ਹਨ, ਤਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਪਹਿਲਾਂ ਪਦ 'ਪਾਤਿਸਾਹੀ ੧੦' ਵਰਤਿਆ ਗਿਆ ਹੈ। ਜਿਵੇਂ 'ਮਹਲਾ ੩' ਦਾ ਭਾਵ ਇਹ ਹੈ ਕਿ ਇਸ ਅੱਗੇ ਜੋ ਬਾਣੀ ਲਿਖੀ ਗਈ ਹੈ, ਉਹ ਗੁਰੂ ਅਮਰਦਾਸ ਜੀ ਦੀ ਉਚਾਰੀ ਹੋਈ ਹੈ, ਤਿਵੇਂ 'ਪਾਤਿਸ਼ਾਹੀ ੧੦' ਦਾ ਭੀ ਭਾਵ ਇਹੀ ਹੈ ਕਿ ਇਸ ਤੋਂ ਅਗਾਂਹ ਜੋ ਬਾਣੀ ਦਰਜ ਕੀਤੀ ਗਈ ਹੈ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਹੈ। ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫ ਪਦਾਂ ਵਿਚ ਅੰਕ ੧, ੨, ੩, ੪, ੫ ਦਾ ਉਚਾਰਨ ਇਕ, ਦੋ, ਤਿੰਨ, ਚਾਰ, ਪੰਜ ਕਰਨਾ ਅਸ਼ੁੱਧ ਹੈ (ਵੇਖੋ, *ਗੁਰਬਾਣੀ ਵਿਆਕਰਣ*); ਸ਼ੁੱਧ ਪਾਠ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਹੈ। 'ਮਹਲਾ ਪਹਿਲਾ' ਉੱਚਾਰ ਕੇ ਇਹ ਪਰਗਟ ਕਰਨਾ ਹੈ ਕਿ ਜੋ ਬਾਣੀ ਇਸ ਦੇ ਨਾਲ ਪੜ੍ਹਨ ਲੱਗੇ ਹਾਂ, ਉਹ 'ਮਹਲੇ ਪਹਿਲੇ' ਦੀ ਹੈ, ਇਤਿਆਦਿਕ। ਏਸੇ ਤਰ੍ਹਾਂ ਪਾਤਿਸਾਹੀ '੧੦' ਵਿਚ ਅੰਕ '੧੦' ਦਾ ਪਾਠ 'ਦਸ' ਅਸ਼ੁੱਧ ਹੈ, 'ਦਸਵੀਂ' ਪਾਠ ਠੀਕ ਹੈ; ਇਸ ਦਾ ਭਾਵ ਇਹ ਹੈ ਕਿ ਜੋ ਬਾਣੀ ਹੁਣ ਪੜ੍ਹਨ ਲੱਗੇ ਹਾਂ, ਉਹ 'ਦਸਵੇਂ' ਪਾਤਿਸ਼ਾਹ ਜੀ ਦੀ ਹੈ।

'ਅਰਦਾਸ' ਦੇ ਪਹਿਲੇ ਸ਼ਬਦਾਂ ਵਲ ਭੀ ਹਰੇਕ ਸਿੱਖ ਦਾ ਖ਼ਾਸ ਧਿਆਨ ਦੇਣਾ ਜ਼ਰੂਰੀ ਹੈ, ਉਹ ਸ਼ਬਦ ਇਉਂ ਹਨ :

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗਉਤੀ ਜੀ ਸਹਾਏ॥ ਪਾਤਿਸਾਹੀ ੧੦॥

ਏਥੇ ਸ਼ਬਦ 'ਪਾਤਿਸਾਹੀ ੧੦' ਦਾ ਭਾਵ ਇਹ ਹੈ ਕਿ ਅਰਦਾਸ 'ਪ੍ਰਿਥਮ ਭਗਉਤੀ' ਤੋਂ ਲੈ ਕੇ 'ਸਭ ਥਾਈਂ ਹੋਇ ਸਹਾਇ' ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਹੈ। ਏਥੇ ਅੰਕ ੧੦ ਦਾ ਉਚਾਰਨ 'ਦਸ' ਕਰਨਾ ਅਸ਼ੁੱਧ ਹੈ; ਸ਼ੁੱਧ ਪਾਠ 'ਦਸਵੀਂ' ਹੈ। *ਆਸਾ ਦੀ ਵਾਰ ਸਟੀਕ* ਵਿਚ ਕਈ ਥਾਈਂ ਪ੍ਰਮਾਣ ਦੇ ਕੇ ਦੱਸਿਆ ਗਿਆ ਹੈ ਕਿ ਬਾਣੀ ਦੀ ਕਿਸੇ ਲਗ-ਮਾਤ੍ਰ ਦਾ ਜਾਂ ਕਿਸੇ ਅੰਕ ਦਾ ਭੀ, ਅਸ਼ੁੱਧ ਪਾਠ ਬਹੁਤ ਵਾਰੀ 'ਬਾਣੀ' ਦੇ ਅਸਲੀ ਭਾਵ ਤੋਂ ਬਹੁਤ ਦੂਰ ਲੈ ਜਾਂਦਾ ਹੈ। ਏਸ ਲਾਪਰਵਾਹੀ ਦਾ ਜੋ ਸਿੱਟਾ ਸ੍ਰੀ ਕਲਗੀਧਰ ਜੀ ਦੀ ਬਾਣੀ ਸੰਬੰਧੀ ਨਿਕਲਿਆ ਹੈ, ਉਹ ਖ਼ਾਸ ਤੌਰ ਤੇ ਸ਼ੋਕਮਈ ਹੈ। ਅੰਕ ੧੦ ਦਾ ਉਚਾਰਨ 'ਦਸ' ਕਰਨ ਦੇ ਕਾਰਨ ਆਮ ਪ੍ਰਚਲਤ ਖ਼ਿਆਲ ਇਹ ਬਣ ਗਿਆ ਹੈ ਕਿ ਇਹ ਅਰਦਾਸ ਦਸਾਂ ਪਾਤਸ਼ਾਹੀਆਂ ਦੀ ਹੈ। ਜੋ ਸੱਜਣ ਦੇਹਧਾਰੀ ਗੁਰੂ ਵਿਚ ਸ਼ਰਧਾ ਰੱਖਦੇ ਹਨ, ਉਹਨਾਂ ਨੇ ਅੰਕ ੧੦ ਦੇ ਥਾਂ ਬਾਰ੍ਹਾਂ, ਚੌਦਾਂ ਆਦਿਕ ਵਰਤਣੇ ਸ਼ੁਰੂ ਕਰ ਦਿਤੇ ਹਨ, ਉਹ ਇਹ ਖ਼ਿਆਲ ਕਰਦੇ ਹਨ ਕਿ ਏਸ ਤਰ੍ਹਾਂ ਉਹ ਆਪਣੇ ਬਾਰ੍ਹਾਂ ਜਾਂ ਚੌਦਾਂ ਗੁਰੂਆਂ ਦੀ ਅਰਦਾਸ ਕਰਦੇ ਹਨ। ਅਸਲ ਵਿਚ ਹਰੇਕ ਸਿੱਖ ਆਪੋ ਆਪਣੀ ਅਰਦਾਸ ਕਰਦਾ ਹੈ ਤੇ ਅਕਾਲ ਪੁਰਖ ਅੱਗੇ ਕਰਦਾ ਹੈ; ਨਾ ਕੋਈ ਦਸਾਂ ਗੁਰੂਆਂ ਦੀ ਅਰਦਾਸ ਕਰਦਾ ਹੈ ਤੇ ਨਾ ਕੋਈ ਵਧੀਕ ਗੁਰੂਆਂ ਦੀ। ਹਾਂ, ਅਰਦਾਸ ਵਾਲੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਹੈ, ਇਸ ਵਾਸਤੇ ਇਸ ਦੇ ਸ਼ੁਰੂ ਵਿਚ ਪੜ੍ਹਨਾ ਹੈ "ਸ੍ਰੀ ਮੁਖਵਾਕ ਪਾਤਿਸ਼ਾਹੀ ਦਸਵੀਂ॥"

## ਛਪੈ ਛੰਦ॥ ਤ੍ਵ ਪ੍ਰਸਾਦਿ॥

***ਅਰਥ :*** ਤੇਰੀ ਕਿਰਪਾ ਨਾਲ (ਇਹ ਬਾਣੀ ਉਚਾਰਦਾ ਹਾਂ)।

***ਨੋਟ :*** ਸੰਸਕ੍ਰਿਤ ਸ਼ਬਦ 'ਤਵ' ਦੇ ਪ੍ਰਾਕ੍ਰਿਤ ਰੂਪ 'ਤ੍ਵ', 'ਤੁਅ' ਅਤੇ 'ਤਉ' ਹਨ, ਇਸ ਦਾ ਅਰਥ ਹੈ 'ਤੇਰਾ'।

**ਚੱਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ॥**
**ਰੂਪ ਰੰਗ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ॥**

**ਅਚਲ ਮੂਰਤਿ ਅਨਭਉ ਪ੍ਰਕਾਸੁ ਅਮਿਤੋਜੁ ਕਹਿਜੈ ॥**
**ਕੋਟਿ ਇੰਦ੍ਰ ਇੰਦ੍ਰਾਨ ਸਾਹ ਸਾਹਾਨ ਗਣਿਜੈ ॥**
**ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ ॥**
**ਤਵ ਸਰਬ ਨਾਮੁ ਕਥੈ ਕਵਨੁ ਕਰਮ ਨਾਮ ਬਰਨਤ ਸੁਮਤਿ ॥੧॥**

***ਪਦ ਅਰਥ :*** ਚੱਕ੍ਰ—ਗੋਲ ਰੇਖਾ (ਪੈਰਾਂ ਦੀਆਂ ਤਲੀਆਂ ਵਿਚ ਜਾਂ ਹੱਥਾਂ ਦੀਆਂ ਉਂਗਲਾਂ ਉਤੇ ਜੋ ਗੋਲ ਲਕੀਰਾਂ ਹੁੰਦੀਆਂ ਹਨ, ਉਹਨਾਂ ਨੂੰ ਚੱਕ੍ਰ ਕਹੀਦਾ ਹੈ)। ਚਿਹਨ—ਨਿਸ਼ਾਨ। ਬਰਨ—ਰੰਗ। ਪਾਤਿ—ਕੁਲ। ਨਹਿਨ—ਨਹੀਂ। ਜਿਹ—ਜਿਸ (ਪ੍ਰਭੂ) ਦਾ। ਭੇਖ—ਲਿਬਾਸ। ਕਿਹ ਭੇਖ—ਕਿਹੜਾ ਲਿਬਾਸ? ਕੋਊ ਕਹਿ ਨ ਸਕਤ—ਕੋਈ ਆਖ ਨਹੀਂ ਸਕਦਾ। ਅਚਲ—ਨਾ ਹਿੱਲਣ ਵਾਲੀ, ਅਟੱਲ। ਅਨਭਉ—(Direct perception or cognition, knowledge derived from personal observation or experiment) ਆਪਣੇ ਆਪ ਤੋਂ ਪੈਦਾ ਹੋਇਆ ਗਿਆਨ। ਅਨਭਉ ਪ੍ਰਕਾਸੁ—ਜਿਸ ਨੂੰ ਆਪਣੇ ਪ੍ਰਕਾਸ਼ ਦਾ ਗਿਆਨ ਆਪਣੇ ਆਪ ਤੋਂ ਹੀ ਹੋਇਆ ਹੈ। ਅਮਿਤੋਜੁ—ਅਮਿਤ + ਓਜ। ਅਮਿਤ—ਅਮਿਣਵਾਂ, ਜੋ ਮਿਣਿਆ ਨਾ ਜਾ ਸਕੇ। ਓਜ—ਤਾਕਤ, ਬਲ। ਅਮਿਤੋਜੁ—ਜਿਸ ਦਾ ਬਲ ਮਿਣਿਆ ਨਾ ਜਾ ਸਕੇ। ਕਹਿਜੈ—ਕਹੀਦਾ ਹੈ। ਕੋਟਿ—ਕਰੋੜਾਂ। ਇੰਦ੍ਰਾਨ ਇੰਦ੍ਰ—ਇੰਦ੍ਰਾਂ ਦਾ ਇੰਦ੍ਰ। ਇੰਦ੍ਰ—੧. ਦੇਵਤਿਆਂ ਦਾ ਰਾਜਾ, ੨. ਰਾਜਾ। ਗਣਿਜੈ—ਮੰਨਿਆ ਜਾਂਦਾ ਹੈ। ਤ੍ਰਿਭਵਣ—ਅਕਾਸ਼, ਪਾਤਾਲ, ਮਾਤ ਲੋਕ। ਮਹੀਪੁ—ਮਹੀ + ਪਾ, ਧਰਤੀ ਦਾ ਰਾਖਾ, ਰਾਜਾ। ਸੁਰ—ਦੇਵਤੇ। ਅਸੁਰ—ਦੈਂਤ। ਨਰ—ਮਨੁੱਖ। ਨੇਤਿ—ਨ ਇਤੀ, ਨਹੀਂ ਹੈ ਇਹ, ਭਾਵ ਇਸ ਵਰਗਾ ਹੋਰ ਕੋਈ ਨਹੀਂ। ਬਨ—ਜੰਗਲ। ਤ੍ਰਿਣ—ਘਾਹ। ਬਨ ਤ੍ਰਿਣ—ਬਨ ਦਾ ਘਾਹ, ਭਾਵ ਸਾਰੀ ਬਨਸਪਤੀ। ਤਵ—ਤੇਰੇ। ਕਥੈ—ਕਹੇ, ਆਖੇ। ਸਰਬ—ਸਾਰਾ (ਵਜੂਦ), ਸਾਰੀ (ਹਸਤੀ)। ਸਰਬ ਨਾਮੁ—ਉਹ ਨਾਮੁ ਜੋ (ਪ੍ਰਭੂ ਦੀ) ਸਾਰੀ (ਹਸਤੀ) ਨੂੰ ਬਿਆਨ ਕਰ ਸਕੇ। ਕਰਮ—ਕੰਮ। ਕਰਮ-ਨਾਮ—ਉਹ ਨਾਮ ਜੋ ਉਸ ਦੇ ਕੰਮ ਵੇਖ ਕੇ ਬਣਾਏ ਗਏ ਹਨ। ਬਰਨਤ—ਵਰਣਨ ਕਰਦੇ ਹਨ, ਆਖਦੇ ਹਨ। ਸੁਮਤਿ—ਚੰਗੀ ਮੱਤ ਵਾਲੇ ਬੰਦੇ, ਸਿਆਣੇ ਬੰਦੇ। ਕਥੈ ਕਵਨੁ—ਕਉਣ ਦੱਸੇ, ਭਾਵ, ਕੋਈ ਨਹੀਂ ਦੱਸ ਸਕਦਾ।

***ਅਰਥ :*** ਹੇ ਪ੍ਰਭੂ! (ਤੂੰ ਐਸਾ ਹੈਂ ਕਿ) ਜਿਸ ਦੇ ਨਾ ਕੋਈ ਲੱਛਣ (ਦਿੱਸਦੇ)

ਹਨ, ਨਾ ਕੋਈ ਰੰਗ ਹੈ, ਨਾ ਜਾਤਿ ਹੈ ਅਤੇ ਨਾ ਕੋਈ ਕੁਲ ਹੈ। ਕੋਈ ਮਨੁੱਖ ਨਹੀਂ ਕਹਿ ਸਕਦਾ ਕਿ ਤੇਰਾ ਕਿਹੋ ਜਿਹਾ ਰੂਪ ਹੈ, ਕੈਸਾ ਰੰਗ ਹੈ, ਕਿਹੋ ਜਿਹੇ ਰੇਖ ਹਨ ਅਤੇ ਕੈਸਾ ਤੇਰਾ ਪਹਿਰਾਵਾ ਹੈ।

ਤੇਰੀ ਹਸਤੀ ਸਦਾ ਕਾਇਮ ਰਹਿਣ ਵਾਲੀ ਹੈ, ਤੇਰਾ ਨੂਰ ਤੇਰੇ ਆਪਣੇ 'ਆਪੇ' ਤੋਂ ਹੈ, ਤੂੰ ਅਮਿਣਵੇਂ ਬਲ ਵਾਲਾ ਕਿਹਾ ਜਾਂਦਾ ਹੈਂ। (ਭਾਵ, ਸਭ ਜੀਵ ਇਹੀ ਆਖਦੇ ਹਨ ਕਿ ਤੇਰੇ ਬਲ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ)।

ਤੂੰ ਕਰੋੜਾਂ ਰਾਜਿਆਂ ਦਾ ਰਾਜਾ ਅਤੇ ਇੰਦ੍ਰਾਂ ਦਾ ਇੰਦ੍ਰ ਗਿਣਿਆ ਜਾਂਦਾ ਹੈਂ।

ਤੂੰ ਤਿੰਨਾਂ ਭਵਨਾਂ ਦਾ ਮਾਲਕ ਹੈਂ; ਦੇਵਤੇ, ਮਨੁੱਖ, ਦੈਂਤ, (ਜੀਵ ਜੰਤ ਤਾਂ ਕਿਤੇ ਰਹੇ) ਸਾਰੀ ਬਨਸਪਤੀ (ਭੀ, ਸਭ ਇਹੀ) ਆਖਦੇ ਹਨ ਕਿ ਤੂੰ ਇਹ ਨਹੀਂ ਹੈਂ, ਤੂੰ ਇਹ ਨਹੀਂ ਹੈਂ (ਭਾਵ, ਦੁਨੀਆ ਵਿਚ ਕੋਈ ਭੀ ਤੇਰੇ ਵਰਗਾ ਨਹੀਂ ਹੈ)।

ਹੇ ਪ੍ਰਭੂ ! ਕੋਈ ਬੰਦਾ ਤੇਰਾ ਕੋਈ ਐਸਾ ਨਾਮ ਨਹੀਂ ਦੱਸ ਸਕਦਾ ਜੋ ਤੇਰੀ ਮੁਕੰਮਲ ਹਸਤੀ ਨੂੰ ਬਿਆਨ ਕਰ ਸਕੇ, ਸਿਆਣੇ ਬੰਦਿਆਂ ਨੇ ਤੇਰੇ ਉਹੀ ਨਾਮ ਦੱਸੇ ਹਨ ਜੋ ਉਹਨਾਂ ਤੇਰੇ ਕੰਮਾਂ ਨੂੰ ਵੇਖ ਕੇ ਬਣਾਏ ਹਨ॥੧॥

## ਭੁਯੰਗ ਪ੍ਰਯਾਤ ਛੰਦ॥

**ਨਮਸਤ੍ਵੰ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥**
**ਨਮਸਤੰ ਅਰੂਪੇ॥ ਨਮਸਤੰ ਅਨੂਪੇ॥੨॥**

***ਪਦ ਅਰਥ :*** ਨਮਸਤ੍ਵੰ—ਨਮਸ + ਤ੍ਵੰ। ਨਮਸ—ਨਮਸਕਾਰ, ਪ੍ਰਣਾਮ। ਤ੍ਵੰ—(ਤ੍ਵਾਂ) ਤੈਨੂੰ। ਅਕਾਲ—ਅ + ਕਾਲ, ਕਾਲ-ਰਹਿਤ। ਕਾਲ—ਮੌਤ। ਕ੍ਰਿਪਾਲ—ਕ੍ਰਿਪਾ + ਆਲਯ, ਦਇਆ ਦਾ ਘਰ। ਅਰੂਪ—ਅ + ਰੂਪ, ਰੂਪ-ਰਹਿਤ। ਅਨੂਪ—ਅਨ + ਊਪ, ਉਪਮਾ ਰਹਿਤ। ਉਪਮਾ—ਬਰਾਬਰੀ। ਅਨੂਪ—ਜਿਸਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਨਮਸਤੰ—ਨਮਸ + ਤੰ। ਤੰ—ਤ੍ਵੰ, ਤ੍ਵਾਂ, ਤੈਨੂੰ।

***ਅਰਥ :*** ਹੇ ਪ੍ਰਭੂ ! ਤੈਨੂੰ ਅਸਾਡੀ ਨਮਸਕਾਰ ਹੈ, ਤੂੰ ਮੌਤ ਰਹਿਤ ਹੈਂ,

ਦਇਆ ਦਾ ਘਰ ਹੈਂ, ਤੇਰਾ ਕੋਈ ਇਕ ਰੂਪ ਨਹੀਂ ਅਤੇ ਤੇਰੀ ਬਰਾਬਰੀ ਦਾ ਹੋਰ ਕੋਈ ਨਹੀਂ ਹੈ ॥੨॥

**ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥**
**ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥**

***ਪਦ ਅਰਥ :*** ਅਭੇਖੇ—ਅਭੇਖ ਨੂੰ। ਅਭੇਖ—ਅ + ਭੇਖ, ਜਿਸਦਾ ਇਕ ਪਹਿਰਾਵਾ ਨਹੀਂ। ਅਲੇਖ—ਅ + ਲੇਖ, ਜਿਸ ਦਾ ਚਿੱਤਰ ਨਾ ਬਣਾਇਆ ਜਾ ਸਕੇ। ਲੇਖ—ਚਿੱਤਰ, ਤਸਵੀਰ। ਅਕਾਏ—ਅ + ਕਾਏ। ਕਾਏ—ਕਾਇਆ, ਸਰੀਰ। ਅਕਾਏ—ਹੇ ਕਾਇਆ ਰਹਿਤ ਪ੍ਰਭੂ! ਅਜਾਏ—ਅ + ਜਾਏ, ਹੇ ਜਾਇਆ ਰਹਿਤ ਪ੍ਰਭੂ! ਜਾਏ—ਜਾਇਆ, ਇਸਤ੍ਰੀ। ਅਜਾਇਆ—ਅ + ਜਾਇਆ, ਜੋ ਇਸਤ੍ਰੀ ਤੋਂ ਪੈਦਾ ਨਾ ਹੋਇਆ ਹੋਵੇ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ, ਤੇਰਾ ਕੋਈ ਇਕ ਪਹਿਰਾਵਾ ਨਹੀਂ, ਤੇਰੀ ਕੋਈ ਤਸਵੀਰ ਨਹੀਂ ਬਣ ਸਕਦੀ, (ਸੰਸਾਰਕ ਜੀਵਾਂ ਦੇ ਸਰੀਰਾਂ ਵਾਂਗ) ਤੇਰਾ ਕੋਈ ਸਰੀਰ ਨਹੀਂ ਹੈ ਅਤੇ (ਜੀਵਾਂ ਵਾਂਗ) ਤੂੰ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ ॥੩॥

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**
**ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥**

***ਪਦ ਅਰਥ :*** ਅਗੰਜ—ਅ + ਗੰਜ। ਗੰਜਨ—(Surpassing, excelling, defeating, conquering) ਜਿੱਤਣਾ, ਕਿਸੇ ਤੋਂ ਵਧ ਜਾਣਾ। ਅਗੰਜ—ਅਜਿੱਤ। ਅਭੰਜ—ਅ + ਭੰਜ। ਭੰਜ—(to break, destroy) ਤੋੜਨਾ, ਨਾਸ ਕਰਨਾ। ਅਭੰਜ—ਅਟੁੱਟ, ਜੋ ਤੋੜਿਆ ਨਾ ਜਾ ਸਕੇ। ਅਠਾਮ—ਅ + ਠਾਮ। ਠਾਮ—ਠਾਂ, ਥਾਂ। ਅਠਾਮ—ਜਿਸ ਦਾ ਕੋਈ ਇਕ ਥਾਂ ਨਹੀਂ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੈਥੋਂ (ਕਿਸੇ ਗੱਲੇ) ਕੋਈ ਅੱਗੇ ਵਧ ਨਹੀਂ ਸਕਦਾ, ਤੈਨੂੰ ਕੋਈ ਤੋੜ ਨਹੀਂ ਸਕਦਾ, ਤੇਰਾ ਕੋਈ ਨਾਮ ਨਹੀਂ ਹੈ ਅਤੇ ਤੇਰਾ ਕੋਈ ਇਕ ਥਾਂ ਨਹੀਂ ਹੈ ॥੪॥

**ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥**
**ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੫॥**

**ਪਦ ਅਰਥ :** ਨਮਸਤੰ—ਨਮਸ + ਤੰ। ਤੰ—ਤ੍ਵੰ, ਤ੍ਵਾਂ, ਤੈਨੂੰ। ਅਕਰਮ—ਅ + ਕਰਮ। ਕਰਮ—ਧਾਰਮਿਕ ਰਸਮਾਂ। ਅਕਰਮ—ਜਿਸ ਵਾਸਤੇ ਕੋਈ ਧਾਰਮਿਕ ਰਸਮਾਂ ਕਰਨ ਦੀ ਲੋੜ ਨਹੀਂ। ਅਧਰਮ—ਅ + ਧਰਮ। ਧਰਮ—(The customary observances of a caste) ਵਰਣ ਆਸ਼੍ਰਮਾਂ ਦੀਆਂ ਆਪੋ ਆਪਣੀਆਂ ਰਸਮਾਂ ਕਰਨ ਦਾ ਫ਼ਰਜ਼। ਅਧਰਮ—ਜਿਸ ਲਈ ਵਰਣ ਆਸ਼੍ਰਮਾਂ ਦੀਆਂ ਰਸਮਾਂ ਕਰਨ ਦੀ ਲੋੜ ਨਾ ਹੋਵੇ। ਅਨਾਮ—ਅ + ਨਾਮ, ਜਿਸ ਦਾ ਕੋਈ ਇਕ ਨਾਮ ਨਹੀਂ ਹੈ। ਅਧਾਮ—ਅ + ਧਾਮ (ਧਾਮ—ਘਰ) ਜਿਸ ਦਾ ਕੋਈ ਇਕ ਘਰ ਨਹੀਂ ਹੈ।

**ਅਰਥ :** ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਤੇਰੀ ਖ਼ਾਤਰ ਕਿਸੇ ਧਾਰਮਿਕ ਰਸਮ ਦੇ ਕਰਨ ਦੀ ਲੋੜ ਨਹੀਂ, ਵਰਣ ਆਸ਼੍ਰਮ ਦੀਆਂ ਰਸਮਾਂ ਕਰਨ ਦੀ ਲੋੜ ਨਹੀਂ, ਤੇਰਾ ਕੋਈ ਇਕ ਨਾਮ ਨਹੀਂ ਅਤੇ ਤੇਰਾ ਕੋਈ ਇਕ ਘਰ ਨਹੀਂ ਹੈ ॥੫॥

**ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥**
**ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੬॥**

**ਪਦ ਅਰਥ :** ਅਜੀਤ—ਅ + ਜੀਤ, ਅਜਿੱਤ, ਜੋ ਜਿੱਤਿਆ ਨਾ ਜਾ ਸਕੇ। ਅਭੀਤ—ਅ + ਭੀਤ। ਭੀਤ—ਡਰਿਆ ਹੋਇਆ। ਭੀ—ਡਰਨਾ। ਅਬਾਹ—ਅਵਾਹ, ਅ + ਵਾਹ। ਵਾਹ—(to carry, lead) ਲੈ ਜਾਣਾ, ਅਗਵਾਈ ਕਰਨੀ। ਅਬਾਹ—ਜਿਸ ਨੂੰ ਹਿਲਾਇਆ ਨਾ ਜਾ ਸਕੇ। ਅਢਾਹ—ਅ + ਢਾਹ, ਜਿਸ ਨੂੰ ਡੇਗਿਆ ਨਾ ਜਾ ਸਕੇ।

**ਅਰਥ :** ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਤੈਨੂੰ ਨਾ ਕੋਈ ਜਿੱਤ ਸਕਦਾ ਹੈ, ਨਾ ਡਰਾ ਸਕਦਾ ਹੈ; ਤੈਨੂੰ ਨਾ ਕੋਈ ਹਿਲਾ ਸਕਦਾ ਹੈ, ਨਾ ਡੇਗ ਸਕਦਾ ਹੈ ॥੬॥

**ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥**
**ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੭॥**

**ਪਦ ਅਰਥ :** ਅਨੀਲ—(ਸੰ: ਅਨਿਲ) ਹਵਾ। ਅਨਾਦੇ—ਹੇ ਅਨਾਦਿ! ਅਨਾਦਿ—ਅਨ + ਆਦਿ, ਜਿਸ ਦਾ ਸ਼ੁਰੂ ਨਾ ਲੱਭ ਸਕੇ। ਅਛੇਦ—ਅ + ਛੇਦ। ਛੇਦ—ਟੋਟੇ ਟੋਟੇ ਕਰ ਦੇਣਾ। ਅਛੇਦ—ਉਹ ਜਿਸ ਦੇ ਟੋਟੇ ਨਾ ਕੀਤੇ ਜਾ ਸਕਣ, (inseparable, undivided, constant), ਜਿਸ ਦੇ ਸਰੂਪ ਨੂੰ ਵੱਖ ਵੱਖ

ਨਾ ਕੀਤਾ ਜਾ ਸਕੇ, ਜੋ ਹਰ ਥਾਂ ਇਕ-ਰਸ ਹੈ। ਅਗਾਧ—ਅ + ਗਾਧ, ਜੋ ਗਾਹਿਆ ਨਾ ਜਾ ਸਕੇ, ਜਿਸ ਦੀ ਡੂੰਘਾਈ ਨਾ ਲੱਭ ਸਕੇ। ਗਾਧ—ਗਾਹਣ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਤੂੰ ਸਭ ਜੀਵਾਂ ਦੀ ਜਿੰਦ ਦਾ ਆਸਰਾ ਹੈਂ; ਤੂੰ ਕਦੋਂ ਦਾ ਹੈਂ? ਇਹ ਗੱਲ ਨਹੀਂ ਲੱਭ ਸਕਦੀ। ਤੇਰੇ ਵਜੂਦ ਦੇ ਟੋਟੇ ਟੋਟੇ ਨਹੀਂ ਹੋ ਸਕਦੇ (ਭਾਵ, ਤੂੰ ਹਰ ਥਾਂ ਇਕ-ਰਸ ਮੌਜੂਦ ਹੈਂ)। ਤੂੰ (ਇਕ ਡੂੰਘਾ ਸਮੁੰਦਰ ਹੈਂ) ਜਿਸ ਦੀ ਡੂੰਘਾਈ ਲੱਭ ਨਹੀਂ ਸਕਦੀ ॥੭॥

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**
**ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥**

***ਪਦ ਅਰਥ :*** ਅਗੰਜ—ਅਜਿੱਤ। ਅਭੰਜ—ਜੋ ਭੰਨਿਆ ਨਾ ਜਾ ਸਕੇ। ਉਦਾਰ—ਸਖ਼ੀ, ਖੁਲ੍ਹੇ ਦਿਲ ਵਾਲਾ। ਅਪਾਰ—ਅ + ਪਾਰ, ਬੇਅੰਤ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਤੈਥੋਂ (ਕਿਸੇ ਗੱਲੇ) ਕੋਈ ਅੱਗੇ ਵਧ ਨਹੀਂ ਸਕਦਾ, ਤੈਨੂੰ ਕੋਈ ਭੰਨ ਨਹੀਂ ਸਕਦਾ। ਤੂੰ ਖੁਲ੍ਹੇ ਦਿਲ ਵਾਲਾ ਅਤੇ ਬੇਅੰਤ ਹੈਂ ॥੮॥

**ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥**
**ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥**

***ਪਦ ਅਰਥ :*** ਅਨੇਕ—ਅਨ + ਏਕ, ਜੋ ਸਿਰਫ਼ ਇਕ (ਸ਼ਕਲ ਵਾਲਾ) ਨਹੀਂ, ਭਾਵ, ਜਿਸ ਨੇ ਕਈ ਰੂਪ-ਰੰਗ ਬਣਾਏ ਹੋਏ ਹਨ। ਅਭੂਤ—ਅ + ਭੂਤ। ਭੂਤ—(ਪੰਜ) ਤੱਤ, ਜਿਨ੍ਹਾਂ ਤੋਂ ਜਗਤ-ਰਚਨਾ ਹੋਈ ਹੈ। ਅਭੂਤ—ਉਹ ਜਿਸ ਦੀ ਹਸਤੀ ਪੰਜ-ਤੱਤਾਂ ਤੋਂ ਨਹੀਂ ਹੈ। ਅਜੂਪ—ਅ + ਜੂਪ। ਜੂਪ—[ਜੂ—ਯੂ, (to bind fasten) ਬੰਨ੍ਹਣਾ (ਜਿਵੇਂ ਕਿੱਲੇ ਨਾਲ)]। ਜੂਪ—ਯੂਪ, ਉਹ ਕਿੱਲਾ ਜਿਸ ਨਾਲ ਕੁਰਬਾਨੀ ਦੇ ਪਸ਼ੂ ਨੂੰ ਬੰਨ੍ਹ ਕੇ ਮਾਰਿਆ ਜਾਂਦਾ ਹੈ। ਅਜੂਪ—ਉਹ ਜਿਸ ਨੂੰ ਇਹ ਲੋੜ ਨਹੀਂ ਕਿ ਕੋਈ ਪਸ਼ੂ ਉਸ ਵਾਸਤੇ ਕਿੱਲੇ ਨਾਲ ਬੰਨ੍ਹ ਕੇ ਮਾਰਿਆ ਜਾਏ ਤੇ ਉਸਨੂੰ ਕੁਰਬਾਨੀ ਦਿੱਤੀ ਜਾਏ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਤੂੰ ਇਕ ਆਪ ਹੀ ਆਪ ਹੈਂ, ਅਤੇ (ਆਪਣੇ ਆਪ ਤੋਂ) ਬੇਅੰਤ (ਰੂਪਾਂ ਵਾਲਾ) ਹੈਂ। ਹੇ ਪ੍ਰਭੂ! ਤੇਰੀ ਹਸਤੀ (ਜਗਤ-ਰਚਨਾ ਦੇ ਪੰਜ) ਤੱਤਾਂ ਤੋਂ ਨਹੀਂ ਬਣੀ; ਤੈਨੂੰ ਇਹ ਲੋੜ ਨਹੀਂ ਕਿ

ਕੋਈ ਬੰਦਾ ਤੇਰੇ ਅੱਗੇ ਕੁਰਬਾਨੀ ਦੇਣ ਲਈ ਕਿਸੇ ਪਸ਼ੂ ਨੂੰ ਕਿੱਲੇ ਨਾਲ ਬੰਨ੍ਹ ਕੇ ਮਾਰੇ (ਕਿਉਂਕਿ, ਹੇ ਅਨੇਕ! ਉਸ ਪਸ਼ੂ ਵਿਚ ਭੀ ਤੂੰ ਆਪ ਹੀ ਹੈਂ)॥੯॥

**ਨਮਸਤੰ ਨ੍ਰਿਕਰਮੇ॥ ਨਮਸਤੰ ਨ੍ਰਿਭਰਮੇ॥**
**ਨਮਸਤੰ ਨ੍ਰਿਦੇਸੇ॥ ਨਮਸਤੰ ਨ੍ਰਿਭੇਸੇ॥੧੦॥**

***ਪਦ ਅਰਥ :*** ਨ੍ਰਿਕਰਮ—ਨਿਰ + ਕਰਮ, ਅਕਰਮ। ਕਰਮ—ਧਾਰਮਿਕ ਰਸਮਾਂ। ਨ੍ਰਿਕਰਮ—ਜਿਸ ਲਈ ਧਾਰਮਿਕ ਰਸਮਾਂ ਕਰਨ ਦੀ ਲੋੜ ਨਹੀਂ। ਨ੍ਰਿਭਰਮ—ਭਰਮਾਂ ਤੋਂ ਰਹਿਤ। ਨ੍ਰਿਦੇਸ—ਨਿਰ-ਦੇਸ, ਦੇਸ-ਰਹਿਤ, ਜਿਸ ਦਾ ਕੋਈ ਇਕ ਦੇਸ ਨਹੀਂ। ਨ੍ਰਿਭੇਸ—ਜਿਸ ਦਾ ਕੋਈ ਇਕ ਪਹਿਰਾਵਾ ਨਹੀਂ। ਭੇਸ—ਲਿਬਾਸ, ਪਹਿਰਾਵਾ। ਨਮਸਤੰ—ਨਮਸ + ਤੰ। ਤੰ—ਤ੍ਵੰ, ਤ੍ਵਾਂ, ਤੈਨੂੰ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਤੈਨੂੰ ਮਿਲਣ ਵਾਸਤੇ ਕਿਸੇ ਧਾਰਮਿਕ ਰਸਮ ਦੇ ਕਰਨ ਦੀ ਲੋੜ ਨਹੀਂ ਹੈ, ਤੂੰ ਭਰਮਾਂ ਤੋਂ ਉਤਾਂਹ ਹੈਂ, ਤੇਰਾ ਨਾ ਕੋਈ ਇਕ ਦੇਸ ਹੈ, ਨਾ ਕੋਈ ਇਕ ਪਹਿਰਾਵਾ॥੧੦॥

**ਨਮਸਤੰ ਨ੍ਰਿਨਾਮੇ॥ ਨਮਸਤੰ ਨ੍ਰਿਕਾਮੇ॥**
**ਨਮਸਤੰ ਨ੍ਰਿਧਾਤੇ॥ ਨਮਸਤੰ ਨ੍ਰਿਘਾਤੇ॥੧੧॥**

***ਪਦ ਅਰਥ :*** ਨ੍ਰਿਨਾਮੇ—ਜਿਸ ਦਾ ਕੋਈ ਇਕ ਨਾਮ ਨਹੀਂ। ਨ੍ਰਿਕਾਮ—ਜਿਸ ਨੂੰ ਕੋਈ ਕਾਮਨਾ (ਭਾਵ, ਵਾਸ਼ਨਾ) ਨਹੀਂ ਪੋਹ ਸਕਦੀ। ਨ੍ਰਿਧਾਤ—ਨਿਰ + ਧਾਤ। ਧਾਤ—੧. ਤੱਤ : ਪ੍ਰਿਥਵੀ, ਜਲ, ਤੇਜ, ਹਵਾ, ਅਕਾਸ਼; ੨. ਗਿਆਨ ਇੰਦ੍ਰਾ: ੩. ਪੰਜ ਤੱਤਾਂ ਦੇ ਗੁਣ : ਰੂਪ, ਰਸ, ਗੰਧ, ਸਪਰਸ਼, ਸ਼ਬਦ। ਨ੍ਰਿਘਾਤ—ਨਿਰ + ਘਾਤ। ਘਾਤ—੧. ਚੋਟ, ੨. ਕਤਲ। ਨ੍ਰਿਘਾਤ—ਜਿਸ ਉਤੇ ਕੋਈ ਚੋਟ ਨਹੀਂ ਚਲਾ ਸਕਦਾ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਤੇਰਾ ਕੋਈ ਇਕ ਨਾਮ ਨਹੀਂ ਹੈ, ਤੈਨੂੰ ਕੋਈ ਵਾਸ਼ਨਾ ਨਹੀਂ, ਤੇਰੀ ਹਸਤੀ (ਜਗਤ-ਰਚਨਾ ਦੇ ਪੰਜ) ਤੱਤਾਂ ਤੋਂ ਪਰੇ ਹੈ, ਤੇਰੇ ਉਤੇ ਕੋਈ ਚੋਟ ਨਹੀਂ ਚਲਾ ਸਕਦਾ॥੧੧॥

**ਨਮਸਤੰ ਨ੍ਰਿਧੂਤੇ॥ ਨਮਸਤੰ ਅਭੂਤੇ॥**
**ਨਮਸਤੰ ਅਲੋਕੇ॥ ਨਮਸਤੰ ਅਸੋਕੇ॥੧੨॥**

**ਪਦ ਅਰਥ :** ਨ੍ਰਿਧੂਤੇ—ਨਿਰ + ਧੂਤੇ, ਨਿਰਧੂਤ ਨੂੰ। ਧੂਤ—ਜੋ (ਆਪਣੇ ਟਿਕਾਣੇ ਤੋਂ) ਹਿੱਲ ਜਾਏ। ਧੂ—ਹਿਲਾਣਾ। ਨਿਰਧੂਤ—ਜਿਸ ਨੂੰ ਟਿਕਾਣੇ ਤੋਂ ਹਿਲਾਇਆ ਨਾ ਜਾ ਸਕੇ। ਅਭੂਤ—ਅ + ਭੂਤ, ਤੱਤਾਂ ਤੋਂ ਰਹਿਤ। ਅਲੋਕ—ਅ + ਲੋਕ (that which can not be seen) ਅਦ੍ਰਿਸ਼ਟ। ਅਸ਼ੋਕ—ਅ + ਸ਼ੋਕ, ਸ਼ੋਕ-ਰਹਿਤ। ਸ਼ੋਕ—ਚਿੰਤਾ, ਗ਼ਮ।

**ਅਰਥ :** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ, ਤੈਨੂੰ (ਆਪਣੇ ਟਿਕਾਣੇ ਤੋਂ) ਕੋਈ ਹਿਲਾ ਨਹੀਂ ਸਕਦਾ, ਤੇਰਾ ਵਜੂਦ (ਜਗਤ-ਰਚਨਾ ਵਾਲੇ ਇਹਨਾਂ ਪੰਜ) ਤੱਤਾਂ ਤੋਂ ਨਿਰਾਲਾ ਹੈ। ਹੇ ਪ੍ਰਭੂ ! ਤੂੰ (ਅਸਾਨੂੰ ਇਹਨਾਂ ਅੱਖਾਂ ਨਾਲ) ਦਿਸਦਾ ਨਹੀਂ, ਕੋਈ ਚਿੰਤਾ ਤੈਨੂੰ ਪੋਹ ਨਹੀਂ ਸਕਦੀ ॥੧੨॥

**ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥**
**ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥੧੩॥**

**ਪਦ ਅਰਥ :** ਤਾਪ—ਤਿੰਨ ਕਿਸਮ ਦੇ ਦੁਖ ਜੋ ਜੀਵਾਂ ਨੂੰ ਸਹਿਣੇ ਪੈਂਦੇ ਹਨ : ਅਧਿਆਤਮਕ, ਆਧਿਦੈਵਿਕ, ਆਧਿਭੌਤਿਕ। ਅਧਿਆਤਮਕ ਤਾਪ ਉਹ ਹਨ ਜੋ 'ਮਨ' ਤੋਂ ਹੀ ਉਠਦੇ ਹਨ। ਆਧਿਦੈਵਿਕ ਤਾਪ ਉਹ ਕਲੇਸ਼ ਹਨ ਜੋ ਮਨੁੱਖ ਦੀ 'ਕਿਸਮਤ' ਲਿਆਉਂਦੀ ਹੈ। ਆਧਿਭੌਤਿਕ ਤਾਪ ਉਹ ਹਨ ਜੋ ਜੀਵਾਂ ਨੂੰ ਇਕ ਦੂਜੇ ਤੋਂ ਮਿਲਦੇ ਹਨ। ਨ੍ਰਿਤਾਪ—ਨਿਰ + ਤਾਪ, ਜੋ ਜਗਤ ਦੇ ਤਿੰਨਾਂ ਹੀ ਕਿਸਮਾਂ ਦੇ ਦੁੱਖਾਂ ਤੋਂ ਉਤਾਂਹ ਹੈ। ਅਥਾਪ—ਅ + ਥਾਪ। ਥਾਪ—ਮੂਰਤੀ ਨੂੰ ਮੰਦਰ ਵਿਚ ਪਹਿਲੀ ਵਾਰ ਰੱਖਣ ਦੀ ਰਸਮ ਕਰਨੀ। ਅਥਾਪ—ਉਹ ਜਿਸ ਨੂੰ ਮੂਰਤੀ ਵਾਂਗ ਮੰਦਰ ਵਿਚ ਟਿਕਾਇਆ ਨਾ ਜਾ ਸਕੇ। ਤ੍ਰਿਮਾਨੇ—ਤ੍ਰਿ + ਮਾਨੇ। ਤ੍ਰਿ—ਤਿੰਨ ਲੋਕ (ਅਕਾਸ਼, ਪਤਾਲ, ਮਾਤ ਲੋਕ)। ਤ੍ਰਿਮਾਨ—ਜਿਸ ਦਾ ਮਾਨ ਤਿੰਨਾਂ ਹੀ ਲੋਕਾਂ ਦੇ ਜੀਵ ਕਰਦੇ ਹਨ। ਨਿਧਾਨ—ਖ਼ਜ਼ਾਨਾ (ਸਭ ਗੁਣਾਂ ਤੇ ਪਦਾਰਥਾਂ ਦਾ)।

**ਅਰਥ :** ਹੇ ਪ੍ਰਭੂ ! ਤੈਨੂੰ (ਅਸਾਡੀ) ਨਮਸਕਾਰ ਹੈ; ਤੂੰ ਜਗਤ ਦੇ ਤਿੰਨਾਂ ਹੀ ਕਿਸਮਾਂ ਦੇ ਦੁਖਾਂ ਤੋਂ ਉਤਾਂਹ ਹੈਂ; (ਦੇਵਤਿਆਂ ਦੀਆਂ ਮੂਰਤੀਆਂ ਵਾਂਗ) ਤੈਨੂੰ ਕਿਸੇ ਮੰਦਰ ਵਿਚ ਟਿਕਾਇਆ ਨਹੀਂ ਜਾ ਸਕਦਾ। ਹੇ ਪ੍ਰਭੂ ! ਤਿੰਨਾਂ ਹੀ ਲੋਕਾਂ ਦੇ ਜੀਵ ਤੇਰੇ ਅੱਗੇ ਨਿਉਂਦੇ ਹਨ; ਤੂੰ ਸਭ ਗੁਣਾਂ ਦਾ ਖ਼ਜ਼ਾਨਾ ਹੈਂ ॥੧੩॥

**ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥**
**ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥੧੪॥**

***ਪਦ ਅਰਥ :*** ਅਬਾਹ—(ਦੇਖੋ ਛੰਦ ਨੰ: ੬) ਜਿਸ ਨੂੰ ਹਿਲਾਇਆ ਨਾ ਜਾ ਸਕੇ। ਅਗਾਹ—ਅਥਾਹ, ਅਗਾਧ (ਨੰ: ੭)। ਤ੍ਰਿਬਰਗ—ਤਿੰਨਾਂ ਹੀ ਵਰਗਾਂ ਨਾਲ ਸੰਬੰਧ ਰਖਣ ਵਾਲਾ। ਤ੍ਰਿ—ਤਿੰਨ। ਤ੍ਰਿਬਰਗ—੧. ਦੁਨਿਆਵੀ ਜੀਵਨ ਦੇ ਤਿੰਨ ਮਨੋਰਥ : ਧਰਮ, ਅਰਥ ਤੇ ਕਾਮ; ੨. ਕੁਦਰਤ ਦੇ ਤਿੰਨ ਗੁਣ : ਸਤ੍ਵ, ਰਜਸ ਅਤੇ ਤਮਸ; ੩. ਜਗਤ ਦੇ ਪਦਾਰਥਾਂ ਦੀਆਂ ਤਿੰਨ ਹਾਲਤਾਂ : ਢਹਿੰਦੀ ਹਾਲਤ, ਸਮਾਨਤਾ (ਇਕ-ਸਾਰਤਾ), ਚੜ੍ਹਦੀ ਕਲਾ। ਤ੍ਰਿਬਰਗ—ਉਹ ਜਿਸ ਵਿਚ ਜਗਤ ਦੇ ਤਿੰਨੇ ਹੀ ਮਨੋਰਥ (ਧਰਮ, ਅਰਥ, ਕਾਮ) ਮੌਜੂਦ ਹਨ। ਅਸਰਗ—ਅ + ਸਰਗ। ਸਰਗ—ਪੈਦਾਇਸ਼, ਰਚਨਾ। ਅਸਰਗ—ਜੋ ਪੈਦਾ ਨਾ ਕੀਤਾ ਜਾ ਸਕੇ।

***ਅਰਥ :*** ਹੇ ਪ੍ਰਭੂ ! ਤੈਨੂੰ ਅਸਾਡੀ ਨਮਸਕਾਰ ਹੈ, ਤੂੰ (ਮਾਨੋ ਇਕ ਐਸਾ ਸਮੁੰਦਰ) ਹੈਂ ਜਿਸ ਦੀ ਹਾਥ ਨਹੀਂ ਪੈਂਦੀ, ਤੂੰ (ਮਾਨੋ ਇਕ ਐਸਾ ਪਰਬਤ) ਹੈਂ ਜੋ ਹਿਲਾਇਆ ਨਹੀਂ ਜਾ ਸਕਦਾ। ਹੇ ਪ੍ਰਭੂ ! ਜੀਵਾਂ ਦੇ ਦੁਨਿਆਵੀ ਜੀਵਨ ਦੇ ਤਿੰਨ ਹੀ ਪਦਾਰਥ (ਧਰਮ, ਅਰਥ, ਕਾਮ) ਤੈਥੋਂ ਹੀ ਮਿਲਦੇ ਹਨ, ਤੈਨੂੰ ਕੋਈ ਰਚ ਨਹੀਂ ਸਕਦਾ ॥੧੪॥

**ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥**
**ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥੧੫॥**

***ਪਦ ਅਰਥ :*** ਪ੍ਰਭੋਗੇ—ਹੇ ਪ੍ਰਭੋਗੀ ! ਪ੍ਰਭੋਗੀ—ਪ੍ਰ + ਭੋਗੀ, ਚੰਗੀ ਤਰ੍ਹਾਂ ਮਾਨਣ ਵਾਲਾ (ਵੇਖੋ ਛੰਦ ਨੰ: ੧੨੫, 'ਪ੍ਰਭੁਗਤ'—ਜੋ ਚੰਗੀ ਤਰ੍ਹਾਂ ਮਾਣਿਆ ਜਾਂਦਾ ਹੈ)। ਸੁਜੋਗੇ—ਹੇ ਸੁਜੋਗੀ ! ਸੁਜੋਗੀ—ਸੁ + ਜੋਗੀ, ਚੰਗੀ ਤਰ੍ਹਾਂ ਮਿਲਿਆ ਹੋਇਆ (ਵੇਖੋ ਛੰਦ ਨੰ: ੧੨੫, 'ਸੁਜੁਗਤ')। ਅਰੰਗ—ਅ + ਰੰਗ, ਜਿਸ ਦਾ ਕੋਈ ਰੰਗ ਨਹੀਂ ਹੈ। ਅਭੰਗ—ਅ + ਭੰਗ। ਭੰਗ—ਤਬਾਹੀ, ਨਾਸ। ਅਭੰਗ—ਅਵਿਨਾਸੀ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਜਗਤ ਦੇ ਸਭ ਪਦਾਰਥਾਂ ਨੂੰ ਮਾਨਣ ਵਾਲਾ ਹੈਂ, (ਕਿਉਂਕਿ) ਤੂੰ (ਸ੍ਰਿਸ਼ਟੀ) ਦੇ ਸਾਰੇ ਹੀ ਜੀਵਾਂ ਵਿਚ ਮੁਕੰਮਲ ਤੌਰ ਤੇ ਮੌਜੂਦ ਹੈਂ, (ਫਿਰ ਭੀ) ਹੇ ਪ੍ਰਭੂ ! (ਜੀਵਾਂ ਵਾਂਗ) ਤੇਰਾ ਨਾ

ਕੋਈ ਖ਼ਾਸ ਰੰਗ ਹੈ, ਅਤੇ ਨਾ ਹੀ ਤੂੰ (ਜਗਤ ਦੇ ਜੀਵਾਂ ਵਾਂਗ ਪਦਾਰਥ ਭੋਗ ਭੋਗ ਕੇ) ਕਦੇ ਨਾਸ ਹੋ ਸਕਦਾ ਹੈਂ ॥੧੫॥

**ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥**
**ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥੧੬॥**

***ਪਦ ਅਰਥ :*** ਅਗੰਮ—ਜਿਸ ਤਕ ਪਹੁੰਚ ਨਾ ਹੋ ਸਕੇ, ਜਿਸ ਤਕ ਮਨ ਦੀ ਪਹੁੰਚ ਨਾ ਹੋ ਸਕੇ। ਨਮਸਤਸਤੁ—ਨਮਸ + ਤ + ਸਤੁ, ਨਮਸ + ਤੰ + ਅਸਤੁ। ਨਮਸ—ਨਮਸਕਾਰ। ਤ—ਤੂੰ, ਤੂੰਾਂ, ਤੈਨੂੰ। ਅਸਤੁ—ਹੋਵੇ। ਨਮਸਤਸਤੁ—ਤੈਨੂੰ ਨਮਸਕਾਰ ਹੋਵੇ। ਰੰਮ—ਸੁੰਦਰ। ਜਲਾਸਰ—ਜਲ + ਆਸ਼੍ਰਯ, ਜਲ ਦਾ ਆਸਰਾ, ਭਾਵ, ਸਮੁੰਦਰ (ਅਥਾਹ)। ਨਿਰਾਸਰੇ—ਨਿਰ + ਆਸ਼੍ਰਯ, ਜਿਸ ਨੂੰ ਕਿਸੇ ਆਸਰੇ ਦੀ ਲੋੜ ਨਹੀਂ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ, ਤੂੰ (ਜੀਵਾਂ ਦੇ ਮਨ ਦੀ) ਪਹੁੰਚ ਤੋਂ ਪਰੇ ਹੈਂ। ਹੇ ਸੁੰਦਰ ਸਰੂਪ ਪ੍ਰਭੂ ! ਤੈਨੂੰ ਅਸਾਡੀ ਨਮਸਕਾਰ ਹੋਵੇ; ਤੂੰ (ਮਾਨੋ) ਇਕ ਅਥਾਹ ਸਮੁੰਦਰ ਹੈਂ, ਤੈਨੂੰ ਕਿਸੇ ਆਸਰੇ ਦੀ ਲੋੜ ਨਹੀਂ ਹੈ ॥੧੬॥

**ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥**
**ਨਮਸਤੰ ਅਮਜਬੇ ॥ ਨਮਸਤਸਤੁ ਅਜਬੇ ॥੧੭॥**

***ਪਦ ਅਰਥ :*** ਅਜਾਤਿ—ਅ + ਜਾਤਿ, ਜਿਸ ਦੀ ਕੋਈ ਖ਼ਾਸ ਜਾਤਿ ਨਹੀਂ। ਅਪਾਤਿ—ਅ + ਪਾਤਿ, ਜਿਸ ਦੀ ਕੋਈ ਖ਼ਾਸ ਕੁਲ ਨਹੀਂ। ਅਮਜਬ—ਅ + ਮਜ਼ਬ, ਜਿਸ ਦਾ ਕੋਈ ਖ਼ਾਸ 'ਮਤ' ਨਹੀਂ ਹੈ। ਨਮਸਤਸਤੁ—(ਵੇਖੋ ਛੰਦ ਨੰ: ੧੬) ਤੈਨੂੰ ਨਮਸਕਾਰ ਹੋਵੇ। ਅਜਬ—ਅਚਰਜ।

***ਅਰਥ :*** ਹੇ ਪ੍ਰਭੂ ! ਤੈਨੂੰ ਅਸਾਡੀ ਨਮਸਕਾਰ ਹੈ, ਤੇਰੀ ਕੋਈ ਖ਼ਾਸ ਜਾਤਿ ਨਹੀਂ, ਤੇਰੀ ਕੋਈ ਖਾਸ ਕੁਲ ਨਹੀਂ, ਤੇਰਾ ਕੋਈ ਖ਼ਾਸ ਮਤ ਨਹੀਂ ਹੈ। ਹੇ ਅਚਰਜ-ਰੂਪ ! ਤੈਨੂੰ ਅਸਾਡੀ ਨਮਸਕਾਰ ਹੋਵੇ ॥੧੭॥

**ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥**
**ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥੧੮॥**

***ਪਦ ਅਰਥ :*** ਅਦੇਸੰ—ਆਦੇਸ, ਨਮਸਕਾਰ। ਅਦੇਸ—ਅ + ਦੇਸ,

ਜਿਸ ਦਾ ਕੋਈ ਇਕ ਦੇਸ ਨਹੀਂ ਹੈ। ਅਭੇਸ—ਅ + ਭੇਸ, ਜਿਸ ਦਾ ਕੋਈ ਇਕ ਵੇਸ ਨਹੀਂ ਹੈ। ਨ੍ਰਿਧਾਮ—ਨਿਰ + ਧਾਮ। ਧਾਮ—ਘਰ। ਨ੍ਰਿਧਾਮ—ਜਿਸ ਦਾ ਕੋਈ ਖ਼ਾਸ ਘਰ ਨਹੀਂ ਹੈ। ਨ੍ਰਿਬਾਮ—ਨਿਰ + ਵਾਮਾ। ਵਾਮਾ—ਇਸਤ੍ਰੀ। ਨ੍ਰਿਬਾਮ—ਜੋ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ।

***ਅਰਥ :*** ਹੇ ਪ੍ਰਭੂ ! ਤੈਨੂੰ ਅਸਾਡੀ ਨਮਸਕਾਰ ਹੈ; ਤੇਰਾ ਕੋਈ ਇੱਕ ਦੇਸ ਨਹੀਂ, ਕੋਈ ਖ਼ਾਸ ਵੇਸ ਨਹੀਂ, ਕੋਈ ਖ਼ਾਸ ਘਰ ਨਹੀਂ, ਤੂੰ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ ॥੧੮॥

**ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥**
**ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥**

***ਪਦ ਅਰਥ :*** ਸਰਬ ਕਾਲ—ਸਭ ਜੀਵਾਂ ਦਾ ਨਾਸ ਕਰਨ ਵਾਲਾ। ਭੂਪ—(ਭੂ + ਪਾ) ਧਰਤੀ ਦੀ ਰਾਖੀ ਕਰਨ ਵਾਲਾ। ਨਮੋ—ਨਮਸਕਾਰ।

***ਅਰਥ :*** (ਹੇ ਪ੍ਰਭੂ ! ਤੈਨੂੰ) ਨਮਸਕਾਰ ਹੈ; ਤੂੰ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ, ਤੂੰ ਸਭ ਜੀਵਾਂ ਉਤੇ ਦਇਆ ਕਰਨ ਵਾਲਾ ਹੈਂ; ਤੂੰ ਸਭ ਦਾ ਰੂਪ ਹੈਂ, ਭਾਵ, ਤੂੰ ਸਭ ਹਸਤੀਆਂ ਵਿਚ ਮੌਜੂਦ ਹੈਂ, ਤੂੰ ਸਭ ਜੀਵਾਂ ਦਾ ਪਾਤਸ਼ਾਹ ਹੈਂ ॥੧੯॥

**ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥**
**ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥**

***ਪਦ ਅਰਥ :*** ਖਾਪੇ—(ਸੰ: ਖਿਜ—ਨਾਸ ਹੋਣਾ, ਖੈ ਹੋ ਜਾਣਾ, ਨਾਸ ਹੋ ਜਾਣਾ। ਖਜਾਪਯ—ਨਾਸ ਕਰਨਾ) ਨਾਸ ਕਰਨ ਵਾਲੇ ਨੂੰ। ਸਰਬ ਖਾਪੇ—ਸਭ ਜੀਵਾਂ ਦਾ ਨਾਸ ਕਰਨ ਵਾਲੇ ਨੂੰ। ਥਾਪ—[ਸਥਾਪਯ, (to cause, to stand)] ਪੈਦਾ ਕਰਨ ਵਾਲਾ, ਸਹਾਰਾ ਦੇਣ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੂੰ ਸਭ ਜੀਵਾਂ ਦਾ ਨਾਸ ਕਰਨ ਵਾਲਾ ਹੈਂ ਤੇ ਸਭ ਜੀਵਾਂ ਨੂੰ ਸਹਾਰਾ ਦੇਣ ਵਾਲਾ (ਭੀ) ਹੈਂ। ਤੂੰ ਸਭ ਜੀਵਾਂ ਦੀ ਮੌਤ ਹੈਂ ਤੇ ਸਭ ਜੀਵਾਂ ਦਾ ਰਾਖਾ (ਭੀ) ਹੈਂ ॥੨੦॥

**ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥**
**ਨਮਸਤੰ ਅਜਨਮੇ ॥ ਨਮਸਤੰ ਸੁਬਨਮੇ ॥੨੧॥**

**ਪਦ ਅਰਥ :** ਨਮਸਤਸਤੁ—(ਵੇਖੋ ਛੰਦ ਨੰ: ੧੬) ਤੈਨੂੰ ਨਮਸਕਾਰ ਹੋਵੇ। ਦੇਵ—ਪੂਜਣ ਯੋਗ, ਚਾਨਣ ਰੂਪ। ਅਭੇਵ—ਅ + ਭੇਵ, ਜਿਸ ਦਾ ਭੇਤ ਨਾ ਪਾਇਆ ਜਾ ਸਕੇ। ਅਜਨਮੇ—ਅ + ਜਨਮ, ਜੋ (ਬਾਕੀ ਜੀਵਾਂ ਵਾਂਗ) ਜੰਮਿਆ ਨਹੀਂ। ਸੁਬਨਮੇ—ਸੁ + ਬਨ + ਮੇ, ਸੁ + ਵੰਨ + ਮਯ, ਸੁ + ਵਰਨ + ਮਯ। ਬਨ—ਵੰਨ, ਵਰਣ, ਰੰਗ। ਸੁ + ਬਨ—ਸੁ + ਵਰਣ, ਸੋਹਣਾ ਰੰਗ। ਬਨ + ਮੇ—ਵਰਣ + ਮਯ, ਰੰਗ ਵਾਲਾ। ਸੁਬਨਮੇ—ਸੁਵਰਨ-ਮਯ, ਸੋਹਣੇ ਰੰਗ ਵਾਲਾ, ਸੁੰਦਰ।

**ਅਰਥ :** ਹੇ ਪ੍ਰਭੂ! ਤੈਨੂੰ ਸਾਡੀ ਨਮਸਕਾਰ ਹੋਵੇ, ਤੂੰ ਚਾਨਣ ਰੂਪ ਹੈਂ, ਤੇਰਾ ਕਿਸੇ ਭੇਦ ਨਹੀਂ ਪਾਇਆ; ਤੂੰ (ਸ੍ਰਿਸ਼ਟੀ ਦੇ ਜੀਵਾਂ ਵਾਂਗ) ਜਨਮ ਵਿਚ ਨਹੀਂ ਆਇਆ, ਤੂੰ ਸੁੰਦਰ ਰੰਗ ਵਾਲਾ ਹੈਂ ॥੨੧॥

**ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥**
**ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥੨੨॥**

**ਪਦ ਅਰਥ :** ਗਉਨ—ਗਮਨ, ਪਹੁੰਚ। ਭਉਨ—ਭਵਨ, ਲੋਕ। ਸਰਬ-ਭਉਨ—ਜੋ ਸਭ ਭਵਨਾਂ ਵਿਚ ਵਿਆਪਕ ਹੈ। ਸਰਬ ਭੰਗ—ਜੋ ਸਭ ਜੀਵਾਂ ਦਾ ਨਾਸ ਕਰਨ ਵਾਲਾ ਹੈ (ਵੇਖੋ ਛੰਦ ਨੰ: ੧੫, 'ਅਭੰਗ')।

**ਅਰਥ :** ਹੇ ਪ੍ਰਭੂ! ਤੈਨੂੰ ਅਸਾਡੀ ਨਮਸਕਾਰ ਹੈ; ਤੇਰੀ ਪਹੁੰਚ ਸਭ ਜੀਆਂ ਤਕ ਹੈ, ਤੂੰ ਸਾਰੇ ਭਵਨਾਂ ਵਿਚ ਵਿਆਪਕ ਹੈਂ, ਸਭ ਰੰਗਾਂ ਵਿਚ ਤੂੰ (ਸੋਭਾ ਦੇ ਰਿਹਾ) ਹੈਂ, ਸਭ ਦਾ ਨਾਸ ਕਰਨ ਵਾਲਾ (ਭੀ) ਹੈਂ ॥੨੨॥

**ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥**
**ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥੨੩॥**

**ਪਦ ਅਰਥ :** ਕਾਲ—ਮੌਤ। ਕਾਲ ਕਾਲ—ਮੌਤ ਦੀ ਮੌਤ, ਭਾਵ ਮੌਤ ਜਿਸ ਦੇ ਅਧੀਨ ਹੈ, ਜੋ ਮੌਤ ਨੂੰ ਵੀ ਮੁਕਾ ਸਕਦਾ ਹੈ। ਨਮਸਤਸਤੁ—(ਵੇਖੋ ਛੰਦ ਨੰ: ੧੬) ਤੈਨੂੰ ਨਮਸਕਾਰ ਹੋਵੇ। ਦਿਆਲੇ—ਦਇਆ + ਆਲਯ, ਦਇਆ ਦਾ ਘਰ। ਅਬਰਨ—ਅ + ਬਰਨ, ਅ + ਵਰਣ, ਜਿਸ ਦਾ ਕੋਈ ਇਕ ਰੰਗ ਨਹੀਂ ਹੈ। ਅਮਰਨ—ਅ + ਮਰਨ, ਮੌਤ-ਰਹਿਤ।

**ਅਰਥ :** ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਤੂੰ ਮੌਤ ਨੂੰ ਭੀ ਮੁਕਾ ਦੇਣ ਵਾਲਾ ਹੈਂ, ਹੇ ਦਇਆ ਦੇ ਘਰ! ਤੈਨੂੰ ਅਸਾਡੀ ਨਮਸਕਾਰ ਹੋਵੇ; ਤੇਰਾ ਕੋਈ ਇਕ

ਰੰਗ ਨਹੀਂ ਹੈ, ਤੈਨੂੰ ਮੌਤ ਮਾਰ ਨਹੀਂ ਸਕਦੀ ॥੨੩॥

**ਨਮਸਤੰ ਜਰਾਰਿੰ ॥ ਨਮਸਤੰ ਕ੍ਰਤਾਰੰ ॥**
**ਨਮੋ ਸਰਬ ਧੰਧੇ ॥ ਨਮੋ ਸਤ ਅਬੰਧੇ ॥੨੪॥**

***ਪਦ ਅਰਥ :*** ਜਰਾਰਿੰ—ਜਰਾ + ਅਰਿੰ। ਜਰਾ—ਬੁਢੇਪਾ। ਅਰਿੰ—ਵੈਰੀ ਨੂੰ। ਕ੍ਰਤਾਰੰ—ਕਰਤਾਰੰ, ਕਰਤਾਰ ਨੂੰ, ਸਭ ਜੀਵਾਂ ਦੇ ਪੈਦਾ ਕਰਨ ਵਾਲੇ ਨੂੰ। ਧੰਧਾ—ਝੰਬੇਲਾ, ਦੁਨੀਆ ਦੇ ਕਾਰ-ਵਿਹਾਰ। ਸਰਬ-ਧੰਧਾ—ਉਹ ਜੋ ਦੁਨੀਆ ਦੇ ਸਾਰੇ ਕਾਰ-ਵਿਹਾਰ ਆਪ ਚਲਾ ਰਿਹਾ ਹੈ। ਸਤ—ਹਸਤੀ ਵਾਲਾ, ਹੋਂਦ ਵਾਲਾ। ਅਬੰਧ—ਅ + ਬੰਧ, ਬੰਧਨਾਂ ਤੋਂ ਰਹਿਤ।

***ਅਰਥ :*** ਹੇ ਪ੍ਰਭੂ ! ਤੈਨੂੰ ਅਸਾਡੀ ਨਮਸਕਾਰ ਹੈ; ਤੂੰ ਬੁਢੇਪੇ ਦਾ ਵੈਰੀ ਹੈਂ (ਬੁਢੇਪਾ ਤੇਰੇ ਨੇੜੇ ਨਹੀਂ ਢੁਕ ਸਕਦਾ), ਤੂੰ ਸਭ ਜੀਵਾਂ ਦਾ ਪੈਦਾ ਕਰਨ ਵਾਲਾ ਹੈਂ, ਤੂੰ ਆਪ ਹੀ (ਦੁਨੀਆ ਦੇ) ਸਾਰੇ ਕਾਰ-ਵਿਹਾਰ ਚਲਾ ਰਿਹਾ ਹੈਂ। ਤੂੰ ਸੱਚਮੁੱਚ ਹੈਂ ਤੇ (ਦੁਨੀਆ ਦੇ) ਬੰਧਨਾਂ ਤੋਂ ਰਹਿਤ (ਭੀ) ਹੈਂ ॥੨੪॥

**ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥**
**ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੫॥**

***ਪਦ ਅਰਥ :*** ਨ੍ਰਿਸਾਕ—ਨਿਰ-ਸਾਕ, ਜਿਸ ਦਾ ਕੋਈ ਖ਼ਾਸ ਸੰਬੰਧੀ ਨਹੀਂ ਹੈ। ਨ੍ਰਿਬਾਕ—ਨਿਰ-ਬਾਕ। ਬਾਕ—ਡਰ (ਫ਼ਾਰਸੀ ਲਫ਼ਜ਼ ਹੈ)। ਰਹੀਮ—ਰਹਿਮ ਕਰਨ ਵਾਲਾ। ਕਰੀਮ—ਬਖ਼ਸ਼ਸ਼ ਕਰਨ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੇਰਾ ਕੋਈ ਖ਼ਾਸ ਸੰਬੰਧੀ ਨਹੀਂ ਹੈ, ਤੈਨੂੰ ਕਿਸੇ ਤੋਂ ਡਰ ਨਹੀਂ, ਤੂੰ ਸਭ ਤੇ ਰਹਿਮ ਕਰਨ ਵਾਲਾ ਹੈਂ ਅਤੇ ਸਭ 'ਤੇ ਬਖ਼ਸ਼ਸ਼ ਕਰਨ ਵਾਲਾ ਹੈਂ ॥੨੫॥

**ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥**
**ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥੨੬॥**

***ਪਦ ਅਰਥ :*** ਅਨੰਤ—ਅਨ + ਅੰਤ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਮਹੰਤ—ਮਹਾਂਤ, ਸਭ ਤੋਂ ਵੱਡਾ। ਨਮਸਤਸਤੁ—(ਵੇਖੋ ਛੰਦ ਨੰ: ੧੯) ਤੈਨੂੰ ਨਮਸਕਾਰ ਹੋਵੇ। ਰਾਗ—ਪਿਆਰ (-ਸਰੂਪ)। ਸੁਹਾਗ—ਸੁਹਾਗ,

ਚੰਗੇ ਭਾਗ ਵਾਲਾ, ਪ੍ਰਤਾਪ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ, ਤੇਰਾ ਕਿਸੇ ਅੰਤ ਨਹੀਂ ਪਾਇਆ, ਤੂੰ ਸਭ ਤੋਂ ਵੱਡਾ ਹੈਂ, ਹੇ ਪ੍ਰਭੂ ! ਤੈਨੂੰ ਨਮਸਕਾਰ ਹੋਵੇ, ਤੂੰ ਪਿਆਰ-ਸਰੂਪ ਹੈਂ ਅਤੇ ਵੱਡੇ ਪ੍ਰਤਾਪ ਵਾਲਾ ਹੈਂ ॥੨੬॥

**ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥**
**ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥**

***ਪਦ ਅਰਥ :*** ਸੋਖੰ—(ਸ਼ੁਖ—ਸੁੱਕ ਜਾਣਾ। ਸ਼ੋਖਯ—ਸੁਕਾ ਦੇਣਾ) ਨਾਸ ਕਰਨ ਵਾਲਾ। ਪੋਖੰ—ਪਾਲਣ ਵਾਲਾ। ਹਰਤਾ—ਨਾਸ ਕਰਨ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੂੰ ਸਭ ਜੀਵਾਂ ਦਾ ਨਾਸ ਕਰਨ ਵਾਲਾ ਹੈਂ ਤੇ ਪਾਲਣ ਵਾਲਾ (ਭੀ) ਹੈਂ; ਤੂੰ ਸਭ ਜੀਵਾਂ ਦਾ ਪੈਦਾ ਕਰਨ ਵਾਲਾ (ਭੀ) ਹੈਂ ਅਤੇ ਨਾਸ ਕਰਨ ਵਾਲਾ ਭੀ ॥੨੭॥

**ਨਮੋ ਜੋਗਿ ਜੋਗੇ ॥ ਨਮੋ ਭੋਗਿ ਭੋਗੇ ॥**
**ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੮॥**

***ਪਦ ਅਰਥ :*** ਜੋਗਿ—ਜੋਗੀ, ਤਪੀ, ਤਿਆਗੀ। ਭੋਗਿ—ਭੋਗੀ, ਗ੍ਰਿਹਸਤੀ, ਪਦਾਰਥਾਂ ਨੂੰ ਭੋਗਣ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੂੰ ਤਿਆਗੀਆਂ ਵਿਚ ਤਿਆਗੀ ਹੈਂ; ਗ੍ਰਿਹਸਤੀਆਂ ਵਿਚ ਗ੍ਰਿਹਸਤੀ ਹੈਂ; ਤੂੰ ਸਭ ਜੀਆਂ ਉਤੇ ਦਇਆ ਕਰਨ ਵਾਲਾ ਹੈਂ; ਸਭ ਦੀ ਰੱਖਿਆ ਕਰਨ ਵਾਲਾ ਹੈਂ ॥੨੮॥

**ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥**
**ਅਰੂਪ ਹੈਂ ॥ ਅਨੂਪ ਹੈਂ ॥ ਅਜੂ ਹੈਂ ॥ ਅਭੂ ਹੈਂ ॥੨੯॥**

***ਪਦ ਅਰਥ :*** ਅਨੂਪ—ਅਨ + ਊਪ, ਉਪਮਾ ਰਹਿਤ, ਬੇ-ਮਿਸਾਲ, ਲਾਸਾਨੀ। ਅਜੂ—ਅ + ਜੂ। ਜੂ—(to move on quickly) ਚੱਲ। ਅਜੂ—ਅਚੱਲ। ਅਭੂ—ਅ + ਭੂ। ਭੂ—ਪੈਦਾ ਹੋਣਾ। ਅਭੂ—ਜੋ ਜਨਮ ਰਹਿਤ ਹੈ।

***ਅਰਥ :*** ਹੇ ਪ੍ਰਭੂ ! ਨਾ ਤੇਰਾ ਕੋਈ ਇਕ ਰੂਪ ਹੈ, ਨਾ ਕੋਈ ਤੇਰੀ ਬਰਾਬਰੀ

ਦਾ ਹੈ। ਤੂੰ ਅਚੱਲ ਹੈਂ ਅਤੇ ਜਨਮ ਵਿਚ ਨਹੀਂ ਆਉਂਦਾ॥੨੯॥

## ਅਲੇਖ ਹੈਂ॥ ਅਭੇਖ ਹੈਂ॥ ਅਨਾਮ ਹੈਂ॥ ਅਕਾਮ ਹੈਂ॥੩੦॥

***ਪਦ ਅਰਥ :*** ਅਲੇਖ—ਅ + ਲੇਖ। ਲੇਖ—ਚਿੱਤਰ, ਤਸਵੀਰ। ਅਭੇਖ—ਅ + ਭੇਖ। ਭੇਖ—ਵੇਸ, ਪਹਿਰਾਵਾ। ਅਨਾਮ—ਅ + ਨਾਮ। ਅਕਾਮ—ਅ + ਕਾਮ, ਕਾਮਨਾ ਰਹਿਤ।

***ਅਰਥ :*** ਹੇ ਪ੍ਰਭੂ! ਤੇਰੀ ਕੋਈ ਤਸਵੀਰ ਨਹੀਂ ਬਣਾਈ ਜਾ ਸਕਦੀ, ਤੇਰਾ ਕੋਈ ਖ਼ਾਸ ਪਹਿਰਾਵਾ ਨਹੀਂ ਹੈ, ਤੇਰਾ ਕੋਈ ਇਕ ਨਾਮ ਨਹੀਂ, ਤੈਨੂੰ ਕੋਈ ਕਾਮਨਾ ਪੋਹ ਨਹੀਂ ਸਕਦੀ॥੩੦॥

## ਅਧੇ ਹੈਂ॥ ਅਭੇ ਹੈਂ॥ ਅਜੀਤ ਹੈਂ॥ ਅਭੀਤ ਹੈਂ॥੩੧॥

***ਪਦ ਅਰਥ :*** ਅਧੇ—ਅ + ਧੇ। ਧੇ—(ਸੰ: ਧਜੇਯ, to be meditated upon) ਜਿਸ ਨੂੰ ਸੋਚ ਮੰਡਲ ਵਿਚ ਲਿਆਂਦਾ ਜਾ ਸਕੇ। ਅਧੇ—ਜੋ ਮਨੁੱਖ ਦੀ ਸੋਚ ਤੋਂ ਪਰੇ ਹੈ। ਅਭੇ—ਅ + ਭੇ, ਭੇਦ-ਰਹਿਤ ਹੈਂ, ਤੇਰਾ ਭੇਦ ਨਹੀਂ ਪਾਇਆ ਜਾ ਸਕਦਾ। ਅਜੀਤ—ਅਜਿੱਤ। ਅਭੀਤ—ਅ + ਭੀਤ, ਡਰ-ਰਹਿਤ। ਭੀਤ—ਡਰਿਆ ਹੋਇਆ।

***ਅਰਥ :*** ਹੇ ਪ੍ਰਭੂ! ਤੂੰ ਜੀਵਾਂ ਦੀ ਸੋਚ ਦੀ ਹੱਦ ਤੋਂ ਪਰੇ ਹੈਂ (ਭਾਵ, ਸੋਚ ਦੀ ਸਹਾਇਤਾ ਨਾਲ ਤੇਰਾ ਮੁਕੰਮਲ ਸਰੂਪ ਕਿਸੇ ਨਹੀਂ ਸਮਝਿਆ), ਤੇਰਾ ਭੇਤ ਕੋਈ ਨਹੀਂ ਪਾ ਸਕਿਆ; ਤੂੰ ਅਜਿੱਤ ਹੈਂ ਅਤੇ ਤੈਨੂੰ ਕਿਸੇ ਦਾ ਡਰ ਨਹੀਂ॥੩੧॥

## ਤ੍ਰਿਮਾਨ ਹੈਂ॥ ਨਿਧਾਨ ਹੈਂ॥ ਤ੍ਰਿਬਰਗ ਹੈਂ॥ ਅਸਰਗ ਹੈਂ॥੩੨॥

***ਪਦ ਅਰਥ :*** ਤ੍ਰਿ—ਤਿੰਨ ਲੋਕ (ਅਕਾਸ਼, ਮਾਤ, ਪਾਤਾਲ)। ਮਾਨ—ਆਦਰ, ਪੂਜਾ। ਤ੍ਰਿਮਾਨ—ਤਿੰਨ ਲੋਕਾਂ ਦੇ ਹੀ ਜੀਵ ਜਿਸ ਅੱਗੇ ਨਿਉਂਦੇ ਹਨ। ਨਿਧਾਨ—ਖ਼ਜ਼ਾਨਾ (ਸਭ ਗੁਣਾਂ ਦਾ)। ਤ੍ਰਿਬਰਗ—(ਵੇਖੋ ਛੰਦ ਨੰ: ੧੪) ਉਹ ਜਿਸ ਵਿਚ ਜਗਤ ਦੇ ਤਿੰਨੇ ਹੀ ਪਦਾਰਥ ਮੌਜੂਦ ਹਨ। ਅਸਰਗ—(ਵੇਖੋ ਛੰਦ ਨੰ: ੧੪) ਜੋ ਪੈਦਾ ਨਾ ਕੀਤਾ ਜਾ ਸਕੇ।

***ਅਰਥ :*** ਹੇ ਪ੍ਰਭੂ! ਤਿੰਨਾਂ ਹੀ ਭਵਨਾਂ ਦੇ ਜੀਵ ਤੇਰੇ ਅੱਗੇ ਨਿਉਂਦੇ

ਹਨ, ਤੂੰ ਸਭ ਗੁਣਾਂ ਦਾ ਖ਼ਜ਼ਾਨਾ ਹੈਂ। ਹੇ ਪ੍ਰਭੂ! ਜਗਤ ਦੇ ਤਿੰਨੇ ਹੀ ਪਦਾਰਥ (ਧਰਮ, ਅਰਥ, ਕਾਮ) ਜੀਵਾਂ ਨੂੰ ਤੈਥੋਂ ਹੀ ਮਿਲਦੇ ਹਨ, ਤੈਨੂੰ ਕੋਈ ਪੈਦਾ ਨਹੀਂ ਕਰ ਸਕਦਾ॥੩੨॥

## ਅਨੀਲ ਹੈਂ॥ ਅਨਾਦਿ ਹੈਂ॥ ਅਜੇ ਹੈਂ॥ ਅਜਾਦਿ ਹੈਂ॥੩੩॥

***ਪਦ ਅਰਥ*** : ਅਨੀਲ—ਅਨਿਲ, ਹਵਾ (ਛੰਦ ਨੰ: ੭), ਸਭ ਜੀਵਾਂ ਦੀ ਜਿੰਦ ਦਾ ਆਸਰਾ। ਅਨਾਦਿ—ਜਿਸ ਦਾ ਆਦਿ ਨਹੀਂ ਲੱਭ ਸਕਦਾ। ਆਦਿ—ਸ਼ੁਰੂ। ਅਜੇ—ਅਜਿੱਤ। ਅਜਾਦਿ—ਅਜ + ਆਦਿ। ਅਜ—ਅ + ਜ, ਅ-ਜਨਮਾ। ਆਦਿ—(ਸਭ ਦਾ) ਮੁੱਢ। ਜਾ—ਪੈਦਾ ਹੋਣਾ।

***ਅਰਥ*** : ਹੇ ਪ੍ਰਭੂ! ਸਾਰੇ ਪ੍ਰਾਣੀ ਤੇਰੇ ਆਸਰੇ ਜੀਉਂਦੇ ਹਨ, ਤੂੰ ਕਦੋਂ ਦਾ ਹੈਂ, ਇਹ ਗੱਲ ਕੋਈ ਨਹੀਂ ਲੱਭ ਸਕਿਆ। ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੂੰ ਜਨਮ ਤੋਂ ਰਹਿਤ ਹੈਂ ਤੇ ਸਭ ਦਾ ਮੂਲ ਹੈਂ॥੩੩॥

## ਅਜਨਮ ਹੈਂ॥ ਅਬਰਨ ਹੈਂ॥ ਅਭੂਤ ਹੈਂ॥ ਅਭਰਨ ਹੈਂ॥੩੪॥

***ਪਦ ਅਰਥ*** : ਅਜਨਮ—ਅ + ਜਨਮ, ਜਨਮ ਵਿਚ ਨਾ ਆਉਣ ਵਾਲਾ। ਅਬਰਨ—ਅ + ਬਰਨ। ਬਰਨ—ਰੰਗ, ਜਾਤਿ-ਭੇਦ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ) (ਦੇਖੋ ਛੰਦ ਨੰ: ੨੩)। ਅਭੂਤ—ਅ + ਭੂਤ, ਤੱਤਾਂ ਤੋਂ ਰਹਿਤ। ਅਭਰਨ—ਅ + ਭਰਨ। ਭਰਨ—ਪਾਲਣਾ ਪੋਸਣਾ। ਅਭਰਨ—ਜੋ ਪਰਵਰਿਸ਼ ਲਈ ਕਿਸੇ ਦਾ ਮੁਥਾਜ ਨਾ ਹੋਵੇ।

***ਅਰਥ*** : ਹੇ ਪ੍ਰਭੂ! ਤੂੰ ਜਨਮ ਵਿਚ ਨਹੀਂ ਆਉਂਦਾ, ਤੇਰੀ ਕੋਈ ਜਾਤਿ ਨਹੀਂ ਹੈ, (ਸ੍ਰਿਸ਼ਟੀ ਰਚਨਾ ਵਾਲੇ) ਤੱਤਾਂ ਤੋਂ ਤੂੰ ਪਰੇ ਹੈਂ, ਆਪਣੀ ਪਾਲਣਾ ਵਾਸਤੇ ਤੈਨੂੰ ਕਿਸੇ ਦੀ ਮੁਥਾਜੀ ਨਹੀਂ ਹੈ॥੩੪॥

## ਅਗੰਜ ਹੈਂ। ਅਭੰਜ ਹੈਂ॥ ਅਜੂਝ ਹੈਂ॥ ਅਝੰਝ ਹੈਂ॥੩੫॥

***ਪਦ ਅਰਥ*** : ਅਗੰਜ—ਅ + ਗੰਜ। ਗੰਜਨ—ਹਰਾਉਣਾ, ਜਿੱਤਣਾ। ਅਗੰਜ—ਅਜਿੱਤ (ਵੇਖੋ ਛੰਦ ਨੰ: ੪, ੮)। ਅਭੰਜ—ਅ + ਭੰਜ, ਜੋ ਤੋੜਿਆ ਨਾ ਜਾ ਸਕੇ। ਅਜੂਝ—ਅ + ਜੂਝ। ਜੂਝਣਾ—ਲੜਨਾ। ਅਜੂਝ—ਜਿਸ ਨਾਲ ਕੋਈ ਲੜ ਨਾ ਸਕੇ। ਅਝੰਝ—ਅ + ਝੰਝ। ਝੰਝ—ਝਗੜਾ। ਅਝੰਝ—ਝਗੜਿਆਂ ਤੋਂ ਰਹਿਤ।

**ਅਰਥ :** ਹੇ ਪ੍ਰਭੂ ! ਤੈਨੂੰ ਕੋਈ ਜਿੱਤ ਨਹੀਂ ਸਕਦਾ, ਕੋਈ ਤੈਨੂੰ ਤੋੜ ਨਹੀਂ ਸਕਦਾ, ਕੋਈ ਤੇਰੇ ਨਾਲ ਲੜ ਨਹੀਂ ਸਕਦਾ, ਤੈਨੂੰ ਕੋਈ ਝੰਬੇਲੇ ਝਗੜੇ ਵਿਆਪ ਨਹੀਂ ਸਕਦੇ ॥੩੫॥

## ਅਮੀਕ ਹੈਂ ॥ ਰਫ਼ੀਕ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥੩੬॥

**ਪਦ ਅਰਥ :** ਅਮੀਕ—(ਅਰਬੀ ਲਫ਼ਜ਼) ਡੂੰਘਾ, ਅਥਾਹ। ਰਫ਼ੀਕ—ਮਿਤ੍ਰ, ਸਾਥੀ। ਅਧੰਧ—ਅ + ਧੰਧ। ਧੰਧ—ਝੰਬੇਲੇ। ਅਬੰਧ—ਅ + ਬੰਧ। ਬੰਧ—(ਜਗਤ ਦੇ) ਬੰਧਨ।

**ਅਰਥ :** ਹੇ ਪ੍ਰਭੂ ! (ਤੂੰ ਇਕ ਐਸਾ ਸਮੁੰਦਰ ਹੈਂ ਜਿਸ ਦੀ) ਥਾਹ ਨਹੀ ਪੈ ਸਕਦੀ; ਤੂੰ (ਸਭ ਜੀਵਾਂ ਦਾ) ਸਾਥੀ ਹੈਂ (ਪਰ ਜਗਤ ਦੇ ਕੋਈ) ਝੰਬੇਲੇ ਤੈਨੂੰ ਘੇਰ ਨਹੀਂ ਸਕਦੇ ਅਤੇ (ਮਾਇਆ ਦੇ) ਜੰਜਾਲ ਤੈਨੂੰ ਫਸਾ ਨਹੀਂ ਸਕਦੇ ॥੩੬॥

## ਨ੍ਰਿਬੂਝ ਹੈਂ ॥ ਅਸੂਝ ਹੈਂ ॥ ਅਕਾਲ ਹੈਂ ॥ ਅਜਾਲ ਹੈਂ ॥੩੭॥

**ਪਦ ਅਰਥ :** ਨ੍ਰਿਬੂਝ—ਨਿਰ + ਬੂਝ, ਜੋ ਬੁਝਿਆ ਨਾ ਜਾ ਸਕੇ। ਅਸੂਝ—ਅ + ਸੂਝ, ਸਮਝ ਤੋਂ ਪਰੇ। ਅਜਾਲ—ਅ + ਜਾਲ, ਮਾਇਆ-ਜਾਲ ਤੋਂ ਰਹਿਤ, ਬੰਧਨਾਂ ਤੋਂ ਪਰੇ।

**ਅਰਥ :** ਹੇ ਪ੍ਰਭੂ ! (ਤੇਰੇ ਡੂੰਘੇ ਭੇਤ) ਬੁੱਝੇ ਨਹੀਂ ਜਾ ਸਕਦੇ, ਤੂੰ (ਮਨੁੱਖਾ) ਸਮਝ ਤੋਂ ਪਰੇ ਹੈਂ, ਤੂੰ ਮੌਤ-ਰਹਿਤ ਹੈਂ, ਮਾਇਆ ਦੇ ਬੰਧਨ ਤੈਨੂੰ ਫਸਾ ਨਹੀਂ ਸਕਦੇ ॥੩੭॥

## ਅਲਾਹ ਹੈਂ ॥ ਅਜਾਹ ਹੈਂ ॥ ਅਨੰਤ ਹੈਂ ॥ ਮਹੰਤ ਹੈਂ ॥੩੮॥

**ਪਦ ਅਰਥ :** ਅਲਾਹ—ਅ + ਲਾਹ, ਅਲੱਭ, ਜਿਸ ਨੂੰ ਲੱਭਿਆ ਨਾ ਜਾ ਸਕੇ। ਅਜਾਹ—ਅ + ਜਾਹ। ਜਾਹ—ਜਗਹ, ਥਾਂ। ਅਜਾਹ—ਜਿਸ ਦੀ ਕੋਈ ਜਗਹ ਨਹੀਂ, ਜਿਸ ਦੀ ਕੋਈ ਥਾਂ ਨਹੀਂ। ਅਨੰਤ—ਅਨ + ਅੰਤ, ਬੇਅੰਤ। ਮਹੰਤ—ਮਹਾਂਤ, ਬਹੁਤ ਵੱਡਾ।

**ਅਰਥ :** ਹੇ ਪ੍ਰਭੂ ! ਤੈਨੂੰ (ਕਿਸੇ ਥਾਂ ਤੇ) ਲੱਭਿਆ ਨਹੀਂ ਜਾ ਸਕਦਾ, (ਕਿਉਂਕਿ) ਤੇਰੀ ਕੋਈ ਇਕ ਥਾਂ ਨਹੀਂ ਹੈ। ਹੇ ਪ੍ਰਭੂ ! ਤੂੰ ਬੇਅੰਤ ਹੈਂ, ਸਭ ਤੋਂ ਵੱਡਾ ਹੈਂ ॥੩੮॥

## ਅਲੀਕ ਹੈਂ ॥ ਨ੍ਰਿਸਰੀਕ ਹੈਂ ॥ ਨਿਰਲੰਭ ਹੈਂ ॥ ਅਸੰਭ ਹੈਂ ॥੩੯॥

***ਪਦ ਅਰਥ :*** ਅਲੀਕ—ਅ + ਲੀਕ, ਜੋ ਲੀਕਿਆ ਨਾ ਜਾ ਸਕੇ, ਜਿਸ ਦੀਆਂ ਹੱਦਾਂ ਦੀ ਲੀਕ ਨਾ ਖਿੱਚੀ ਜਾ ਸਕੇ। ਨ੍ਰਿਸਰੀਕ—ਨਿਰ + ਸਰੀਕ, ਜਿਸ ਦਾ ਕੋਈ ਸ਼ਰੀਕ ਨਹੀਂ, ਜਿਸ ਨਾਲ ਕੋਈ ਸ਼ਰੀਕਾ ਨਾ ਕਰ ਸਕੇ। ਨਿਰਲੰਭ—ਨਿਰ + ਅਲੰਭ। ਅਲੰਭ—ਆਲੰਭ, ਸਹਾਰਾ, ਆਸਰਾ। ਨਿਰਲੰਭ—ਜਿਸ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ। ਅਸੰਭ—ਅਸੰਭਵਜ, ਜੋ ਵਿਚਾਰ ਦੀ ਹੱਦ ਵਿਚ ਨਾ ਆ ਸਕੇ। ਸੰਭਾਵਨਾ—ਵਿਚਾਰ, ਖ਼ਿਆਲ (ਵੇਖੋ ਛੰਦ ਨੰ: ੧੪੦)।

***ਅਰਥ :*** ਹੇ ਪ੍ਰਭੂ ! ਤੇਰਾ ਹੱਦ ਬੰਨਾ ਦੱਸਿਆ ਨਹੀਂ ਜਾ ਸਕਦਾ, ਕੋਈ ਤੇਰੇ ਨਾਲ ਸ਼ਰੀਕਾ ਨਹੀਂ ਕਰ ਸਕਦਾ; ਤੈਨੂੰ ਕਿਸੇ ਆਸਰੇ ਦੀ ਲੋੜ ਨਹੀਂ ਅਤੇ ਤੂੰ ਜੀਵਾਂ ਦੇ ਵਿਚਾਰ-ਮੰਡਲ ਤੋਂ ਪਰੇ ਹੈਂ ॥੩੯॥

## ਅਗੰਮ ਹੈਂ ॥ ਅਜੰਮ ਹੈਂ ॥ ਅਭੂਤ ਹੈਂ ॥ ਅਛੂਤ ਹੈਂ ॥੪੦॥

***ਪਦ ਅਰਥ :*** ਅਗੰਮ—ਜਿਸ ਤਕ ਪਹੁੰਚ ਨਾ ਹੋ ਸਕੇ। ਅਜੰਮ—ਜਨਮ ਤੋਂ ਰਹਿਤ। ਅਛੂਤ—ਛੂਤ ਤੋਂ ਰਹਿਤ, ਜਿਸ ਨੂੰ ਕੋਈ ਛੁਹ ਨਾ ਸਕੇ।

***ਅਰਥ :*** ਹੇ ਪ੍ਰਭੂ ! ਤੂੰ ਪਹੁੰਚ ਤੋਂ ਪਰੇ ਹੈਂ, ਤੂੰ ਜਨਮ ਵਿਚ ਨਹੀਂ ਆਉਂਦਾ, ਤੇਰਾ ਵਜੂਦ (ਜਗਤ-ਰਚਨਾ ਦੇ ਪੰਜ) ਤੱਤਾਂ ਤੋਂ ਨਹੀਂ ਬਣਿਆ, (ਇਸ ਵਾਸਤੇ) ਕੋਈ (ਪੰਜ ਭੌਤਿਕ ਜੀਵ) ਤੈਨੂੰ ਛੁਹ ਨਹੀਂ ਸਕਦਾ ॥੪੦॥

## ਅਲੋਕ ਹੈਂ ॥ ਅਸ਼ੋਕ ਹੈਂ ॥ ਅਕਰਮ ਹੈਂ ॥ ਅਭਰਮ ਹੈਂ ॥੪੧॥

***ਪਦ ਅਰਥ :*** ਅਲੋਕ—(ਵੇਖੋ ਛੰਦ ਨੰ: ੧੨) ਅਦ੍ਰਿਸ਼ਟ।

***ਅਰਥ :*** ਹੇ ਪ੍ਰਭੂ ! ਤੂੰ (ਸਾਨੂੰ ਇਹਨਾਂ ਅੱਖਾਂ ਨਾਲ) ਨਹੀਂ ਦਿੱਸਦਾ, ਤੈਨੂੰ ਕੋਈ ਚਿੰਤਾ ਪੋਹ ਨਹੀਂ ਸਕਦੀ; ਤੈਨੂੰ ਮਿਲਣ ਲਈ ਕਿਸੇ ਧਾਰਮਿਕ ਰਸਮ ਦੇ ਕਰਨ ਦੀ ਲੋੜ ਨਹੀਂ, ਤੂੰ ਭਰਮਾਂ ਤੋਂ ਰਹਿਤ ਹੈਂ ॥੪੧॥

## ਅਜੀਤ ਹੈਂ ॥ ਅਭੀਤ ਹੈਂ ॥ ਅਬਾਹ ਹੈਂ ॥ ਅਗਾਹ ਹੈਂ ॥੪੨॥

***ਅਰਥ :*** ਹੇ ਪ੍ਰਭੂ ! ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੈਨੂੰ ਕਿਸੇ ਦਾ ਡਰ ਨਹੀਂ, ਤੂੰ (ਮਾਨੋ, ਇਕ ਐਸਾ ਪਰਬਤ ਹੈਂ ਜੋ) ਹਿਲਾਇਆ ਨਹੀਂ ਜਾ ਸਕਦਾ, ਤੂੰ (ਮਾਨੋ, ਇਕ ਐਸਾ ਸਮੁੰਦਰ) ਹੈਂ ਜਿਸ ਦੀ ਥਾਹ ਨਹੀਂ ਪੈਂਦੀ ॥੪੨॥

**ਅਮਾਨ ਹੈਂ ॥ ਨਿਧਾਨ ਹੈਂ ॥ ਅਨੇਕ ਹੈਂ ॥ ਫਿਰਿ ਏਕੁ ਹੈਂ ॥੪੩॥**

***ਪਦ ਅਰਥ :*** ਅਮਾਨ—ਅ + ਮਾਨ। ਮਾਨ—(ਮਾ—ਮਿਣਨਾ) ਮਾਪ। ਅਮਾਨ—ਮਾਪ-ਰਹਿਤ, ਜੋ ਐਸਾ ਹੈ ਕਿ ਕੋਈ ਮਾਪ ਉਸ ਨੂੰ ਮਿਣ ਨਹੀਂ ਸਕਦਾ। ਨਿਧਾਨ—ਖ਼ਜ਼ਾਨਾ।

***ਅਰਥ :*** ਹੇ ਪ੍ਰਭੂ ! (ਜਗਤ ਦਾ) ਕੋਈ ਮਾਪ ਤੇਰਾ ਅੰਦਾਜ਼ਾ ਨਹੀਂ ਲਗਾ ਸਕਦਾ; ਤੂੰ ਸਭ (ਪਦਾਰਥਾਂ ਤੇ ਗੁਣਾਂ) ਦਾ ਖ਼ਜ਼ਾਨਾ ਹੈਂ, ਤੂੰ (ਆਪਣੇ ਇਕ ਸਰੂਪ ਤੋਂ) ਬੇਅੰਤ ਰੂਪ ਬਣਾਏ ਹੋਏ ਹਨ; ਫਿਰ ਭੀ ਤੂੰ ਆਪ ਹੀ ਆਪ ਇਕ ਹੈਂ (ਭਾਵ, ਕੋਈ ਤੇਰਾ ਸ਼ਰੀਕ ਨਹੀਂ ਹੈ)॥੪੩॥

## ਭੁਜੰਗ ਪ੍ਰਯਾਤ ਛੰਦ ॥

**ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥**
**ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥੪੪॥**

***ਪਦ ਅਰਥ :*** ਮਾਨ—ਮਾਨਜ, ਆਦਰ-ਯੋਗ। ਸਮਸਤ—ਸਾਰੇ। ਨਿਧਾਨ—ਖ਼ਜ਼ਾਨਾ। ਅਭੇਖੀ—ਅ + ਭੇਖੀ, ਜਿਸ ਦਾ ਕੋਈ ਇੱਕ ਵੇਸ ਨਹੀਂ ਹੈ। ਅਭੇਵ—ਅ + ਭੇਵ, ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਸਭ ਜੀਆ-ਜੰਤ ਤੈਨੂੰ ਹੀ ਪੂਜਦੇ ਹਨ, ਤੂੰ ਸਭ (ਗੁਣਾਂ ਤੇ ਪਦਾਰਥਾਂ) ਦਾ ਖ਼ਜ਼ਾਨਾ ਹੈਂ; ਤੂੰ ਸਭ ਦੇਵਤਿਆਂ ਦਾ ਦੇਵਤਾ ਹੈਂ; ਤੇਰਾ ਕੋਈ ਇਕ ਵੇਸ ਨਹੀਂ ਹੈ; ਤੇਰਾ ਕੋਈ ਭੇਤ ਨਹੀਂ ਪਾ ਸਕਦਾ ॥੪੪॥

**ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥**
**ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥**

***ਪਦ ਅਰਥ :*** ਕਾਲ ਕਾਲ—ਮੌਤ ਦੀ ਭੀ ਮੌਤ, ਮੌਤ ਨੂੰ ਭੀ ਮੁਕਾ ਦੇਣ ਵਾਲਾ (ਵੇਖੋ ਛੰਦ ਨੰ: ੨੩)। ਸਰਬ ਪਾਲ—ਸਭ ਦੀ ਰੱਖਿਆ ਕਰਨ ਵਾਲਾ। ਸਰਬ-ਗਉਣ—ਸਰਬ-ਗਮਨ, ਜਿਸ ਦੀ ਸਭ ਜੀਆਂ ਤਕ ਪਹੁੰਚ ਹੈ। ਸਰਬ ਭਉਣ—ਜੋ ਸਭ ਲੋਕਾਂ (ਭਵਨਾਂ) ਵਿਚ ਮੌਜੂਦ ਹੈ (ਵੇਖੋ ਛੰਦ ਨੰ: ੨੨)।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਮੌਤ ਨੂੰ ਭੀ ਮੁਕਾ ਦੇਣ ਵਾਲਾ

ਹੈਂ; ਤੂੰ ਸਭ ਜੀਵਾਂ ਦੀ ਰੱਖਿਆ ਕਰਨ ਵਾਲਾ ਹੈਂ, ਸਭ ਜੀਵਾਂ ਤਕ ਤੇਰੀ ਪਹੁੰਚ ਹੈ, ਅਤੇ ਤੂੰ ਸਭ ਭਵਨਾਂ ਵਿਚ ਮੌਜੂਦ ਹੈਂ ॥੪੫॥

**ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥**
**ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੪੬॥**

***ਪਦ ਅਰਥ*** : ਅਨੰਗੀ—ਅਨ + ਅੰਗੀ, ਜਿਸ ਦਾ ਕੋਈ ਅੰਗ ਨਹੀਂ। ਅਨਾਥ—ਅ + ਨਾਥ, ਜਿਸ ਦੇ ਸਿਰ ਉਤੇ ਹੋਰ ਕੋਈ ਖਸਮ ਮਾਲਕ ਨਹੀਂ ਹੈ। ਨ੍ਰਿਸੰਗੀ—ਨਿਰ + ਸੰਗੀ, ਜਿਸ ਦਾ ਕੋਈ ਸਾਥ ਨਹੀਂ, ਕੋਈ ਬਰਾਬਰ ਦਾ ਨਹੀਂ ਹੈ। ਪ੍ਰਮਾਥ—ਨਾਸ ਕਰਨ ਵਾਲਾ (ਵੇਖੋ ਛੰਦ ਨੰ: ੧੪੬)। ਭਾਨ—ਸੂਰਜ। ਭਾਨ ਭਾਨ—ਸੂਰਜਾਂ ਦਾ ਸੂਰਜ, ਸੂਰਜ ਨੂੰ ਭੀ ਰੌਸ਼ਨੀ ਦੇਣ ਵਾਲਾ। ਮਾਨ—ਮਾਨਜ, (respectable) ਆਦਰ-ਯੋਗ। ਭਾਨ—(ਭਾ—ਚਮਕਣਾ, ਰੌਸ਼ਨ ਹੋਣਾ) ਰੌਸ਼ਨੀ ਦਾ ਖ਼ਜ਼ਾਨਾ।

***ਅਰਥ*** : ਹੇ ਪ੍ਰਭੂ! ਤੈਨੂੰ ਸਾਡੀ ਨਮਸਕਾਰ ਹੈ, ਨਾ ਤੇਰਾ ਕੋਈ ਖ਼ਾਸ ਅੰਗ ਹੈ, ਨਾ ਤੇਰਾ (ਤੈਥੋਂ ਵੱਡਾ) ਕੋਈ ਖਸਮ ਮਾਲਕ ਹੈ; ਤੇਰੇ ਕੋਈ ਬਰਾਬਰ ਦਾ ਨਹੀਂ, ਤੂੰ ਸਭ ਨੂੰ ਨਾਸ ਕਰਨ ਵਾਲਾ ਹੈਂ। ਤੈਨੂੰ ਨਮਸਕਾਰ ਹੈ, ਤੂੰ ਸੂਰਜਾਂ ਦਾ ਸੂਰਜ ਹੈਂ (ਭਾਵ, ਤੂੰ ਸੂਰਜ ਨੂੰ ਭੀ ਰੌਸ਼ਨੀ ਦੇਣ ਵਾਲਾ ਹੈਂ), ਵੱਡੇ ਵੱਡੇ ਆਦਰ-ਯੋਗ ਭੀ ਤੈਨੂੰ ਹੀ ਪੂਜਦੇ ਹਨ ॥੪੬॥

**ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥**
**ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥**

***ਪਦ ਅਰਥ*** : ਚੰਦ੍ਰ—ਚੰਦਰਮਾ। ਚੰਦ—(ਸੰ: to shine) ਚਮਕਣਾ, ਚਾਨਣ ਦੇਣਾ। ਚੰਦ੍ਰ ਚੰਦ੍ਰ—ਚੰਦਰਮਾ ਦਾ ਚੰਦਰਮਾ, ਚੰਦਰਮਾ ਨੂੰ ਚਾਨਣ ਦੇਣ ਵਾਲਾ। ਤਾਨ—(ਸੰ: a protracted tone : 'ਰਾਗ' ਵਿਚ 'ਤਾਨ' ਗਿਣਤੀ ਵਿਚ ੪੯ ਮਿਥੇ ਗਏ ਹਨ), ਸੁਰਾਂ ਦਾ ਲਮਕਵਾਂ ਪਲਟਾ, ਜੋ ਕਿਸੇ ਗੀਤ ਆਦਿਕ ਨੂੰ ਬੜਾ ਸੁੰਦਰ ਬਣਾ ਦੇਂਦਾ ਹੈ।

***ਅਰਥ*** : ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਤੂੰ ਚੰਦਰਮਾ ਨੂੰ ਚਾਨਣ ਦੇਣ ਵਾਲਾ ਅਤੇ ਸੂਰਜ ਨੂੰ ਵੀ ਰੌਸ਼ਨੀ ਦੇਣ ਵਾਲਾ ਹੈਂ [ਭਾਵ ਚੰਦਰਮਾ ਦੀ ਕੋਮਲ ਚਾਨਣੀ (ਜਮਾਲ) ਦਾ ਤੂੰ ਸੋਮਾ ਹੈਂ ਅਤੇ ਸੂਰਜ ਦੇ ਤੇਜ-ਮਈ ਪ੍ਰਕਾਸ਼ (ਜਲਾਲ)

ਦਾ ਭੀ ਤੂੰ ਖ਼ਜ਼ਾਨਾ ਹੈਂ; ਤੂੰ ਜਮਾਲ ਤੇ ਜਲਾਲ ਦੋਹਾਂ ਦਾ ਮਾਲਕ ਹੈਂ]। ਤੂੰ (ਮਾਨੋ) ਇਕ ਸੁੰਦਰ ਗੀਤ ਹੈਂ, ਤੂੰ ਇਕ ਮਹਾਨ ਦਿਲ-ਖਿਚਵਾਂ ਤ੍ਰਾਨਾ ਹੈਂ (ਜੋ ਆਪਣੀ ਮਿਠਾਸ ਨਾਲ ਜਗਤ ਨੂੰ ਮੋਹ ਰਿਹਾ ਹੈ)॥੪੭॥

## ਨਮੋ ਨ੍ਰਿੱਤ ਨ੍ਰਿੱਤੇ॥ ਨਮੋ ਨਾਦ ਨਾਦੇ॥
## ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥੪੮॥

***ਪਦ ਅਰਥ :*** ਨ੍ਰਿਤ—ਨਾਚ। ਨਾਦ—ਅਵਾਜ਼। ਪਾਨ—(ਸੰ: ਪਾਣਿ) ਹੱਥ। ਬਾਦ—ਵਾਦ, ਵਜਾਣਾ। ਪਾਣਿ-ਵਾਦਿ—(playing on a drum) ਢੋਲ ਵਜਾਣਾ। ਪਾਣਿ-ਵਾਦਿ—ਢੋਲ ਵਜਾਣ ਵਾਲਾ, ਨਗਾਰਚੀ। 'ਪਾਨ ਪਾਨ', 'ਵਾਦ ਵਾਦ'—ਤੂੰ ਇਕ ਮਹਾਨ ਵੱਡਾ ਨਗਾਰਚੀ ਹੈਂ (ਜਿਸ ਨੇ ਢੋਲ ਵਜਾ ਕੇ ਜਗਤ-ਰੂਪ ਮੇਲਾ ਇਕੱਠਾ ਕੀਤਾ ਹੋਇਆ ਹੈ)। 'ਪਾਨ ਪਾਨ' 'ਵਾਦ ਵਾਦ'—ਪਾਨਿ-ਵਾਦਿ, ਪਾਨਿ-ਵਾਦਿ, ਨਗਾਰਚੀਆਂ ਦਾ ਨਗਾਰਚੀ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਤੂੰ ਇਕ ਮਹਾਨ ਸੁੰਦਰ ਨਾਚ ਹੈਂ, ਇਕ ਮਹਾਨ ਸੁੰਦਰ ਅਵਾਜ਼ ਹੈਂ (ਜਿਸ ਨੇ ਸਾਰਾ ਜਗਤ ਮੋਹ ਲਿਆ ਹੈ)। ਤੈਨੂੰ ਨਮਸਕਾਰ ਹੈ; ਤੂੰ ਇਕ ਮਹਾਨ ਵੱਡਾ ਨਗਾਰਚੀ ਹੈਂ (ਜਿਸ ਨੇ ਢੋਲ ਵਜਾ ਕੇ ਜਗਤ-ਰੂਪ ਮੇਲਾ ਇਕੱਠਾ ਕੀਤਾ ਹੋਇਆ ਹੈ)॥੪੮॥

## ਅਨੰਗੀ ਅਨਾਮੇ॥ ਸਮਸਤੀ ਸਰੂਪੇ॥
## ਪ੍ਰਭੰਗੀ ਪ੍ਰਮਾਥੇ॥ ਸਮਸਤੀ ਬਿਭੂਤੇ॥੪੯॥

***ਪਦ ਅਰਥ :*** ਅਨੰਗੀ—ਅਨ + ਅੰਗੀ, ਅੰਗ-ਰਹਿਤ। ਅਨਾਮ—ਅ + ਨਾਮ, ਜਿਸ ਦਾ ਕੋਈ ਨਾਮ ਨਹੀਂ। ਸਮਸਤ—ਸਾਰੇ। ਸਮਸਤੀ ਸਰੂਪ—ਸਾਰੇ ਜੀਵ ਜਿਸ ਦਾ ਸਰੂਪ ਹਨ। ਪ੍ਰਭੰਗ—(destruction, complete defeat) ਮੁਕੰਮਲ ਹਾਰ, ਤਬਾਹੀ। ਪ੍ਰਭੰਗੀ—ਪਰਲੋ ਲੈ ਆਉਣ ਵਾਲਾ। ਪ੍ਰਮਾਥ—ਸਭ ਦਾ ਨਾਸ ਕਰਨ ਵਾਲਾ (ਵੇਖੋ ਛੰਦ ਨੰ: ੧੪੬)। ਬਿਭੂਤ—ਵਿਭੂਤਿ; ਸਿੱਧੀ (ਜੋ ਗਿਣਤੀ ਵਿਚ ੮ ਹਨ)। ਸਮਸਤੀ ਬਿਭੂਤੇ—ਉਸ ਪ੍ਰਭੂ ਨੂੰ ਜੋ ਸਭ ਜੀਵਾਂ ਲਈ ਸਿੱਧੀਆਂ ਦੇ ਥਾਂ ਹੈ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਤੇਰਾ ਨਾ ਕੋਈ ਖ਼ਾਸ ਅੰਗ ਹੈ, ਨਾ ਤੇਰਾ ਕੋਈ ਇਕ ਨਾਮ ਹੈ, ਸਾਰੇ ਹੀ ਜੀਵ ਤੇਰਾ ਰੂਪ ਹਨ। ਤੂੰ ਜਗਤ

ਵਿਚ ਪਰਲੋ ਲਿਆਉਣ ਵਾਲਾ ਹੈਂ ਅਤੇ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ, ਤੂੰ ਹੀ ਸਭ ਜੀਵਾਂ ਦੀ ਰਿੱਧੀ ਸਿੱਧੀ ਹੈਂ ॥੪੯॥

**ਕਲੰਕੰ ਬਿਨਾ ਨੇਕਲੰਕੀ ਸਰੂਪੇ ॥**
**ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥੫੦॥**

***ਪਦ ਅਰਥ :*** ਕਲੰਕੰ ਬਿਨਾ—ਕਲੰਕ ਤੋਂ ਬਿਨਾ, ਜਿਸ ਨੂੰ ਕੋਈ ਦਾਗ਼ ਨਹੀਂ ਹੈ। ਨੇਕਲੰਕੀ—ਨਿਹ-ਕਲੰਕੀ, ਕਲੰਕ-ਰਹਿਤ। ਰਾਜੇਸ੍ਵਰ—ਰਾਜ + ਈਸ਼੍ਵਰ, ਰਾਜਿਆਂ ਦਾ ਰਾਜਾ। ਪਰਮ ਰੂਪ—ਸਭ ਤੋਂ ਉੱਚੀ ਹਸਤੀ।

***ਅਰਥ :*** ਹੇ ਪ੍ਰਭੂ! ਤੈਨੂੰ ਸਾਡੀ ਨਮਸਕਾਰ ਹੈ; ਤੂੰ (ਵਿਕਾਰ ਆਦਿਕ) ਦਾਗ਼ ਤੋਂ ਰਹਿਤ ਹੈਂ, ਤੇ ਪਵਿਤ੍ਰ ਹਸਤੀ ਵਾਲਾ ਹੈਂ; ਤੂੰ ਰਾਜਿਆਂ ਦਾ ਰਾਜਾ ਹੈਂ, ਤੇ ਸਭ ਤੋਂ ਉੱਚੀ ਹਸਤੀ ਹੈਂ ॥੫੦॥

**ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ ॥**
**ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ ॥੫੧॥**

***ਪਦ ਅਰਥ :*** ਸਿੱਧ—ਉਹ ਰਿਸ਼ੀ ਜਿਸ ਦਾ ਆਤਮਾ ਪਵਿੱਤਰ ਹੋ ਚੁਕਿਆ ਹੋਵੇ ਤੇ ਜੋ ਅੱਠ ਪ੍ਰਸਿੱਧ ਆਤਮਕ ਤਾਕਤਾਂ 'ਸਿੱਧੀਆਂ' ਦਾ ਮਾਲਕ ਬਣ ਗਿਆ ਹੋਵੇ। ਜੋਗੇਸ੍ਵਰ—ਜੋਗ + ਈਸ਼੍ਵਰ, ਜੋਗੀਰਾਜ, ਜੋਗੀਆਂ ਦਾ ਮਾਲਕ। ਰਾਜੇਸ੍ਵਰ—ਰਾਜ + ਈਸ਼੍ਵਰ, ਰਾਜਿਆਂ ਦਾ ਰਾਜਾ। ਬ੍ਰਿਧ—ਵੱਡਾ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਤੂੰ ਹੀ ਜੋਗੀਆਂ ਦਾ ਜੋਗੀ ਜੋਗੀਰਾਜ ਹੈਂ ਤੇ ਸਭ ਤੋਂ ਉੱਚੀ ਆਤਮਕ ਅਵਸਥਾ ਵਾਲਾ ਸਿੱਧ ਹੈਂ; ਤੂੰ ਹੀ ਰਾਜਿਆਂ ਦਾ ਰਾਜਾ ਹੈਂ ਤੇ ਸਭ ਤੋਂ ਵੱਡਾ ਹਾਕਮ ਹੈਂ ॥੫੧॥

**ਨਮੋ ਸ਼ਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥**
**ਨਮੋ ਪਰਮ ਗਜਾਤਾ ॥ ਨਮੋ ਲੋਕ ਮਾਤਾ ॥੫੨॥**

***ਪਦ ਅਰਥ :*** ਸ਼ਸਤ੍ਰ—ਉਹ ਹਥਿਆਰ ਜੋ ਕੱਟ ਸਕੇ। ਸ਼ਸ—ਕੱਟਣਾ। ਅਸਤ੍ਰ—ਉਹ ਹਥਿਆਰ ਜੋ ਹੱਥੋਂ ਸੁੱਟ ਕੇ ਵਰਤਿਆ ਜਾਏ; ਜਿਵੇਂ ਤੀਰ, ਚਕ੍ਰ। ਅਸ—ਸੁੱਟਣਾ। ਪਾਣਿ—ਹੱਥ। ਸ਼ਸਤ੍ਰ-ਪਾਣਿ—ਉਹ ਜਿਸ ਦੇ ਹੱਥ ਵਿਚ (ਤਲਵਾਰ ਆਦਿਕ) ਹਥਿਆਰ ਹਨ। ਅਸਤ੍ਰ ਮਾਣ—ਅਸਤ੍ਰਾਂ ਵਾਲਾ, ਉਹ

ਜਿਸ ਦੇ ਪਾਸ (ਤੀਰ ਆਦਿਕ) ਹਥਿਆਰ ਹਨ। ਪਰਮ—ਸਭ ਤੋਂ ਚੰਗੀ ਤਰ੍ਹਾਂ, ਪੂਰਨ ਤੌਰ ਤੇ। ਗਜਾਤਾ—ਜਾਣਨ ਵਾਲਾ। ਲੋਕ ਮਾਤਾ—ਜਗਤ ਦੀ ਮਾਂ, ਮਾਂ ਵਾਂਗ ਜਗਤ ਨੂੰ ਪਿਆਰ ਕਰਨ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੇਰੇ ਹੱਥ ਵਿਚ (ਤਲਵਾਰ ਆਦਿਕ) ਹਥਿਆਰ ਸੱਜ ਰਹੇ ਹਨ, ਤੂੰ (ਤੀਰ ਆਦਿਕ) ਹਥਿਆਰਾਂ ਦਾ (ਭੀ) ਧਾਰਨ ਕਰਨ ਵਾਲਾ ਹੈਂ। ਹੇ ਪ੍ਰਭੂ! ਤੂੰ (ਸਭ ਜੀਵਾਂ ਦੇ ਦਿਲ ਦੀ) ਚੰਗੀ ਤਰ੍ਹਾਂ ਜਾਣਦਾ ਹੈਂ ਅਤੇ ਜਿਵੇਂ ਮਾਂ (ਆਪਣੇ ਬੱਚੇ ਨੂੰ ਪਿਆਰ ਕਰਦੀ ਹੈ), ਤਿਵੇਂ ਤੂੰ ਭੀ ਜਗਤ ਨਾਲ ਪਿਆਰ ਕਰਦਾ ਹੈਂ ॥੫੨॥

**ਅਭੇਖੀ ਅਭਰਮੀ ਅਭੋਗੀ ਅਭੁਗਤੇ ॥**
**ਨਮੋ ਜੋਗ ਜੋਗੇਸੁਰੰ ਪਰਮ ਜੁਗਤੇ ॥੫੩॥**

***ਪਦ ਅਰਥ :*** ਅਭੇਖ—ਅ + ਭੇਖ, ਜਿਸ ਦਾ ਕੋਈ ਖ਼ਾਸ ਪਹਿਰਾਵਾ ਨਹੀਂ। ਅਭਰਮੀ—ਜੋ ਭਰਮੀ-ਵਹਿਮੀ ਨਹੀਂ ਹੈ। ਅਭੋਗੀ—ਅ + ਭੋਗੀ, ਜੋ ਨਹੀਂ ਭੋਗਦਾ। ਭੋਗੀ—ਭੋਗਣ ਵਾਲਾ, ਚਸਕਿਆਂ ਵਿਚ ਰੁੱਝਾ ਹੋਇਆ, ਇੰਦਰਿਆਂ ਦੇ ਰਸਾਂ ਵਿਚ ਫਸਿਆ ਹੋਇਆ। ਅਭੁਗਤ—ਅ + ਭੁਗਤ। ਭੁਗਤ—ਜੋ ਭੋਗਿਆ ਜਾ ਰਿਹਾ ਹੈ, ਜੋ ਆਪਣੀ ਸਰੀਰਕ ਸੱਤਿਆ ਨੂੰ ਦੁਨੀਆ ਦੇ ਰਸਾਂ ਵਿਚ ਮੁਕਾ ਰਿਹਾ ਹੈ। ਅਭੁਗਤ—ਉਹ ਜਿਸ ਦੀ ਸੱਤਿਆ ਦੁਨੀਆ ਦੇ ਰਸਾਂ ਵਿਚ ਕਮਜ਼ੋਰ ਨਹੀਂ ਹੋ ਰਹੀ। ਜੁਗਤਿ—ਤਰੀਕਾ, ਵਰਤੋਂ। ਪਰਮ ਜੁਗਤਿ—ਸਭ ਤੋਂ ਸੁਚੱਜੇ ਤਰੀਕੇ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਜੋਗੀਆਂ ਦਾ ਜੋਗੀਰਾਜ ਹੈਂ, ਸਭ ਤੋਂ ਵਧੀਆ ਸੁਚੱਜੀ ਵਰਤੋਂ ਵਾਲਾ (ਜੋਗੀਰਾਜ) ਹੈਂ, ਨਾ ਤੇਰਾ ਕੋਈ ਇਕ ਵੇਸ ਹੈ, ਨਾ ਤੂੰ ਕਿਸੇ ਭਰਮ-ਵਹਿਮ ਦੇ ਅਧੀਨ ਹੈਂ, ਨਾ ਤੂੰ ਇੰਦਰੀਆਂ ਦੇ ਚਸਕਿਆਂ ਵਿਚ ਫਸਿਆ ਹੋਇਆ ਹੈਂ, ਅਤੇ ਨਾ ਹੀ ਤੂੰ ਆਪਣੀ ਸੱਤਿਆ ਨੂੰ (ਦੁਨਿਆਵੀ ਜੀਵਾਂ ਵਾਂਗ) ਦੁਨੀਆ ਦੇ ਰਸਾਂ ਵਿਚ ਕਮਜ਼ੋਰ ਕਰ ਰਿਹਾ ਹੈਂ ॥੫੩॥

**ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ ॥**
**ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥੫੪॥**

***ਪਦ ਅਰਥ :*** ਕ੍ਰੂਰ—ਨਿਰਦਈ, ਸਖ਼ਤ-ਦਿਲ, ਹੈਂਸਿਆਰਾ। ਕ੍ਰੂਰ ਕਰਮ—ਜਿਸ ਦੇ ਹੈਂਸਿਆਰਿਆਂ ਵਾਲੇ ਕੰਮ ਹਨ। ਨਾਰਾਇਣ—ਵਿਸ਼ਨੂੰ ਦਾ ਇਕ ਨਾਮ ਹੈ ਜਿਸ ਦੇ ਜ਼ਿਮੇ ਜਗਤ ਦੀ ਰੱਖਿਆ ਕਰਨ ਤੇ ਪਾਲਣ ਦਾ ਫ਼ਰਜ਼ ਹੈ। ਨਿੱਤ ਨਾਰਾਇਣ—ਸਦਾ ਰੱਖਿਆ ਕਰਨ ਵਾਲਾ। ਪ੍ਰੇਤ—(an evil spirit) ਭੈੜੀ ਰੂਹ। ਅਪ੍ਰੇਤ—ਅ + ਪ੍ਰੇਤ, ਜੋ ਭੈੜੀ ਰੂਹ ਨਹੀਂ, ਪਵਿਤ੍ਰ ਰੂਹ। ਦੇਵ—ਪ੍ਰਕਾਸ਼-ਰੂਪ। ਸੁਧਰਮ—ਜੋ ਆਪਣੇ ਪਰਵਾਰ ਦੀ ਪਾਲਣਾ ਬੜੇ ਧਿਆਨ ਨਾਲ ਕਰਦਾ ਹੈ।

***ਅਰਥ :*** ਹੇ ਪ੍ਰਭੂ! ਤੈਨੂੰ ਸਾਡੀ ਨਮਸਕਾਰ ਹੈ; ਤੂੰ ਸਦਾ ਜੀਵਾਂ ਦੀ ਰੱਖਿਆ ਕਰਨ ਵਾਲਾ ਭੀ ਹੈਂ ਅਤੇ ਹਿੰਸਾ ਕਰਨ (ਮਾਰਨ) ਵਾਲਾ ਭੀ ਹੈਂ। ਹੇ ਪ੍ਰਭੂ! ਮੰਦੀਆਂ ਤੇ ਚੰਗੀਆਂ ਰੂਹਾਂ (ਇਹ ਸਭ ਤੇਰਾ ਹੀ ਰੂਪ ਹੈ, ਇਹ ਸਾਰਾ ਤੇਰਾ ਹੀ ਪਰਵਾਰ ਹੈ) ਤੂੰ ਸਭ ਦਾ ਮਾਲਕ ਹੈਂ ਅਤੇ ਆਪਣੇ ਇਸ ਸਾਰੇ ਜਗਤ-ਪਰਵਾਰ ਨੂੰ ਗਹੁ ਨਾਲ ਪਾਲਦਾ ਹੈਂ ॥੫੪॥

**ਨਮੋ ਰੋਗ ਹਰਤਾ ॥ ਨਮੋ ਰਾਗ ਰੂਪੇ ॥**
**ਨਮੋ ਸ਼ਾਹ ਸ਼ਾਹੰ ॥ ਨਮੋ ਭੂਪ ਭੂਪੇ ॥੫੫॥**

***ਪਦ ਅਰਥ :*** ਹਰਤਾ—ਦੂਰ ਕਰਨ ਵਾਲਾ। ਰਾਗ—ਪਿਆਰ, ਪ੍ਰੇਮ। ਸ਼ਾਹ—ਪਾਤਸ਼ਾਹ। ਭੂਪ—ਰਾਜਾ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਤੂੰ ਸਭ ਜੀਵਾਂ ਦਾ ਦੁੱਖ ਦੂਰ ਕਰਨ ਵਾਲਾ ਹੈਂ, (ਕਿਉਂਕਿ) ਤੂੰ ਪਿਆਰ ਸਰੂਪ ਹੈਂ (ਭਾਵ ਤੇਰੀ ਹਸਤੀ ਹੀ ਪਿਆਰ ਹੈ); ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਹੈਂ, ਤੂੰ ਰਾਜਿਆਂ ਦਾ ਰਾਜਾ ਹੈਂ ॥੫੫॥

**ਨਮੋ ਦਾਨਿ ਦਾਨੇ ॥ ਨਮੋ ਮਾਨ ਮਾਨੰ ॥**
**ਨਮੋ ਰੋਗ ਰੋਗੇ ॥ ਨਮਸਤੰ ਇਸਨਾਨੰ ॥੫੬॥**

***ਪਦ ਅਰਥ :*** ਦਾਨਿ—ਦਾਨੀ, ਉਦਾਰ-ਚਿੱਤ। ਮਾਨ—ਮਾਨਜ, ਆਦਰ-ਯੋਗ (ਦੇਖੋ ਨੰ: ੪੬)। ਰੋਗ ਰੋਗੇ—(ਦੇਖੋ ਛੰਦ ਨੰ: ੨੩, 'ਕਾਲ ਕਾਲੇ') ਰੋਗ ਦਾ ਰੋਗ, ਜੋ (ਹਰ ਕਿਸਮ ਦੇ) ਰੋਗ ਨੂੰ ਮੁਕਾ ਦੇਣ ਵਾਲਾ ਹੈ। ਇਸਨਾਨ—ਨ੍ਹਾਉਣਾ; ਨ੍ਹਾਉਣ ਦੀ ਕੋਈ ਧਾਰਮਕ ਰਸਮ; ਕਿਸੇ ਦੇਵ-ਮੂਰਤੀ

ਨੂੰ ਨੁਹਾਲਣ ਦੀ ਰਸਮ, ਪਵਿਤ੍ਰਤਾ ਜੋ ਨ੍ਹਾ ਕੇ ਹਾਸਲ ਕੀਤੀ ਜਾਂਦੀ ਹੈ। (ਨੋਟ—ਮੂਰਤੀ ਪੂਜਣ ਵਾਲੇ ਬੰਦੇ ਸਵੇਰੇ ਮੰਦਰ ਵਿਚ ਜਾ ਕੇ ਮੂਰਤੀ ਨੂੰ ਇਸ਼ਨਾਨ ਆਦਿਕ ਕਰਾਂਦੇ ਹਨ ਤੇ ਦੇਹ-ਅਰੋਗਤਾ ਆਦਿਕ ਦਾ ਖ਼ੈਰ ਉਸ ਪਾਸੋਂ ਮੰਗਦੇ ਹਨ।)

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੂੰ ਮਹਾਨ ਉਦਾਰ-ਚਿੱਤ ਦਾਨੀ ਹੈਂ, ਜਗਤ ਵਿਚ ਆਦਰ-ਮਾਣ ਪਾਣ ਵਾਲੇ ਬੰਦੇ ਭੀ ਤੈਨੂੰ ਹੀ ਪੂਜਦੇ ਹਨ। ਹੇ ਪ੍ਰਭੂ ! (ਤੈਥੋਂ ਖੁੰਝ ਕੇ ਮੂਰਤੀਆਂ ਦੀ ਪੂਜਾ ਕਰਨ ਵਾਲੇ ਬੰਦੇ 'ਮੂਰਤੀ' ਨੂੰ ਨਿਤ ਇਸ਼ਨਾਨ ਕਰਾਂਦੇ ਤੇ ਉਸ ਪਾਸੋਂ ਦੇਹ-ਅਰੋਗਤਾ ਦਾ ਦਾਨ ਮੰਗਦੇ ਹਨ; ਪਰ) ਇਕ ਤੂੰ ਹੀ ਜੀਵਾਂ ਦੇ ਰੋਗ ਨੂੰ ਦੂਰ ਕਰਨ ਨੂੰ ਸਮਰੱਥ ਹੈਂ, (ਕਿਉਂਕਿ ਤੂੰ ਆਪ ਸੁੱਧ-ਸਰੂਪ) ਪਵਿਤ੍ਰਤਾ-ਰੂਪ ਹੈਂ ॥੫੬॥

**ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥**
**ਨਮੋ ਇਸ਼ਟ ਇਸ਼ਟੇ ॥ ਨਮੋ ਤੰਤ੍ਰ ਤੰਤ੍ਰੰ ॥੫੭॥**

***ਪਦ ਅਰਥ :*** ਨੋਟ—ਦੇਵਤਿਆਂ, ਭੂਤਾਂ, ਬੀਰਾਂ ਆਦਿ ਦੀ ਪੂਜਾ ਕਰਨ ਵਾਲੇ ਬੰਦੇ ਆਮ ਤੌਰ ਤੇ ਤਿੰਨ ਤਰੀਕੇ ਵਰਤਦੇ ਹਨ, ਜਿਨ੍ਹਾਂ ਦੀ ਰਾਹੀਂ ਉਹ ਆਪਣੇ 'ਇਸ਼ਟ-ਦੇਵ' ਨੂੰ ਵੱਸ ਵਿਚ ਲਿਆਉਣ ਦਾ ਜਤਨ ਕਰਦੇ ਹਨ: (੧) ਉਸ ਦੇਵਤੇ ਦੇ ਸੁਭਾਵ-ਅਨੁਸਾਰ ਉਸ ਨੂੰ ਖ਼ੁਸ਼ ਕਰਨ ਵਾਲੇ ਕੁਝ ਲਫ਼ਜ਼ਾਂ ਦੀ ਇਕ 'ਤੁਕ' ਨੂੰ ਮੁੜ ਮੁੜ ਪੜ੍ਹਨਾ, ਇਸ ਨੂੰ 'ਮੰਤ੍ਰ' ਕਿਹਾ ਜਾਂਦਾ ਹੈ। (੨) ਪੱਤਰ ਜਾਂ ਕਾਗਜ਼ ਆਦਿਕ ਉਤੇ ਉਸ 'ਇਸ਼ਟ-ਦੇਵ' ਨਾਲ ਸੰਬੰਧ ਰੱਖਣ ਵਾਲੇ ਕੁਝ ਅੱਖਰ ਜਾਂ ਹਿਨਸੇ ਲਿਖ ਕੇ ਉਸ 'ਤਵੀਤ' ਨੂੰ ਆਪਣੇ ਪਾਸ ਰਖਣਾ, ਇਸ ਨੂੰ 'ਜੰਤ੍ਰ' ਕਹਿੰਦੇ ਹਨ। (੩) ਉਸ 'ਇਸ਼ਟ-ਦੇਵ' ਨੂੰ ਖ਼ੁਸ਼ ਕਰਨ ਲਈ ਕੋਈ ਖ਼ਾਸ ਰਸਮਾਂ ਕਰਨੀਆਂ, ਜਿਵੇਂ ਭੂਤਾਂ ਨੂੰ ਵੱਸ ਕਰਨ ਵਾਲੇ ਮੜ੍ਹੀਆਂ ਜਾਂ ਕਬਰਾਂ ਵਿਚ ਜਾ ਕੇ ਦੁੱਧ ਜਾਂ ਹੋਰ ਚੀਜ਼ਾਂ ਕਈ ਤਰੀਕਿਆਂ ਨਾਲ ਉਹਨਾਂ ਨੂੰ ਭੇਟ ਕਰਦੇ ਹਨ, ਇਸ ਨੂੰ 'ਤੰਤ੍ਰ' ਕਹੀਦਾ ਹੈ। (ਇਸ਼ਟ—ਸਭ ਤੋਂ ਪਿਆਰਾ ਦੇਵਤਾ)।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੇਰਾ ਨਾਮ ਹੀ ਮੇਰੇ ਲਈ ਸਭ ਤੋਂ ਵੱਡਾ 'ਮੰਤ੍ਰ' ਹੈ ਅਤੇ ਸਭ ਤੋਂ ਵੱਡਾ 'ਜੰਤ੍ਰ' ਹੈ ਅਤੇ ਸਭ ਤੋਂ ਵਧੀਆ 'ਤੰਤ੍ਰ' ਹੈ। ਹੇ ਪ੍ਰਭੂ ! ਤੂੰ ਹੀ ਮੇਰਾ ਸਭ ਤੋਂ ਪਿਆਰਾ ਦੇਵਤਾ ਹੈਂ ॥੫੭॥

**ਸਦਾ ਸੱਚਿਦਾਨੰਦ ਸਰਬੰ ਪ੍ਰਣਾਸੀ ॥**
**ਅਨੂਪੇ ਸਰੂਪੇ ਸਮਸਤੁਲ ਨਿਵਾਸੀ ॥੫੮॥**

***ਪਦ ਅਰਥ :*** ਸੱਚਿਦਾਨੰਦ—ਸਤ + ਚਿਤ + ਆਨੰਦ। ਸਤ—ਹਸਤੀ ਵਾਲਾ, ਸੱਚ-ਮੁੱਚ ਮੌਜੂਦ। ਚਿਤ—(intelligence) ਸਮਝ ਗਿਆਨ ਰੂਪ। ਆਨੰਦ—ਖ਼ੁਸ਼ੀ, ਖਿੜਾਉ। ਸਰਬ—ਸਾਰੇ। ਪ੍ਰਣਾਸੀ—ਨਾਸ ਕਰਨ ਵਾਲਾ। ਅਨੂਪ—ਅਨ + ਊਪ। ਊਪ—ਉਪਮਾ, ਟਾਕਰਾ, ਬਰਾਬਰੀ। ਅਨੂਪ—ਜਿਸ ਦੇ ਟਾਕਰੇ ਦਾ ਹੋਰ ਕੋਈ ਨਹੀਂ। ਸਮਸਤ—ਸਾਰੇ।

***ਅਰਥ :*** ਹੇ ਪ੍ਰਭੂ ! ਤੂੰ ਸਦਾ ਮੌਜੂਦ ਹੈਂ, ਚੇਤੰਨ ਹੈਂ, ਤੂੰ ਸਭ ਜੀਵਾਂ ਦਾ ਨਾਸ ਕਰਨ ਵਾਲਾ ਹੈਂ; ਤੇਰਾ ਸਰੂਪ ਐਸਾ ਹੈ ਕਿ ਜਿਸ ਦੀ ਬਰਾਬਰੀ ਦਾ ਹੋਰ ਕੋਈ ਨਹੀਂ; ਤੂੰ ਸਭ ਜੀਵਾਂ ਵਿਚ ਟਿਕਿਆ ਹੋਇਆ ਹੈਂ ॥੫੮॥

**ਸਦਾ ਸਿੱਧਿ-ਦਾ ਬੁਧਿ-ਦਾ ਬ੍ਰਿੱਧਿ ਕਰਤਾ ॥**
**ਅਧੋ ਉਰਧ ਅਰਧੰ ਅਘੰ ਓਘ ਹਰਤਾ ॥੫੯॥**

***ਪਦ ਅਰਥ :*** ਸਿੱਧਿਦਾ—(ਦਾ—ਦੇਣਾ) ਕਾਮਯਾਬੀ ਦੇਣ ਵਾਲਾ, ਸਫਲਤਾ ਬਖ਼ਸ਼ਣ ਵਾਲਾ। ਸਿੱਧਿ—ਆਤਮਕ ਤਾਕਤ, ਕਰਾਮਾਤ ਵਿਖਾਣ ਦੀ ਸਮਰੱਥਾ, ਸਫਲਤਾ। (ਨੋਟ : ਵੇਖੋ ਛੰਦ ਨੰ: ੫੧। ਲਫ਼ਜ਼ 'ਸਿੱਧ' ਅਤੇ 'ਸਿੱਧਿ' ਵਿਚ ਫ਼ਰਕ ਪਛਾਨਣ ਦੀ ਖ਼ਾਸ ਲੋੜ ਹੈ; ਸਿੱਧ—ਉਹ ਮਨੁੱਖ ਜੋ ਅੱਠ ਆਤਮਕ ਤਾਕਤਾਂ ਹਾਸਲ ਕਰ ਚੁਕਿਆ ਹੈ; ਸਿੱਧਿ—ਆਤਮਕ ਤਾਕਤ)। ਬੁੱਧਿ-ਦਾ—ਬੁੱਧਿ ਦੇਣ ਵਾਲਾ। ਬੁੱਧਿ—ਅਕਲ। ਬ੍ਰਿੱਧਿ—ਤਰੱਕੀ, ਉੱਨਤੀ। ਕਰਤਾ—ਕਰਨ ਵਾਲਾ। ਅਧੋ—(In the lower region) ਪਾਤਾਲ। ਉਰਧ—(upwards, above) ਉਤਾਂਹ, ਅਕਾਸ਼ ਵਿਚ। ਅਰਧ—(half) ਅੱਧ ਵਿਚ, ਵਿਚਕਾਰ। ਅਘ—ਪਾਪ। ਓਘ— ਢੇਰ, ਸਮੂਹ। ਹਰਤਾ—ਨਾਸ ਕਰਨ ਵਾਲਾ। ਅਘੰ ਓਘ—ਪਾਪਾਂ ਦੇ ਢੇਰ, ਬੇਅੰਤ ਪਾਪ।

***ਅਰਥ :*** ਹੇ ਪ੍ਰਭੂ ! ਤੂੰ ਹੀ ਆਤਮਕ ਤਾਕਤਾਂ ਦੇਣ ਵਾਲਾ ਹੈਂ, ਤੂੰ ਹੀ (ਜੀਵਾਂ ਨੂੰ) ਸਮਝ ਬਖ਼ਸ਼ਦਾ ਹੈਂ ਅਤੇ ਤੂੰ ਹੀ (ਜੀਵਾਂ ਨੂੰ) ਉੱਨਤੀ ਦੇਣ ਵਾਲਾ ਹੈਂ। ਪਾਤਾਲ ਵਿਚ, ਅਕਾਸ਼ ਵਿਚ, ਵਿਚਕਾਰ (ਹਰ ਥਾਂ ਮੌਜੂਦ ਹੈਂ), ਤੂੰ ਜੀਵਾਂ ਦੇ ਬੇਅੰਤ ਪਾਪ ਨਾਸ ਕਰਨ ਵਾਲਾ ਹੈਂ ॥੫੯॥

**ਪਰੰ ਪਰਮ ਪਰਮੇਸੂਰੰ ਪ੍ਰੋਛ ਪਾਲੰ॥**
**ਸਦਾ ਸਰਬਦਾ ਸਿੱਧਿ ਦਾਤਾ ਦਯਾਲੰ॥੬੦॥**

***ਪਦ ਅਰਥ :*** ਪਰਮੇਸੂਰ—ਪਰਮ + ਈਸ਼ੂਰ, ਸਭ ਤੋਂ ਵੱਡਾ ਮਾਲਕ। ਪ੍ਰੋਛ—(ਸੰ: ਪਰੋਖਜ), (beyond the range of sight) ਨਜ਼ਰੋਂ ਓਹਲੇ। ਸਰਬਦਾ—ਸਦਾ। ਸਿੱਧਿ ਦਾਤਾ—ਆਤਮਕ ਤਾਕਤਾਂ ਦੇਣ ਵਾਲਾ। ਦਯਾਲ—ਦਇਆ ਦਾ ਘਰ।

***ਅਰਥ :*** ਹੇ ਪ੍ਰਭੂ! ਤੂੰ ਵੱਡਾ ਮਾਲਕ ਹੈਂ, ਜੀਵਾਂ ਦੀਆਂ ਨਜ਼ਰਾਂ ਤੋਂ ਓਹਲੇ ਰਹਿ ਕੇ ਤੂੰ (ਜੀਵਾਂ ਦੀ) ਪਾਲਣਾ ਕਰ ਰਿਹਾ ਹੈਂ, ਤੂੰ ਸਦਾ (ਜੀਵਾਂ ਨੂੰ) ਸਿੱਧੀਆਂ ਦੇਣ ਵਾਲਾ ਹੈਂ ਅਤੇ ਦਇਆ ਦਾ ਘਰ ਹੈਂ॥੬੦॥

**ਅਛੇਦੀ ਅਭੇਦੀ ਅਨਾਮੰ ਅਕਾਮੰ॥**
**ਸਮਸਤੋ ਪਰਾਜੀ ਸਮਸਤਸਤੁ ਧਾਮੰ॥੬੧॥**

***ਪਦ ਅਰਥ :*** ਅਛੇਦ—ਅ + ਛੇਦ, ਨਾ ਟੁੱਟਣ ਵਾਲਾ। ਅਭੇਦ—ਅ + ਭੇਦ, ਨਾ ਭੱਜਣ ਵਾਲਾ। ਭੇਦ—ਚੋਟ, ਜ਼ਖ਼ਮ, ਸੱਟ, ਤੋੜਨਾ। ਅਨਾਮ—ਅ + ਨਾਮ, ਜਿਸ ਦਾ ਕੋਈ ਇਕ ਨਾਮ ਨਹੀਂ। ਅਕਾਮ—ਅ + ਕਾਮ, ਜਿਸ ਨੂੰ ਕੋਈ ਕਾਮਨਾ ਨਹੀਂ। ਸਮਸਤ—ਸਾਰੇ। ਪਰਾਜੀ—ਜਿੱਤ ਹਾਸਲ ਕਰਨ ਵਾਲਾ। ਪਰਾਜਯ—ਫ਼ਤਹ, ਜਿੱਤ। ਸਮਸਤਸਤੁ—ਸਮਸਤ + ਅਸਤ। ਸਮਸਤ—ਸਾਰੇ। ਅਸਤ—ਹੈ। ਧਾਮ—ਘਰ, ਟਿਕਾਣਾ।

***ਅਰਥ :*** ਹੇ ਪ੍ਰਭੂ! ਤੈਨੂੰ ਨਾ ਕੋਈ ਤੋੜ ਸਕਦਾ ਹੈ, ਨਾ ਕੋਈ ਭੰਨ ਸਕਦਾ ਹੈ, ਤੇਰਾ ਕੋਈ ਇਕ ਨਾਮ ਨਹੀਂ ਹੈ, ਤੈਨੂੰ ਕੋਈ ਕਾਮਨਾ ਪੋਹ ਨਹੀਂ ਸਕਦੀ। ਤੂੰ ਸਭ ਜੀਵਾਂ ਨੂੰ ਜਿੱਤਣ ਵਾਲਾ ਹੈਂ ਅਤੇ ਸਭ ਜੀਵਾਂ ਵਿਚ ਤੇਰਾ ਨਿਵਾਸ ਹੈ॥੬੧॥

**ਤੇਰਾ ਜੋਰ॥ ਚਾਚਰੀ ਛੰਦ॥**
**ਜਲੇ ਹੈਂ॥ ਥਲੇ ਹੈਂ॥ ਅਭੀਤ ਹੈਂ॥ ਅਭੇ ਹੈਂ॥੬੨॥**

***ਪਦ ਅਰਥ :*** ਅਭੀਤ—ਜੋ ਕਿਸੇ ਤੋਂ ਨਾ ਡਰੇ। ਭੀਤ—ਡਰਿਆ ਹੋਇਆ। ਅਭੇ—ਭੇਦ-ਰਹਿਤ, ਜਿਸ ਦਾ ਕੋਈ ਭੇਦ ਨਾ ਪਾ ਸਕੇ।

***ਅਰਥ :*** ਹੇ ਪ੍ਰਭੂ ! ਤੂੰ ਜਲ ਵਿਚ ਹੈਂ, ਥਲ ਵਿਚ ਹੈਂ, ਤੈਨੂੰ ਕਿਸੇ ਤੋਂ ਡਰ ਨਹੀਂ, ਤੇਰਾ ਕੋਈ ਭੇਦ ਨਹੀਂ ਪਾ ਸਕਦਾ ॥੬੨॥

**ਪ੍ਰਭੂ ਹੈਂ ॥ ਅਜੂ ਹੈਂ ॥ ਅਦੇਸ ਹੈਂ ॥ ਅਭੇਸ ਹੈਂ ॥੬੩॥**

***ਪਦ ਅਰਥ :*** ਭੂ—ਹੋਣਾ, ਹੋਂਦ ਵਿਚ ਆਉਣਾ, ਜਨਮ ਲੈਣਾ। ਪ੍ਰਭੂ—(ਪ੍ਰ + ਭੂ) ਤਕੜਾ ਹੋਣਾ, ਹੁਕਮ ਹਾਸਲ ਹੋਣਾ। ਪ੍ਰਭੂ—(Lord, Master) ਹਾਕਮ, ਮਾਲਕ। ਅਜੂ—ਅ + ਜੂ, ਅਚੱਲ। ਅਦੇਸ—ਅ + ਦੇਸ, ਦੇਸ ਰਹਿਤ। ਅਭੇਸ—ਅ + ਭੇਸ, ਵੇਸ ਰਹਿਤ।

***ਅਰਥ :*** ਤੂੰ ਸਭ ਦਾ ਮਾਲਕ ਹੈਂ, ਤੈਨੂੰ ਕੋਈ ਹਿਲਾ ਨਹੀਂ ਸਕਦਾ; ਤੇਰਾ ਕੋਈ ਇਕ ਦੇਸ ਨਹੀਂ, ਕੋਈ ਇਕ ਪਹਿਰਾਵਾ ਨਹੀਂ ॥੬੩॥

## ਭੁਜੰਗ ਪ੍ਰਯਾਤ ਛੰਦ ॥

**ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥**
**ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥੬੪॥**

***ਪਦ ਅਰਥ :*** ਅਗਾਧ—ਅਥਾਹ। ਅਬਾਧ—ਜਿਸ ਨੂੰ ਕੋਈ ਰੋਕ ਨਾ ਸਕੇ। ਬਾਧ—੧. ਸਤਾਣਾ, ਦੁੱਖ ਦੇਣਾ, ੨. ਟਾਕਰਾ ਕਰਨਾ, ਰੋਕ ਪਾਣੀ। ਬਾਧਾ—੧. ਦੁੱਖ, ਪੀੜਾ, ੨. ਰੋਕ, ਟਾਕਰਾ। ਸਰਬ ਮਾਨ—ਸਾਰੇ ਜੀਵ ਜਿਸ ਦਾ ਆਦਰ ਕਰਦੇ ਹਨ। ਨਿਧਾਨ—ਖ਼ਜ਼ਾਨਾ। ਸਮਸਤ—ਸਾਰੇ (ਗੁਣ ਤੇ ਪਦਾਰਥ)।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਅਥਾਹ ਹੈਂ, ਤੇਰੇ ਰਾਹ ਵਿਚ ਕੋਈ ਰੋਕ ਨਹੀਂ ਪਾ ਸਕਦਾ, ਤੂੰ ਅਨੰਦ-ਰੂਪ ਹੈਂ (ਭਾਵ, ਅਨੰਦ ਹੀ ਤੇਰਾ ਸਰੂਪ ਹੈ, ਤੂੰ ਸਦਾ ਹੀ ਖਿੜਿਆ ਰਹਿੰਦਾ ਹੈਂ)। ਸਭ ਜੀਵ ਤੈਨੂੰ ਨਿਉਂਦੇ ਹਨ, ਤੂੰ ਸਭ (ਗੁਣਾਂ ਤੇ ਪਦਾਰਥਾਂ) ਦਾ ਖ਼ਜ਼ਾਨਾ ਹੈਂ ॥੬੪॥

**ਨਮਸਤ੍ਵੰ ਨ੍ਰਿਨਾਥੇ ॥ ਨਮਸਤ੍ਵੰ ਪ੍ਰਮਾਥੇ ॥**
**ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥੬੫॥**

***ਪਦ ਅਰਥ :*** ਨਮਸਤ੍ਵੰ—ਨਮਸ + ਤ੍ਵੰ, ਨਮਸ + ਤ੍ਵਾਂ, ਤੈਨੂੰ ਨਮਸਕਾਰ ਹੈ। ਨ੍ਰਿਨਾਥ—ਨਿਰ + ਨਾਥ, ਜਿਸ ਦਾ ਹੋਰ ਕੋਈ ਖਸਮ ਨਹੀਂ। ਪ੍ਰਮਾਥ—ਸਭ

ਦਾ ਨਾਸ ਕਰਨ ਵਾਲਾ (ਵੇਖੋ ਨੰ: ੧੪੬)। ਅਗੰਜ—ਅਜਿੱਤ। ਅਭੰਜ— ਅ + ਭੰਜ, ਜੋ ਤੋੜਿਆ ਨਾ ਜਾ ਸਕੇ (ਵੇਖੋ ਨੰ: ੪)।

**ਅਰਥ :** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੇਰਾ ਕੋਈ ਹੋਰ ਖਸਮ ਨਹੀਂ। ਤੂੰ ਸਭ ਦਾ ਨਾਸ ਕਰਨ ਵਾਲਾ ਹੈਂ; ਨਾ ਤੈਥੋਂ ਕੋਈ ਕਿਸੇ ਗੱਲੇ ਅੱਗੇ ਵਧ ਸਕਦਾ ਹੈ, ਨਾ ਤੈਨੂੰ ਕੋਈ ਭੰਨ-ਤੋੜ ਸਕਦਾ ਹੈ ॥੬੫॥

**ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥**
**ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੬੬॥**

**ਪਦ ਅਰਥ :** ਅਕਾਲ—ਕਾਲ-ਰਹਿਤ। ਅਪਾਲ—ਅ + ਪਾਲ, ਜਿਸ ਨੂੰ ਕਿਸੇ ਪਾਸੋਂ ਰਾਖੀ ਦੀ ਲੋੜ ਨਹੀਂ।

**ਅਰਥ :** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੈਨੂੰ ਮੌਤ ਪੋਹ ਨਹੀਂ ਸਕਦੀ, (ਸੋ) ਤੈਨੂੰ ਕਿਸੇ ਰਾਖੇ ਦੀ ਲੋੜ ਨਹੀਂ। ਹੇ ਪ੍ਰਭੂ ! ਤੈਨੂੰ ਨਮਸਕਾਰ ਹੈ, ਤੂੰ ਸਭ ਦੇਸਾਂ ਵਿਚ ਮੌਜੂਦ ਹੈਂ; (ਜੀਵਾਂ ਦੇ ਸਾਰੇ ਪਹਿਰਾਵੇ) ਸਾਰੇ ਤੇਰੇ ਹੀ ਪਹਿਰਾਵੇ ਹਨ ॥੬੬॥

**ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥**
**ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥੬੭॥**

**ਪਦ ਅਰਥ :** ਸਾਜ—ਰਚਨਾ, ਸ੍ਰਿਸ਼ਟੀ। ਸਾਜ-ਸਾਜ—ਸਾਜ ਦਾ ਸਾਜਣ ਵਾਲਾ, ਰਚਨਾ ਦਾ ਰਚਣ ਵਾਲਾ। ਮਾਹ—ਚੰਦ੍ਰਮਾ।

**ਅਰਥ :** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਰਾਜਿਆਂ ਦਾ ਰਾਜਾ ਹੈਂ, ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ ਹੈਂ; ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਹੈਂ ਅਤੇ ਚੰਦ੍ਰਮਾ ਦਾ ਚੰਦ੍ਰਮਾ ਹੈਂ (ਭਾਵ, ਚੰਦ੍ਰਮਾ ਨੂੰ ਕੋਮਲ ਚਾਨਣੀ ਦੇਣ ਵਾਲਾਂ ਤੂੰ ਹੀ ਹੈਂ) ॥੬੭॥

**ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥**
**ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥੬੮॥**

**ਪਦ ਅਰਥ :** ਗੀਤ ਗੀਤੇ—ਗੀਤ ਦਾ ਗੀਤ, ਮਹਾਨ ਸੁੰਦਰ ਗੀਤ (ਵੇਖੋ ਛੰਦ ਨੰ: ੪੭)। ਪ੍ਰੀਤ-ਪ੍ਰੀਤ—ਪਿਆਰ ਦਾ ਪਿਆਰ, ਮਹਾਨ ਉੱਚਾ

ਪਿਆਰ। ਰੋਖ—ਰੋਸ, ਗੁੱਸਾ, ਕ੍ਰੋਧ। ਰੋਖ-ਰੋਖ—ਰੋਸ ਦਾ ਰੋਸ, ਭਿਆਨਕ ਰੋਸ, ਭਿਆਨਕ ਕ੍ਰੋਧ-ਰੂਪ। ਸੋਖ—ਸੁੱਕ, ਸੋਕਾ। ਸੋਖ-ਸੋਖ—ਸੋਕੇ ਦਾ ਸੋਕਾ, ਮਹਾਨ ਵੱਡਾ ਸੋਕਾ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੂੰ ਇਕ ਮਹਾਨ ਸੁੰਦਰ ਗੀਤ ਰੂਪ ਹੈਂ (ਜੋ ਸਾਰੇ ਜੀਵਾਂ ਨੂੰ ਮੋਹ ਰਿਹਾ ਹੈਂ), ਤੂੰ ਇਕ ਮਹਾਨ ਉੱਚਾ ਪਿਆਰ-ਰੂਪ ਹੈਂ (ਜੋ ਸਾਰੇ ਜਗਤ ਨੂੰ ਪਾਲ ਰਿਹਾ ਹੈਂ), ਤੂੰ ਮਹਾਨ ਭਿਆਨਕ ਕ੍ਰੋਧ-ਰੂਪ (ਭੀ) ਹੈਂ (ਕਿ ਸਾਰੀ ਸ੍ਰਿਸ਼ਟੀ ਤੇਰੇ ਡਰ ਵਿਚ ਚੱਲ ਰਹੀ ਹੈ), ਤੂੰ ਮਹਾਨ ਵੱਡਾ ਸੋਕਾ (ਭੀ) ਹੈਂ (ਕਿ ਸਾਰੇ ਜਗਤ ਨੂੰ ਨਾਸ ਕਰਦਾ ਭੀ ਹੈਂ) ॥੬੮॥

**ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥**
**ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥੬੯॥**

***ਪਦ ਅਰਥ :*** ਸਰਬ-ਜੀਤ—ਸਭ ਨੂੰ ਜਿੱਤਣ ਵਾਲਾ। ਸਰਬ ਭੀਤ—ਜਿਸ ਤੋਂ ਸਾਰੇ ਡਰਦੇ ਹਨ। ਰੋਗ—ਦੁੱਖ ਮੌਤ ਦਾ ਕਾਰਨ। ਸਰਬ ਭੋਗ—ਸਭ ਜੀਵਾਂ ਵਿਚ ਵਿਆਪਕ ਹੋ ਕੇ ਸਭ ਪਦਾਰਥਾਂ ਨੂੰ ਭੋਗਣ ਵਾਲਾ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੂੰ ਸਭ ਜੀਵਾਂ ਦੀ ਮੌਤ ਦਾ ਕਾਰਨ ਹੈਂ, ਤੂੰ ਸਭ ਜੀਵਾਂ ਵਿਚ ਬੈਠ ਕੇ ਜਗਤ ਦੇ ਸਾਰੇ ਪਦਾਰਥ ਭੋਗ ਰਿਹਾ ਹੈਂ। ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਸਭ ਨੂੰ ਜਿੱਤਣ ਵਾਲਾ ਹੈਂ, ਸਭ ਜੀਵ ਤੈਥੋਂ ਡਰਦੇ ਹਨ ॥੬੯॥

**ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥**
**ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥੭੦॥**

***ਪਦ ਅਰਥ :*** ਸਰਬ-ਗਿਆਨ—ਜਿਸ ਨੂੰ ਸਭ (ਜੀਵਾਂ ਦੇ ਦਿਲ ਦਾ) ਗਿਆਨ ਹੈ; ਜੋ ਸਭ ਦੇ ਦਿਲ ਦੀ ਜਾਣਦਾ ਹੈ, ਸਰਬੱਗ। ਤਾਨ—(expance, extension) ਖਿਲਾਰ। ਪਰਮ ਤਾਨ—ਸਭ ਤੋਂ ਵੱਡੇ ਖਿਲਾਰ ਵਾਲਾ। ਸਰਬ-ਮੰਤ੍ਰ—ਸਭ ਨੂੰ ਵੱਸ ਕਰਨ ਵਾਲਾ ਸਾਧਨ (ਵੇਖੋ ਛੰਦ ਨੰ: ੫੦)।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਸਭ ਜੀਵਾਂ ਦੇ ਦਿਲ ਦੀ ਜਾਣਦਾ ਹੈਂ, ਤੂੰ (ਜਗਤ-ਰੂਪ) ਵੱਡੇ ਖਿਲਾਰ ਵਾਲਾ ਹੈਂ। ਤੂੰ ਹੀ (ਭਾਵ, ਤੇਰਾ ਹੀ ਨਾਮ) ਸਭ ਨੂੰ ਵੱਸ ਕਰਨ ਵਾਲਾ ਸਾਧਨ ਹੈਂ ॥੭੦॥

**ਨਮੋ ਸਰਬ ਦ੍ਰਿਸੰ ॥ ਨਮੋ ਸਰਬ ਕ੍ਰਿਸੰ ॥**
**ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥੭੧॥**

***ਪਦ ਅਰਥ :*** ਦ੍ਰਿਸ—ਜਦੋਂ ਇਹ ਲਫ਼ਜ਼ ਕਿਸੇ 'ਸਮਾਸ' ਦੇ ਅਖ਼ੀਰ ਵਿਚ ਵਰਤਿਆ ਜਾਏ, ਤਾਂ ਇਸ ਦਾ ਅਰਥ ਹੁੰਦਾ ਹੈ 'ਵੇਖਣ ਵਾਲਾ, ਧਿਆਨ ਰੱਖਣ ਵਾਲਾ'। ਸਰਬ ਦ੍ਰਿਸ—(surveying all, superintending all) ਸਭ ਦਾ ਧਿਆਨ ਰੱਖਣ ਵਾਲਾ। ਕ੍ਰਿਸ—(to drog towards oneself to attract) ਆਪਣੇ ਵਲ ਖਿੱਚਣਾ। ਸਰਬ-ਕ੍ਰਿਸ—ਸਭ ਨੂੰ ਆਪਣੇ ਵਲ ਖਿੱਚਣ ਵਾਲਾ। ਤ੍ਰਿਭੰਗੀ—ਤਿੰਨ ਭਵਨਾਂ ਦਾ ਨਾਸ ਕਰਨ ਵਾਲਾ (ਵੇਖੋ ਛੰਦ ਨੰ: ੧੮੮)। ਅਨੰਗ—ਅਨ + ਅੰਗ, ਅੰਗ ਰਹਿਤ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਸਭ ਜੀਵਾਂ ਦਾ ਧਿਆਨ ਰੱਖਣ ਵਾਲਾ ਹੈਂ, ਤੂੰ ਸਭ ਜੀਵਾਂ ਨੂੰ ਆਪਣੇ ਵਲ ਖਿੱਚਣ ਵਾਲਾ ਹੈਂ, ਤੂੰ ਹਰੇਕ ਰੰਗ ਵਿਚ ਮੌਜੂਦ ਹੈਂ, ਤਿੰਨਾਂ ਹੀ ਭਵਨਾਂ ਦਾ ਨਾਸ ਕਰਨ ਵਾਲਾ ਹੈਂ, (ਜੀਵਾਂ ਦੇ ਸਰੀਰਾਂ ਵਰਗਾ) ਤੇਰਾ ਕੋਈ ਸਰੀਰ ਨਹੀਂ ਹੈ॥੭੧॥

**ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥**
**ਅਖਿੱਜੇ ਅਭਿੱਜੇ ॥ ਸਮਸਤੰ ਪ੍ਰਸਿੱਜੇ ॥੭੨॥**

***ਪਦ ਅਰਥ :*** ਜੀਵ—੧. ਪ੍ਰਾਣੀ, ੨. ਪ੍ਰਾਣ, ਆਤਮਾ, ਜਿੰਦ। ਜੀਵ ਜੀਵ—ਜੀਵਾਂ ਦਾ ਜੀਵ, ਜੀਵਾਂ ਦੀ ਜਿੰਦ। ਬੀਜ ਬੀਜ—ਬੀਜ ਦਾ ਅਸਲ ਮੁੱਢ, ਮੂਲ ਕਾਰਨ। ਖਿਦਿ—(to afflict, strike, press down) ਦਬਾਅ ਪਾਣਾ, ਦੁਖ ਦੇਣਾ। ਖਿਦਜ—ਜਿਸ ਉਤੇ ਦਬਾਅ ਪਾਇਆ ਜਾ ਸਕੇ। ਅਖਿੱਜ—(ਸੰ: ਅਖਿਦਜ) ਜਿਸ ਉਤੇ ਦਬਾਅ ਨਾ ਪਾਇਆ ਜਾ ਸਕੇ, ਜਿਸ ਨੂੰ ਦੁੱਖ ਨਾ ਦਿਤਾ ਜਾ ਸਕੇ। ਭਿਦ—ਤੋੜਨਾ, ਟੋਟੇ ਕਰਨੇ। ਭਿਦਜ—ਜਿਸ ਨੂੰ ਤੋੜਿਆ ਜਾ ਸਕੇ। ਅਭਿੱਜ—(ਸੰ: ਅਭਿਦਜ) ਜਿਸ ਦੀਆਂ ਵੰਡੀਆਂ ਨਾ ਪਾਈਆਂ ਜਾ ਸਕਣ। ਪ੍ਰਸਿੱਜੇ—(ਸੰ: ਪ੍ਰਸੀਦੈ) ਪ੍ਰਸੰਨ ਕਰਦਾ ਹੈ, ਸਭ ਉਤੇ ਬਖ਼ਸ਼ਸ਼ਾਂ ਕਰਦਾ ਹੈ।

***ਅਰਥ :*** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਸਭ ਜੀਵਾਂ ਦੀ ਜਿੰਦ ਹੈਂ, ਤੂੰ ਸਭ ਦਾ ਮੂਲ ਕਾਰਨ ਹੈਂ, ਤੈਨੂੰ ਕੋਈ ਦੁੱਖ ਨਹੀਂ ਦੇ ਸਕਦਾ, ਤੇਰੀਆਂ ਕੋਈ ਵੰਡੀਆਂ ਨਹੀਂ ਪਾ ਸਕਦਾ, ਤੂੰ ਸਭ ਜੀਵਾਂ ਉਤੇ ਬਖ਼ਸ਼ਸ਼ਾਂ ਕਰਨ ਵਾਲਾ ਹੈਂ ॥੭੨॥

ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ ॥
ਸਦਾ ਸਰਬਦਾ ਰਿੱਧਿ ਸਿੱਧੰ ਨਿਵਾਸੀ ॥੭੩॥

***ਪਦ ਅਰਥ :*** ਕ੍ਰਿਪਾਲ—ਕ੍ਰਿਪਾ+ਆਲਯ, ਕਿਰਪਾ ਦਾ ਘਰ। ਸਰੂਪ—ਸ਼ਕਲ, ਹਸਤੀ। ਕੁਕਰਮ—ਮੰਦੇ ਕੰਮ, ਬਦੀਆਂ। ਪ੍ਰਣਾਸੀ—ਨਾਸ ਕਰਨ ਵਾਲਾ। ਸਰਬਦਾ—ਸਦਾ। ਰਿੱਧਿ—ਆਤਮਕ ਤਾਕਤ। ਸਿੱਧਿ—੮ ਆਤਮਕ ਤਾਕਤਾਂ, ਜੋ ਜੋਗੀ ਲੋਕ ਸਮਾਧੀ ਰਾਹੀਂ ਹਾਸਲ ਕਰਦੇ ਸਨ।

***ਅਰਥ :*** ਹੇ ਪ੍ਰਭੂ! ਤੇਰਾ ਵਜੂਦ ਹੀ ਐਸਾ ਹੈ ਕਿ ਉਹ ਕਿਰਪਾ ਦਾ ਘਰ ਹੈ, ਤੂੰ ਬਦੀਆਂ ਦਾ ਨਾਸ ਕਰਨ ਵਾਲਾ ਹੈਂ। ਸਦਾ ਹੀ ਰਿੱਧੀਆਂ ਤੇ ਸਿੱਧੀਆਂ ਤੇਰੇ ਵਿਚ ਹੀ ਨਿਵਾਸ ਰੱਖਦੀਆਂ ਹਨ ॥੭੩॥

**ਚਰਪਟ ਛੰਦ ॥ ਤ੍ਵ ਪ੍ਰਸਾਦਿ ॥**

ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥
ਅਖੱਲ ਜੋਗੇ ॥ ਅਚੱਲ ਭੋਗੇ ॥੭੪॥

***ਪਦ ਅਰਥ :*** ਅੰਮ੍ਰਿਤ—(immortal, imperishable) ਅਟੱਲ, ਨਾ ਨਾਸ ਹੋਣ ਵਾਲਾ। ਅੰਮ੍ਰਿਤ-ਕਰਮ—ਉਹ ਜਿਸ ਦੇ ਕੀਤੇ ਕੰਮ ਅਟੱਲ ਹਨ। ਅੰਬ੍ਰਿਤ—(unchecked) ਜਿਸ ਵਿਚ ਰੋਕ ਨਾ ਪਾਈ ਜਾ ਸਕੇ। ਧਰਮ—ਕਾਨੂੰਨ, ਨਿਯਮ। ਵ੍ਰਿਤ—(to ward off, keep away, check) ਰੋਕਣਾ। ਏਸੇ ਹੀ 'ਧਾਤੂ' ਦੇ ਨਾਲ 'ਅਗੇਤਰ', 'ਨਿ' ਲਗਾਇਆਂ ਲਫ਼ਜ਼ 'ਨਿਵਾਰਨਾ' ਬਣਦਾ ਹੈ। ਵ੍ਰਿਤ—ਬ੍ਰਿਤ, ਰੋਕਿਆ ਹੋਇਆ। ਅੰਬ੍ਰਿਤ ਧਰਮ—ਜਿਸ ਦੇ ਨਿਯਮਾਂ ਵਿਚ ਕੋਈ ਰੋਕ ਨਾ ਪਾਈ ਜਾ ਸਕੇ। ਅਖਲ—(ਸੰ: ਅਖਿਲ—whole, entire) ਸਾਰਾ, ਸਾਰੇ ਦਾ ਸਾਰਾ, ਮੁਕੰਮਲ। ਜੋਗ—ਮੇਲ। ਅਖਲ-ਜੋਗ—ਜਿਸ ਦਾ ਮੇਲ ਸਾਰੇ ਦੇ ਸਾਰੇ (ਜਗਤ) ਨਾਲ ਹੈ। ਅਚਲ—ਸਦਾ ਕਾਇਮ ਰਹਿਣ ਵਾਲਾ। ਭੁਜ—(to rule, govern) ਹੁਕਮ ਕਰਨਾ। ਭੋਗ—(Government) ਹਕੂਮਤ, ਰਾਜ। ਅਚਲ ਭੋਗ—ਉਹ ਜਿਸ ਦਾ ਰਾਜ ਸਦਾ ਕਾਇਮ ਰਹਿਣ ਵਾਲਾ ਹੈ।

***ਅਰਥ :*** ਹੇ ਪ੍ਰਭੂ! ਤੇਰੇ ਕੰਮ ਸਦਾ ਅਟੱਲ ਹਨ, ਤੇਰੇ ਕਾਨੂੰਨ ਵਿਚ ਕੋਈ ਰੋਕ ਨਹੀਂ ਪਾ ਸਕਦਾ। ਤੂੰ ਸਾਰੇ ਹੀ ਜਗਤ ਨਾਲ ਮਿਲਿਆ ਹੋਇਆ

ਹੈਂ, ਤੇਰਾ ਰਾਜ ਸਦਾ ਕਾਇਮ ਰਹਿਣ ਵਾਲਾ ਹੈ ॥੭੪॥

**ਅਚੱਲ ਰਾਜੇ ॥ ਅਟੱਲ ਸਾਜੇ ॥**
**ਅਖੱਲ ਧਰਮੰ ॥ ਅਲੱਖ ਕਰਮੰ ॥੭੫॥**

***ਪਦ ਅਰਥ :*** ਸਾਜ—ਰਚਨਾ। ਧਰਮ—ਕਾਨੂੰਨ, ਨਿਯਮ। ਅਖੱਲ—ਮੁਕੰਮਲ, ਜਿਸ ਵਿਚ ਕੋਈ ਉਕਾਈ ਨਹੀਂ। ਅਲੱਖ—(having no particular marks) ਖ਼ਾਸ ਚਿੰਨ੍ਹਾਂ ਤੋਂ ਬਿਨਾ।

***ਅਰਥ :*** ਹੇ ਪ੍ਰਭੂ ! ਤੇਰਾ ਰਾਜ ਤੇ ਤੇਰੀ ਰਚਨਾ ਅਟੱਲ ਹਨ, ਤੇਰੇ ਨਿਯਮ ਮੁਕੰਮਲ ਹਨ (ਭਾਵ, ਤੇਰੇ ਨਿਯਮਾਂ ਵਿਚ ਕੋਈ ਉਕਾਈ ਨਹੀਂ, ਪਰ) ਤੇਰੇ ਕੰਮਾਂ ਦਾ ਥਹੁ ਨਹੀਂ ਪੈ ਸਕਦਾ ॥੭੫॥

**ਸਰਬੰ ਦਾਤਾ ॥ ਸਰਬੰ ਗਿਆਤਾ ॥**
**ਸਰਬੰ ਭਾਨੇ ॥ ਸਰਬ ਮਾਨੇ ॥੭੬॥**

***ਪਦ ਅਰਥ :*** ਭਾਨ—ਸੂਰਜ, ਰੌਸ਼ਨੀ ਦੇਣ ਵਾਲਾ। ਮਾਨ—ਮਾਨਯ, ਆਦਰ-ਯੋਗ।

***ਅਰਥ :*** ਹੇ ਪ੍ਰਭੂ ! ਤੂੰ ਸਭ ਜੀਵਾਂ ਦਾ ਦਾਤਾ ਹੈਂ; ਤੂੰ ਸਭ ਦੇ ਦਿਲ ਦੀ ਜਾਣਨ ਵਾਲਾ ਹੈਂ, ਤੂੰ ਸਭ ਨੂੰ ਰੌਸ਼ਨੀ ਦੇਣ ਵਾਲਾ ਹੈਂ ਅਤੇ ਸਭ ਜੀਵ ਤੇਰੀ ਪੂਜਾ ਕਰਦੇ ਹਨ ॥੭੬॥

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥**
**ਸਰਬੰ ਭੁਗਤਾ ॥ ਸਰਬੰ ਜੁਗਤਾ ॥੭੭॥**

***ਪਦ ਅਰਥ :*** ਤ੍ਰਾਣ—ਓਟ, ਆਸਰਾ। ਭੁਗਤਾ—ਹੁਕਮ ਕਰਨ ਵਾਲਾ, ਰਾਜਾ (ਵੇਖੋ ਛੰਦ ਨੰ: ੭੪, 'ਭੋਗ')। ਜੁਗਤਾ—ਮਿਲਿਆ ਹੋਇਆ।

***ਅਰਥ :*** ਹੇ ਪ੍ਰਭੂ ! ਤੂੰ ਸਭ ਜੀਵਾਂ ਦੀ ਜਿੰਦ ਹੈਂ ਤੇ ਸਭ ਦੀ ਓਟ ਹੈਂ। ਸਭ ਜੀਵਾਂ ਉਤੇ ਤੇਰਾ ਹੀ ਹੁਕਮ ਚਲਦਾ ਹੈ, ਤੂੰ ਸਭ ਦੇ ਅੰਗ ਸੰਗ ਹੈਂ ॥੭੭॥

**ਸਰਬੰ ਦੇਵੰ ॥ ਸਰਬੰ ਭੇਵੰ ॥**
**ਸਰਬੰ ਕਾਲੇ ॥ ਸਰਬੰ ਪਾਲੇ ॥੭੮॥**

**ਪਦ ਅਰਥ :** ਦੇਵ—ਪ੍ਰਕਾਸ਼-ਰੂਪ, ਪੂਜਣ-ਯੋਗ। ਭੇਵ—ਦਿਲ ਦਾ ਭੇਤ। ਸਰਬੰ-ਭੇਵ—ਸਭ ਦੇ ਦਿਲ ਦੀ ਜਾਣਨ ਵਾਲਾ।

**ਅਰਥ :** ਹੇ ਪ੍ਰਭੂ! ਤੂੰ ਸਭ ਜੀਵਾਂ ਦੇ ਪੂਜਣ-ਯੋਗ ਹੈਂ, ਤੂੰ ਸਭ ਦੇ ਦਿਲ ਦਾ ਭੇਤ ਜਾਣਦਾ ਹੈਂ। ਸਭ ਦਾ ਨਾਸ ਕਰਨ ਵਾਲਾ ਹੈਂ ਅਤੇ ਸਭ ਦੀ ਰੱਖਿਆ ਭੀ ਕਰਨ ਵਾਲਾ ਹੈਂ॥੭੮॥

**ਰੂਆਲ ਛੰਦ॥ ਤ੍ਵ ਪ੍ਰਸਾਦਿ॥**

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥**
**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥**
**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥**
**ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ॥੭੯॥**

**ਪਦ ਅਰਥ :** ਅਨਾਦਿ—ਅਨ + ਆਦਿ, ਜਿਸ ਦਾ ਮੁੱਢ ਨਾ ਲੱਭ ਸਕੇ। ਮਾਨ—ਮਾਨਜ, ਆਦਰ-ਯੋਗ। ਸਰਬ ਮਾਨ—ਸਭ ਜੀਵਾਂ ਦੇ ਆਦਰ-ਯੋਗ। ਤ੍ਰਿਮਾਨ—ਤ੍ਰਿ + ਮਾਨ। ਤ੍ਰਿ—ਤਿੰਨਾਂ ਲੋਕਾਂ ਦੇ ਜੀਵ। ਦੇਵ—ਪ੍ਰਕਾਸ਼-ਰੂਪ, ਚਾਨਣ-ਸਰੂਪ। ਅਭੇਵ—ਅ + ਭੇਵ, ਜਿਸ ਦਾ ਭੇਤ ਨਾ ਪਾਇਆ ਜਾ ਸਕੇ। ਉਦਾਰ—ਖੁਲ੍ਹੇ ਦਿਲ ਵਾਲਾ। ਘਾਲਕ—ਨਾਸ ਕਰਨ ਵਾਲਾ। ਪੁਨਿ—ਮੁੜ, ਫੇਰ, ਹੀ। ਕਾਲ—ਮੌਤ। ਜਤ੍ਰ ਤਤ੍ਰ—ਜਿਥੇ ਕਿਥੇ, ਹਰ ਥਾਂ। ਬਿਰਾਜਹੀ—ਤੂੰ ਮੌਜੂਦ ਹੈਂ। ਅਵਧੂਤ—ਜਿਸ ਨੇ ਮਾਇਕ ਬੰਧਨ ਪਰੇ ਹਟਾ ਦਿਤੇ ਹੋਏ ਹੋਣ। ਰਸਾਲ—ਰਸ + ਆਲਯ, ਰਸਾਂ ਦਾ ਘਰ, ਰਸਾਂ ਦਾ ਸੋਮਾ। ਪੁਰਖ—ਸਭ ਵਿਚ ਵਿਆਪਕ।

**ਅਰਥ :** (ਹੇ ਪ੍ਰਭੂ!) ਤੇਰੀ ਹਸਤੀ (ਸਭ ਤੋਂ) ਪਹਿਲਾਂ ਦੀ ਹੈ, ਤੇਰੇ ਸਰੂਪ ਦਾ ਮੁੱਢ ਕੋਈ ਨਹੀਂ ਦੱਸ ਸਕਦਾ, ਤੂੰ ਜੋਨਿ ਵਿਚ ਨਹੀਂ ਆਉਂਦਾ, ਸਭ ਵਿਚ ਵਿਆਪਕ ਹੈਂ ਅਤੇ ਬੇਅੰਤ ਹੈਂ।

ਸਭ ਜੀਵ ਤੇਰੇ ਅੱਗੇ ਨਿਉਂਦੇ ਹਨ, ਤ੍ਰਿਲੋਕੀ ਦੇ ਜੀਵ ਤੇਰੀ ਪੂਜਾ ਕਰਦੇ ਹਨ, ਤੂੰ ਚਾਨਣ-ਰੂਪ ਹੈਂ, ਤੇਰਾ ਕਿਸੇ ਭੇਤ ਨਹੀਂ ਪਾਇਆ, ਤੂੰ ਸਭ ਦਾ ਮੁੱਢ ਹੈਂ ਤੇ ਖੁਲ੍ਹੇ ਦਿਲ ਵਾਲਾ ਹੈਂ।

ਸਭ ਜੀਵਾਂ ਨੂੰ ਪਾਲਣ ਵਾਲਾ ਤੇ ਨਾਸ ਕਰਨ ਵਾਲਾ ਤੂੰ ਹੀ ਹੈਂ, ਤੂੰ

ਹੀ ਸਭ ਦਾ ਕਾਲ ਹੈਂ।

ਹੇ ਪ੍ਰਭੂ! ਤੂੰ ਹਰ ਥਾਂ ਮੌਜੂਦ ਹੈਂ, ਸਭ ਰਸਾਂ ਦਾ ਘਰ ਹੈਂ, ਪਰ ਤੂੰ ਆਪ (ਸਭ ਰਸਾਂ ਦੇ ਬੰਧਨ) ਪਰੇ ਸੁੱਟੇ ਹੋਏ ਹਨ ॥੭੯॥

**ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥**
**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥**
**ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥**
**ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ ॥੮੦॥**

***ਪਦ ਅਰਥ :*** ਠਾਮ—ਠਾਂ, ਥਾਂ। ਜਾਕਰ—ਜਾਕਹ, ਜਿਸ ਦੀ। ਰੇਖ—ਲਕੀਰ, ਨਿਸ਼ਾਨ। ਪੁਰਖ—ਸਭ ਜੀਵਾਂ ਵਿਚ ਵਿਆਪਕ। ਅਸੇਖ—ਅ - ਸੇਖ। ਸੇਖ—(anything omitted to be said) ਕੋਈ ਗੱਲ ਜੋ ਦੱਸਣੀ ਰਹਿ ਗਈ ਹੋਵੇ, ਕਮੀ, ਉਕਾਈ। ਅਸੇਖ—ਜਿਸ ਵਿਚ ਕੋਈ ਕਮੀ ਨਾ ਹੋਵੇ, ਮੁਕੰਮਲ, ਸੰਪੂਰਨ। ਜਤ੍ਰ ਤਤ੍ਰ—ਹਰ ਥਾਂ। ਦਿਸਾ ਵਿਸਾ—ਦਿਸ਼ਾ ਵਿਦਿਸ਼ਾ। ਦਿਸ਼ਾ—ਪਾਸਾ, ਤਰਫ਼ (ਉੱਤਰ, ਦੱਖਣ, ਪੂਰਬ, ਪੱਛਮ)। ਵਿਦਿਸ਼—ਕੋਨਾ, ਨੁੱਕਰ। ਅਨੁਰਾਗ—ਪਿਆਰ। ਫੈਲਿਓ—ਫੈਲਿਆ ਹੋਇਆ ਹੈ, ਪਸਰ ਰਿਹਾ ਹੈ। ਹੋਇ ਅਨੁਰਾਗ—ਪਿਆਰ-ਰੂਪ ਹੋ ਕੇ। ਰਾਗ—ਮੋਹ।

***ਅਰਥ :*** (ਹੇ ਪ੍ਰਭੂ! ਤੂੰ ਐਸਾ ਹੈਂ) ਜਿਸ ਦਾ ਨਾ ਕੋਈ ਇੱਕ ਨਾਮ ਹੈ, ਨਾ ਕੋਈ ਇਕ ਥਾਂ ਹੈ; ਨਾ ਰੂਪ ਹੈ, ਨਾ ਰੰਗ ਹੈ, ਨਾ ਨਿਸ਼ਾਨ ਹੈ। ਤੂੰ ਸਭ ਦਾ ਮੂਲ ਹੈਂ, ਸਭ ਵਿਚ ਮੌਜੂਦ ਹੈਂ, ਉਦਾਰਤਾ ਤੇਰਾ ਸਰੂਪ ਹੈ, ਤੂੰ ਜਨਮ ਵਿਚ ਨਹੀਂ ਆਉਂਦਾ, ਤੂੰ ਸ਼ੁਰੂ ਤੋਂ ਹੈਂ, ਤੇਰੇ ਸਰੂਪ ਵਿਚ ਕੋਈ ਉਕਾਈ ਨਹੀਂ। (ਹੇ ਪ੍ਰਭੂ! ਤੂੰ ਐਸਾ ਹੈਂ) ਜਿਸ ਦਾ ਨਾ ਕੋਈ ਇਕ ਦੇਸ ਹੈ, ਨਾ ਕੋਈ ਇਕ ਪਹਿਰਾਵਾ ਹੈ, ਨਾ ਰੂਪ ਹੈ, ਨਾ ਰੇਖ ਹੈ, ਨਾ ਹੀ ਤੈਨੂੰ ਕੋਈ ਮੋਹ ਹੈ। (ਹੇ ਪ੍ਰਭੂ!) ਹਰ ਥਾਂ, ਹਰ ਪਾਸੇ, ਹਰ ਨੁੱਕਰੇ, ਤੂੰ ਪਿਆਰ-ਰੂਪ ਹੋ ਕੇ ਪਸਰ ਰਿਹਾ ਹੈਂ ॥੮੦॥

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥**
**ਸਰਬ ਮਾਨ, ਸਰਬਤ੍ਰ ਮਾਨ, ਸਦੈਵ ਮਾਨਤ ਤਾਹਿ ॥**
**ਏਕ ਮੂਰਤਿ ਅਨੇਕ-ਦਰਸਨ, ਕੀਨ ਰੂਪ ਅਨੇਕ ॥**
**ਖੇਲ ਖੇਲਿ, ਅਖੇਲ ਖੇਲਨਿ, ਅੰਤ ਕੋ ਫਿਰਿ ਏਕੁ ॥੮੧॥**

**ਪਦ ਅਰਥ :** ਕਾਮ—ਇੱਛਾ, ਵਾਸ਼ਨਾ। ਬਿਹੀਨ—ਬਿਨਾ। ਪੇਖਤ—ਵੇਖੀਦਾ ਹੈ। ਧਾਮ—ਟਿਕਾਣਾ। ਹੂੰ—ਭੀ। ਜਾਹਿ—ਜਿਸ ਦਾ। ਸਰਬਤ੍ਰ—ਹਰ ਥਾਂ। ਸਦੈਵ—ਸਦਾ + ਏਵ, ਸਦਾ ਹੀ। ਮਾਨਤ—ਮੰਨਦੇ ਹਨ, ਸਿਰ ਨਿਵਾਉਂਦੇ ਹਨ। ਤਾਹਿ—ਉਸ ਨੂੰ। ਏਕ ਮੂਰਤਿ—ਇਕ-ਸਰੂਪ ਵਾਲਾ, ਇਕੋ-ਇਕ। ਅਨੇਕ ਦਰਸਨ—ਕਈ ਸਰੂਪਾਂ ਵਾਲਾ। ਖੇਲੁ—ਤਮਾਸ਼ਾ, ਖੇਡ। ਖੇਲਿ—ਖੇਲ ਕੇ, ਖੇਡ ਕੇ। ਅਖੇਲੁ—ਅ + ਖੇਲੁ, ਖੇਲ ਦਾ ਉਲਟ, ਖੇਡ ਦਾ ਨਾਸ। ਖੇਲਹਿ—(ਪ੍ਰਭੂ ਜੀ) ਖੇਡਦੇ ਹਨ। ਅੰਤ—ਆਖ਼ਰ ਨੂੰ। ਫਿਰਿ—ਮੁੜ।

**ਅਰਥ :** (ਉਹ ਐਸਾ ਪ੍ਰਭੂ ਹੈ) ਜਿਸ ਦਾ ਕੋਈ ਇਕ ਨਾਮ ਨਹੀਂ, ਜਿਸ ਨੂੰ ਕੋਈ ਵਾਸ਼ਨਾ (ਪੋਹ) ਨਹੀਂ (ਸਕਦੀ), ਜਿਸ ਦਾ ਕੋਈ ਇਕ (ਖ਼ਾਸ) ਟਿਕਾਣਾ ਭੀ ਵੇਖਣ ਵਿਚ ਨਹੀਂ ਆਉਂਦਾ। (ਉਸ ਪ੍ਰਭੂ ਨੂੰ) ਸਭ ਜੀਵ ਨਿਉਂਦੇ ਹਨ; ਹਰ ਥਾਂ ਉਸ ਦੀ ਪੂਜਾ ਹੁੰਦੀ ਹੈ, ਸਦਾ ਹੀ ਜੀਵ ਉਸ ਦੇ ਅੱਗੇ ਸਿਰ ਨਿਵਾਉਂਦੇ ਹਨ।

(ਉਹ ਪ੍ਰਭੂ) ਆਪ ਇਕ ਇਕੱਲਾ ਹੈ, (ਪਰ) ਅਨੇਕ ਸੂਰਤਾਂ ਵਿਚ ਦਿੱਸ ਰਿਹਾ ਹੈ; ਉਸ ਨੇ ਆਪਣੇ ਕਈ ਰੂਪ ਬਣਾਏ ਹਨ।

(ਪ੍ਰਭੂ ਜੀ) ਜਗਤ ਦੀ ਖੇਡ ਖੇਡ ਕੇ (ਭਾਵ, ਰਚਾ ਕੇ), ਜਗਤ-ਪਰਲੋ ਦੀ ਖੇਡ ਖੇਡ ਦੇਂਦੇ ਹਨ ਤੇ ਆਖ਼ਰ ਮੁੜ ਇਕੋ (ਆਪ ਹੀ ਰਹਿ ਜਾਂਦੇ ਹਨ) ॥੮੧॥

**ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥**
**ਰੂਪ ਰੰਗ ਨ ਜਾਤਿ ਪਾਤਿ ਸੁ ਜਾਨਹੀ ਕਿਹ ਜੇਬ ॥**
**ਤਾਤ ਮਾਤ ਨ ਜਾਤਿ ਜਾਕਰ ਜਨਮ ਮਰਨ ਬਿਹੀਨ ॥**
**ਚੱਕ੍ਰ ਬੱਕ੍ਰ ਫਿਰੈ ਚਤੁਰ ਚਕ ਮਾਨਹੀ ਪੁਰਿ ਤੀਨ ॥੮੨॥**

**ਪਦ ਅਰਥ :** ਭੇਵ—ਭੇਤ। ਜਾਨਹੀ—ਜਾਣਦੇ। ਜਿਹ—ਜਿਸ (ਪ੍ਰਭੂ) ਦਾ। ਕਤੇਬ—ਸਾਮੀ ਮਤਾਂ ਦੀਆਂ ਧਾਰਮਿਕ ਕਿਤਾਬਾਂ (ਅੰਜੀਲ, ਤੌਰੇਤ, ਜੰਬੂਰ, ਕੁਰਾਨ)। ਪਾਤਿ—ਕੁਲ। ਕਿਹ—ਕੈਸੀ, ਕਿਹੋ ਜਿਹੀ। ਜ਼ੇਬ—ਫਬਨ, ਨੁਹਾਰ। ਤਾਤ—ਪਿਉ। ਜਾਕਰ—ਜਿਸ (ਪ੍ਰਭੂ) ਦਾ। ਬਿਹੀਨ—ਰਹਿਤ, ਬਿਨਾ। ਬੱਕ੍ਰ—ਵੱਕ੍ਰ, ਟੇਢਾ, ਭਿਆਨਕ। ਚਤੁਰ—ਚਾਰ। ਚੱਕ੍ਰ—ਕੂਟ। ਮਾਨਹੀ—ਮੰਨਦੇ ਹਨ, ਸਿਰ ਨਿਵਾਉਂਦੇ ਹਨ।

***ਅਰਥ*** : (ਉਹ ਪ੍ਰਭੂ ਐਸਾ ਹੈ) ਜਿਸ ਦਾ ਭੇਤ ਨਾ ਦੇਵਤੇ ਜਾਣਦੇ ਹਨ; ਨਾ (ਹਿੰਦੂਆਂ ਦੇ ਧਾਰਮਿਕ ਪੁਸਤਕ) ਵੇਦ, ਨਾ ਸਾਮੀ ਮਤਾਂ ਦੇ ਧਾਰਮਿਕ ਪੁਸਤਕ। ਕੋਈ ਭੀ ਨਹੀਂ ਜਾਣਦਾ ਕਿ ਉਸ ਦਾ ਰੂਪ ਕੈਸਾ ਹੈ, ਰੰਗ ਕਿਹੋ ਜਿਹਾ ਹੈ; ਜਾਤਿ ਤੇ ਕੁਲ ਕੈਸੇ ਹਨ, ਨੁਹਾਰ ਕੈਸੀ ਹੈ।

(ਉਹ ਪ੍ਰਭੂ ਐਸਾ ਹੈ) ਜਿਸ ਦੀ ਨਾ ਮਾਂ ਹੈ, ਨਾ ਪਿਉ ਹੈ ਅਤੇ ਨਾ ਕੋਈ ਜਾਤਿ ਹੈ; ਨਾ ਉਹ ਜਨਮ ਵਿਚ ਆਉਂਦਾ ਹੈ, ਨਾ ਮਰਨ ਵਿਚ। ਉਸ ਪ੍ਰਭੂ ਦਾ (ਕਾਲ ਰੂਪ) ਭਿਆਨਕ ਚੱਕਰ ਚਹੁੰ-ਕੂਟਾਂ ਵਿਚ ਫਿਰ ਰਿਹਾ ਹੈ; ਤਿੰਨਾਂ ਭਵਨਾਂ ਦੇ ਜੀਵ ਉਸ ਨੂੰ ਨਿਉਂਦੇ ਹਨ ॥੮੨॥

**ਲੋਕ ਚਉਦਹ ਕੇ ਬਿਖੇ ਜਗ ਜਾਪਹੀ ਜਹ ਜਾਪੁ ॥**
**ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪ ॥**
**ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ ॥**
**ਸਰਬ ਬਿਸ਼੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥੮੩॥**

***ਪਦ ਅਰਥ*** : ਲੋਕ ਚਉਦਹ—ਚੌਦਾਂ ਲੋਕ; (ਪੁਰਾਤਨ ਹਿੰਦੂ ਪੁਸਤਕਾਂ ਦੀ ਵੰਡ ਅਨੁਸਾਰ ੧੪ ਲੋਕ ਹਨ : ੭ ਧਰਤੀ ਤੋਂ ਉਪਰ ਹਨ, ਇਕ ਦੂਜੇ ਦੇ ਉਤੇ, ੭ ਧਰਤੀ ਤੋਂ ਹੇਠਾਂ) ਭਾਵ, ਸਾਰੀ ਸ੍ਰਿਸ਼ਟੀ। ਕੇ ਬਿਖੇ—ਦੇ ਵਿਚ। ਜਗ—ਜਗਤ, ਭਾਵ, ਜਗਤ ਦੇ ਜੀਵ। ਜਾਪਹੀ—ਜਪਦੇ (ਹਨ)। ਜਿਹ—ਜਿਸ ਪ੍ਰਭੂ ਦਾ। ਜਿਹ ਸਬੈ ਥਾਪ ਥਾਪਿਓ—ਜਿਸ ਪ੍ਰਭੂ ਨੇ ਸਾਰੀ ਰਚਨਾ ਰਚੀ ਹੈ। ਪਰਮ ਰੂਪ—ਸਭ ਤੋਂ ਉੱਚੀ ਹਸਤੀ। ਪੁਨੀਤ—ਪਵਿਤ੍ਰ । ਪੁਰਖ—ਸਭ ਵਿਚ ਵਿਆਪਕ। ਬਿਸ਼੍ਵ—ਜਗਤ, ਸ੍ਰਿਸ਼ਟੀ। ਸੁਯੰਭਵ—ਜੋ ਆਪਣੇ ਆਪ ਤੋਂ ਪਰਗਟ ਹੋਇਆ ਹੈ, (ਸ੍ਵਯੰ—ਆਪਣੇ ਆਪ; ਭੂ—ਜਨਮ, ਜਿਸ ਦਾ ਜਨਮ ਆਪਣੇ ਆਪ ਤੋਂ ਹੈ)। ਦੇਵ—ਪੂਜਣ-ਯੋਗ ਹਸਤੀ।

***ਅਰਥ*** : (ਉਹ ਪ੍ਰਭੂ ਐਸਾ ਹੈ) ਜਿਸ ਦਾ ਜਾਪ ਚੌਦਾਂ ਹੀ ਲੋਕਾਂ ਵਿਚ ਜਗਤ ਦੇ ਸਭ ਜੀਵ ਜਪ ਰਹੇ ਹਨ, ਜੋ ਸਭ ਤੋਂ ਪਹਿਲੀ ਪੂਜਣ-ਯੋਗ ਹਸਤੀ ਹੈ, ਜਿਸ ਦੇ ਸਰੂਪ ਦਾ ਮੁੱਢ ਨਹੀਂ ਲੱਭ ਸਕਿਆ ਅਤੇ ਜਿਸ ਨੇ ਸਾਰੀ ਰਚਨਾ ਰਚੀ ਹੈ।

ਉਹ ਪ੍ਰਭੂ ਸਭ ਤੋਂ ਉੱਚੀ ਹਸਤੀ ਵਾਲਾ, ਪਵਿਤ੍ਰ ਸਰੂਪ ਵਾਲਾ ਹੈ, ਪੂਰਨ ਹੈ, ਸਭ ਵਿਚ ਵਿਆਪਕ ਹੈ ਅਤੇ ਬੇਅੰਤ ਹੈ।

ਸਾਰਾ ਜਗਤ ਉਸੇ ਪ੍ਰਭੂ ਨੇ ਬਣਾਇਆ ਹੈ, ਉਹ ਆਪ ਤਾਂ ਆਪਣੇ ਆਪ ਤੋਂ ਹੀ ਪਰਗਟ ਹੈ, (ਪਰ ਜਗਤ ਦਾ) ਘੜਨ ਵਾਲਾ ਭੀ ਉਹੀ ਹੈ ਤੇ ਨਾਸ ਕਰਨ ਵਾਲਾ ਭੀ ਉਹੀ ॥੮੩॥

**ਕਾਲ-ਹੀਨ ਕਲਾ-ਸੰਜੁਗਤ ਅਕਾਲ ਪੁਰਖ ਅਦੇਸ ॥**
**ਧਰਮ-ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥**
**ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ॥**
**ਗਰਬ-ਗੰਜਨ ਦੁਸ਼ਟ ਭੰਜਨ ਮੁਕਤਿ-ਦਾਇਕ ਕਾਮ ॥੮੪॥**

***ਪਦ ਅਰਥ :*** ਕਾਲ-ਹੀਨ—ਮੌਤ ਤੋਂ ਰਹਿਤ। ਕਲਾ—ਸੱਤਿਆ, ਸਮਰੱਥਾ। ਸੰਜੁਗਤ—ਸਮੇਤ। ਅਦੇਸ—ਅ+ਦੇਸ, ਜਿਸ ਦਾ ਕੋਈ ਇਕ ਦੇਸ ਨਹੀਂ। ਧਾਮ—ਟਿਕਾਣਾ, ਥਾਂ। ਅਭੂਤ—ਅ+ਭੂਤ, ਤੱਤਾਂ ਤੋਂ ਰਹਿਤ। ਅਲਖ—(invisible) ਅਦ੍ਰਿਸ਼ਟ। ਜਾਕਹਿ—ਜਿਸ (ਪ੍ਰਭੂ) ਦਾ। ਪਾਤਿ—ਕੁਲ। ਗਰਬ—ਅਹੰਕਾਰ। ਗੰਜਨ—ਤੋੜਨ ਵਾਲਾ। ਮੁਕਤਿ-ਦਾਇਕ—ਮੁਕਤੀ ਦੇਣ ਵਾਲਾ। ਕਾਮ—ਕਾਮ ਦਾਇਕ, ਕਾਮਨਾ ਪੂਰੀ ਕਰਨ ਵਾਲਾ। ਅੰਗ ਰਾਗ—ਸਰੀਰ ਦਾ ਮੋਹ। [ਅੰਗ—ਸਰੀਰ। ਰਾਗ—ਮੋਹ]।

***ਅਰਥ :*** ਪ੍ਰਭੂ ਮੌਤ ਰਹਿਤ ਹੈ, ਸਭ ਸਮਰੱਥਾ ਵਾਲਾ ਹੈ। ਕਾਲ-ਰਹਿਤ ਹੈ, ਸਭ ਵਿਚ ਵਿਆਪਕ ਹੈ ਤੇ ਉਸ ਦਾ ਕੋਈ ਇਕ ਦੇਸ ਨਹੀਂ ਹੈ।

ਪ੍ਰਭੂ ਧਰਮ ਦਾ ਘਰ (ਭਾਵ, ਸੋਮਾ) ਹੈ, ਭਰਮਾਂ ਤੋਂ ਉਤਾਂਹ ਹੈ; ਨਾ ਉਹ ਇਹਨਾਂ ਪੰਜਾਂ ਤੱਤਾਂ ਤੋਂ ਬਣਿਆ ਹੈ, ਨਾ ਉਹ ਦਿੱਸਦਾ ਹੈ ਅਤੇ ਨਾ ਹੀ ਉਸ ਦਾ ਕੋਈ ਪਹਿਰਾਵਾ ਹੈ।

(ਉਹ ਪ੍ਰਭੂ ਐਸਾ ਹੈ) ਜਿਸ ਨੂੰ ਸਰੀਰ ਦਾ ਮੋਹ ਨਹੀਂ, ਨਾ ਹੀ ਉਸ ਦਾ ਕੋਈ ਰੰਗ ਹੈ, ਨਾ ਕੋਈ ਜਾਤਿ ਤੇ ਕੁਲ,ਅਤੇ ਨਾ ਹੀ ਕੋਈ ਇਕ ਨਾਮ ਹੈ।

ਉਹ ਪ੍ਰਭੂ (ਅਹੰਕਾਰੀਆਂ ਦਾ) ਅਹੰਕਾਰ ਤੋੜਨ ਵਾਲਾ ਹੈ, ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈ, ਮੁਕਤੀ ਦੇਣ ਵਾਲਾ ਹੈ ਅਤੇ ਕਾਮਨਾ ਪੂਰੀ ਕਰਨ ਵਾਲਾ ਹੈ ॥੮੪॥

**ਆਪ-ਰੂਪ ਅਮੀਕ ਅਨ-ਉਸਤਤਿ ਏਕ ਪੁਰਖ ਅਵਧੂਤ ॥**
**ਗਰਬ-ਗੰਜਨ ਸਰਬ-ਭੰਜਨ ਆਦਿ-ਰੂਪ ਅਸੂਤ ॥**

**ਅੰਗ-ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥**
**ਸਰਬ-ਲਾਇਕ ਸਰਬ-ਘਾਇਕ ਸਰਬ ਕੋ ਪ੍ਰਤਿਪਾਰ ॥੯੫॥**

***ਪਦ ਅਰਥ :*** ਆਪ—(ਸੰ: ਆਤਮ) ਸੰਸਕ੍ਰਿਤ ਲਫ਼ਜ਼ 'ਆਤਮ' ਤੋਂ ਪ੍ਰਾਕ੍ਰਿਤ-ਰੂਪ 'ਆਪ' ਹੈ; ਸੰਸਕ੍ਰਿਤ ਲਫ਼ਜ਼ 'ਆਤਮ-ਭੂ' ਦਾ ਅਰਥ ਹੈ 'ਆਪਣੇ ਆਪ ਤੋਂ ਪੈਦਾ ਹੋਇਆ'; ਏਸੇ ਤਰ੍ਹਾਂ 'ਆਪ-ਰੂਪ'—ਉਹ ਜਿਸ ਦਾ ਸਰੂਪ ਆਪਣੇ ਆਪ ਤੋਂ ਬਣਿਆ ਹੈ। ਅਮੀਕ—ਡੂੰਘਾ। ਉਸਤਤਿ—ਵਡਿਆਈ। ਅਨ ਉਸਤਤਿ—ਵਡਿਆਈ ਤੋਂ ਪਰੇ ਹੈ। ਅਵਧੂਤ—ਮਾਇਆ ਦੇ ਬੰਧਨਾਂ ਤੋਂ ਰਹਿਤ। ਅਸੂਤ—ਅ+ਸੂਤ। ਸੂਤ—ਜੰਮਿਆ ਹੋਇਆ (ਸੂ—ਜਨਮ ਲੈਣਾ)। ਅਸੂਤ—ਅਜਨਮਾ। ਅਨਾਤਮ—ਅਨ-ਆਤਮ। ਆਤਮ—ਜੀਵਾਤਮਾ। ਅਨਾਤਮ—ਉਹ ਜਿਸ ਵਿਚ ਜੀਵਾਤਮਾ ਦੀ ਵੱਖਰੀ ਆਪਣੀ ਹਸਤੀ ਨਹੀਂ ਹੈ। ਲਾਇਕ—ਜੋਗ, ਸਮਰੱਥ। ਘਾਇਕ—ਨਾਸ ਕਰਨ ਵਾਲਾ। ਪ੍ਰਤਿਪਾਰ—ਪ੍ਰਤਿਪਾਲ, ਪਾਲਣ ਵਾਲਾ।

***ਅਰਥ :*** ਪ੍ਰਭੂ ਆਪਣੇ ਆਪ ਤੋਂ ਪਰਗਟ ਹੋਇਆ ਹੈ, ਡੂੰਘਾ ਹੈ (ਭਾਵ, ਉਸ ਦੇ ਭੇਤ ਕੋਈ ਜੀਵ ਜਾਣ ਨਹੀਂ ਸਕਦਾ), ਉਸ ਦੀ ਵਡਿਆਈ ਨਹੀਂ ਹੋ ਸਕਦੀ, ਉਹ ਇਕੋ ਇਕ ਆਪ ਹੀ ਹੈ, ਸਭ ਵਿਚ ਵਿਆਪਕ ਹੈ ਅਤੇ ਮਾਇਆ ਦੇ ਬੰਧਨਾਂ ਤੋਂ ਪਰੇ ਹੈ। ਪ੍ਰਭੂ (ਹੰਕਾਰੀਆਂ ਦਾ) ਹੰਕਾਰ ਤੋੜਨ ਵਾਲਾ ਹੈ, ਸਭ ਦਾ ਨਾਸ ਕਰਨ ਵਾਲਾ ਹੈ, ਸ਼ੁਰੂ ਤੋਂ ਮੌਜੂਦ ਹੈ ਅਤੇ ਅਜਨਮਾ ਹੈ।

ਸਰੀਰ ਰਹਿਤ ਤੇ ਅਬਿਨਾਸ਼ੀ ਹੈ, ਉਸ ਵਿਚ ਜੀਵਾਂ ਦੀਆਂ ਵਖੋ ਵਖ ਹਸਤੀਆਂ ਨਹੀਂ ਹਨ (ਕਿਉਂਕਿ ਅਸਲ ਵਿਚ) ਉਹ ਇਕੋ-ਇਕ ਆਪ ਹੀ ਹੈ ਤੇ ਸਭ ਜੀਵਾਂ ਵਿਚ ਆਪ ਮੌਜੂਦ ਹੈ ਅਤੇ ਬੇਅੰਤ ਹੈ।

ਪ੍ਰਭੂ ਸਭ ਕੁਝ ਕਰਨ ਜੋਗਾ ਹੈ, ਸਭ ਨੂੰ ਨਾਸ ਕਰਨ ਵਾਲਾ ਹੈ ਅਤੇ ਸਭ ਨੂੰ ਪਾਲਣ ਵਾਲਾ (ਭੀ) ਹੈ ॥੯੫॥

**ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥**
**ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ ॥**
**ਪਰਮ ਬੇਦ ਪੁਰਾਨ ਜਾ ਕਹਿ ਨੇਤਿ ਭਾਖਤ ਨਿਤ ॥**
**ਕੋਟਿ ਸਿੰਮ੍ਰਿਤਿ ਪੁਰਾਣ ਸਾਸਤ੍ਰ ਨ ਆਵਈ ਵਹੁ ਚਿਤਿ ॥੯੬॥**

**ਪਦ ਅਰਥ :** ਗੰਤਾ—(ਧਾਤੂ 'ਗਮ'—ਜਾਣਾ) ਜਾਣ ਵਾਲਾ, ਅਪੜਨ ਵਾਲਾ। ਸਰਬ ਗੰਤਾ—ਸਭ ਤਕ ਅਪੜਨ ਵਾਲਾ। ਹੰਤਾ—('ਹਨ'—ਮਾਰਨਾ) ਮਾਰਨ ਵਾਲਾ। ਸਰਬ ਤੇ—ਸਭ ਤੋਂ। ਅਨ—ਹੋਰ, ਵੱਖਰਾ, ਨਿਰਾਲਾ। ਜਾਨਹੀ—ਜਾਣਦੇ ਹਨ। ਜਿਹ—ਜਿਸ (ਪ੍ਰਭੂ) ਦਾ। ਰੇਖ—ਰੇਖਾ, ਲਕੀਰ, ਨਿਸ਼ਾਨ। ਜਾ ਕਹਿ—ਜਾ ਕਉ, ਜਿਸ ਨੂੰ। ਨੇਤਿ—ਨ + ਇਤਿ। ਇਤਿ—ਇਹ, ਇਹੋ ਜਿਹਾ। ਨੇਤਿ—ਇਹੋ ਜਿਹਾ ਨਹੀਂ, ਭਾਵ, ਜਿਸ ਵਰਗਾ ਹੋਰ ਕੋਈ ਨਾ ਹੋਵੇ। ਭਾਖਤ—ਆਖਦੇ ਹਨ। ਕੋਟਿ—ਕਰੋੜਾਂ। ਆਵਈ—ਆਉਂਦਾ ਹੈ। ਵਹੁ—ਉਹ ਪ੍ਰਭੂ। ਚਿਤਿ—ਚਿਤ ਵਿਚ। ਨਾ ਆਵਈ ਵਹੁ ਚਿਤਿ—ਉਹ ਪ੍ਰਭੂ ਚਿਤ ਵਿਚ ਨਹੀਂ ਆਉਂਦਾ, ਭਾਵ, ਉਸ ਪ੍ਰਭੂ ਦਾ ਸੰਪੂਰਨ ਸਰੂਪ ਸਮਝ ਵਿਚ ਨਹੀਂ ਪੈਂਦਾ।

**ਅਰਥ :** ਪ੍ਰਭੂ ਸਭ ਜੀਵਾਂ ਤਕ ਪਹੁੰਚ ਰੱਖਣ ਵਾਲਾ ਹੈ, ਸਭ ਨੂੰ ਮਾਰਨ ਵਾਲਾ ਹੈ, ਅਤੇ ਉਸ ਦਾ ਭੇਖ ਸਭਨਾਂ ਤੋਂ ਹੀ ਨਿਰਾਲਾ ਹੈ।

(ਉਹ ਪ੍ਰਭੂ ਐਸਾ ਹੈ) ਕਿ ਸਾਰੇ ਹੀ ਸ਼ਾਸਤ੍ਰ ਉਸ ਦਾ ਨਾ ਰੂਪ ਜਾਣਦੇ ਹਨ, ਨਾ ਰੰਗ ਅਤੇ ਨਾ ਹੀ ਰੇਖ।

(ਉਹ ਪ੍ਰਭੂ ਐਸਾ ਹੈ) ਜਿਸ ਦੀ ਬਾਬਤ ਵੇਦ ਅਤੇ ਪੁਰਾਣ ਆਖਦੇ ਹਨ ਕਿ ਉਹ ਸਦਾ ਸਭ ਤੋਂ ਉੱਚਾ ਹੈ ਅਤੇ ਉਸ ਵਰਗਾ ਹੋਰ ਕੋਈ ਨਹੀਂ ਹੈ।

ਕਰੋੜਾਂ ਸਿੰਮ੍ਰਿਤੀਆਂ, ਪੁਰਾਣਾਂ ਅਤੇ ਸ਼ਾਸਤ੍ਰਾਂ ਦੀ ਰਾਹੀਂ ਭੀ ਉਸ ਦਾ ਅਸਲ ਸਰੂਪ ਸਮਝ ਵਿਚ ਨਹੀਂ ਆ ਸਕਦਾ॥੯੬॥

**ਮਧੁਭਾਰ ਛੰਦ॥ ਤ੍ਵ ਪ੍ਰਸਾਦਿ॥**

**ਗੁਣ ਗਣ ਉਦਾਰ॥ ਮਹਿਮਾ ਅਪਾਰ॥**
**ਆਸਨ ਅਭੰਗ॥ ਉਪਮਾ ਅਨੰਗ॥੯੭॥**

**ਪਦ ਅਰਥ**: ਗੁਣ—ਸਮੂੰਹ। ਗੁਣ ਗਣ—ਗੁਣਾਂ ਦਾ ਸਮੂੰਹ, ਬੇਅੰਤ ਗੁਣਾਂ (ਦਾ ਮਾਲਕ)। ਉਦਾਰ—ਸਖ਼ੀ, ਖੁਲ੍ਹੇ ਦਿਲ ਵਾਲਾ। ਮਹਿਮਾ—ਵਡਿਆਈ। ਅਭੰਗ—ਅ + ਭੰਗ, ਅਬਿਨਾਸ਼ੀ, ਨਾ ਟੁੱਟਣ ਵਾਲਾ। ਉਪਮਾ—ਗੁਣਾਂ ਦਾ ਟਾਕਰਾ (ਕਿਸੇ ਹੋਰ ਨਾਲ)। ਅਨੰਗ—ਅਨ + ਅੰਗ, ਅੰਗ ਤੋਂ ਬਿਨਾ, ਸਰੀਰ ਤੋਂ ਬਿਨਾ।

**ਅਰਥ :** ਹੇ ਪ੍ਰਭੂ ! ਤੂੰ ਬੇਅੰਤ ਗੁਣਾਂ ਦਾ ਮਾਲਕ ਹੈਂ ਤੇ ਖੁਲ੍ਹੇ ਦਿਲ ਵਾਲਾ ਹੈਂ। ਤੇਰੀ ਵਡਿਆਈ ਬੇਅੰਤ ਹੈ (ਭਾਵ, ਤੂੰ ਕੇਡਾ ਕੁ ਵੱਡਾ ਹੈਂ, ਇਹ ਗੱਲ ਨਹੀਂ ਕਹੀ ਜਾ ਸਕਦੀ)। ਤੇਰਾ ਆਸਣ ਅਡੋਲ ਹੈ, ਤੇਰੇ ਗੁਣਾਂ ਦਾ ਟਾਕਰਾ ਕਰਨ ਲਈ ਕੋਈ ਐਸੀ ਹਸਤੀ ਨਹੀਂ (ਜਿਸ ਦੇ ਗੁਣ ਦੱਸੇ ਜਾ ਸਕਣ) ॥੮੭॥

**ਅਨੁਭਵ ਪ੍ਰਕਾਸ ॥ ਨਿਸ ਦਿਨ ਅਨਾਸ ॥**
**ਆਜਾਨ ਬਾਹੁ ॥ ਸ਼ਾਹਾਨ ਸ਼ਾਹੁ ॥੮੮॥**

**ਪਦ ਅਰਥ :** ਅਨੁਭਵ—(knowledge derived from personal observation or experiment) ਆਪਣੇ ਆਪ ਤੋਂ ਪ੍ਰਾਪਤ ਹੋਇਆ ਗਿਆਨ। ਪ੍ਰਕਾਸ—ਚਾਨਣ, ਗਿਆਨ। ਨਿਸ—ਰਾਤ। ਆਜਾਨ—(birth, generating cause) ਪੈਦਾ ਕਰਨ ਦਾ ਵਸੀਲਾ। ਬਾਹ—ਵਾਹ, (bearing, carrying ਇਹ ਲਫ਼ਜ਼ 'ਵਾਹ' ਇਸ ਭਾਵ ਵਿਚ ਕਿਸੇ 'ਸਮਾਸ' ਦੇ ਅੰਤ ਵਿਚ ਵਰਤਿਆ ਜਾਂਦਾ ਹੈ) ਲੈ ਜਾਣ ਵਾਲਾ, ਰੱਖਣ ਵਾਲਾ। ਆਜਾਨ ਬਾਹੁ—ਉਹ ਜੋ ਜਗਤ-ਰਚਨਾ ਦੇ ਵਸੀਲਿਆਂ ਨੂੰ ਆਪਣੇ ਵੱਸ ਵਿਚ ਰੱਖਦਾ ਹੈ, ਜਿਸ ਦੇ ਆਪਣੇ ਵੱਸ ਵਿਚ ਜਗਤ-ਰਚਨਾ ਦੇ ਵਸੀਲੇ ਹਨ।

**ਅਰਥ :** ਹੇ ਪ੍ਰਭੂ ! ਤੈਨੂੰ ਆਪਣੇ ਆਪ ਤੋਂ ਹੀ ਗਿਆਨ ਹਾਸਲ ਹੈ; ਤੂੰ ਰਾਤ ਦਿਨੇ ਹਰ ਵੇਲੇ (ਮੌਜੂਦ ਹੈਂ ਤੇ) ਅਬਿਨਾਸ਼ੀ ਹੈਂ। ਹੇ ਪ੍ਰਭੂ ! ਜਗਤ- ਰਚਨਾ ਦੇ ਸਭ ਵਸੀਲੇ ਤੇਰੇ ਆਪਣੇ ਵੱਸ ਵਿਚ ਹਨ, ਤੂੰ ਸ਼ਾਹਾਂ ਦਾ ਭੀ ਸ਼ਾਹ ਹੈਂ ॥੮੮॥

**ਰਾਜਾਨ ਰਾਜ ॥ ਭਾਨਾਨ ਭਾਨੁ ॥**
**ਦੇਵਾਨ ਦੇਵ ॥ ਉਪਮਾ ਮਹਾਨ ॥੮੯॥**

**ਪਦ ਅਰਥ:** ਭਾਨੁ—ਸੂਰਜ। ਭਾਨਾਨ ਭਾਨੁ—ਸੂਰਜਾਂ ਦਾ ਸੂਰਜ, ਸੂਰਜ ਨੂੰ ਭੀ ਚਾਨਣ ਦੇਣ ਵਾਲਾ। ਦੇਵ—ਪੂਜਣ-ਯੋਗ।

**ਅਰਥ :** (ਹੇ ਪ੍ਰਭੂ) ਤੂੰ ਰਾਜਿਆਂ ਦਾ ਰਾਜਾ ਹੈਂ, ਸੂਰਜਾਂ ਦਾ ਭੀ ਸੂਰਜ ਹੈਂ (ਭਾਵ, ਸੂਰਜ ਨੂੰ ਭੀ ਚਾਨਣ ਦੇਣ ਵਾਲਾ ਤੂੰ ਹੀ ਹੈਂ)। ਤੂੰ ਦੇਵਤਿਆਂ ਦਾ ਭੀ ਪੂਜਜ ਹੈਂ (ਭਾਵ, ਦੇਵਤੇ ਭੀ ਤੈਨੂੰ ਹੀ ਪੂਜਦੇ ਹਨ), ਤੂੰ ਵੱਡੀ ਵਡਿਆਈ ਵਾਲਾ ਹੈਂ ॥੮੯॥

ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥
ਰੰਕਾਨ ਰੰਕ ॥ ਕਾਲਾਨ ਕਾਲ ॥੯੦॥

**ਪਦ ਅਰਥ :** ਇੰਦ੍ਰ—੧. ਰਾਜਾ, ੨. ਦੇਵਤਿਆਂ ਦਾ ਰਾਜਾ। ਬਾਲ—ਬਾਲਾ, ਉੱਚਾ। ਰੰਕ—ਕੰਗਾਲ। ਕਾਲ—ਮੌਤ।

**ਅਰਥ :** (ਹੇ ਪ੍ਰਭੂ! ਇੰਦ੍ਰ ਸਭ ਦੇਵਤਿਆਂ ਦਾ ਰਾਜਾ ਕਿਹਾ ਜਾਂਦਾ ਹੈ, ਪਰ) ਤੂੰ ਇੰਦਰ ਦਾ ਭੀ ਰਾਜਾ ਹੈਂ, ਉੱਚਿਆਂ ਤੋਂ ਉੱਚਾ ਹੈਂ। ਹੇ ਪ੍ਰਭੂ! ਤੂੰ ਕੰਗਾਲਾਂ ਤੋਂ ਭੀ ਕੰਗਾਲ ਹੈਂ (ਭਾਵ, ਮਹਾਂ ਕੰਗਾਲਾਂ ਵਿਚ ਭੀ ਤੂੰ ਆਪ ਹੀ ਹੈਂ) ਤੇ ਮੌਤ ਦੀ ਭੀ ਮੌਤ ਹੈਂ (ਭਾਵ, ਮੌਤ ਭੀ ਤੇਰੇ ਹੀ ਹੁਕਮ ਵਿਚ ਹੈ, ਤੇਰੀ ਹੀ ਬਣਾਈ ਹੋਈ ਹੈ) ॥੯੦॥

ਅਨਭੂਤ ਅੰਗ ॥ ਆਭਾ ਅਭੰਗ ॥
ਗਤਿ ਮਿਤਿ ਅਪਾਰ ॥ ਗੁਣ ਗਣ ਉਦਾਰ ॥੯੧॥

**ਪਦ ਅਰਥ :** ਅਨਭੂਤ—ਅਨ+ਭੂਤ। ਭੂਤ—ਤੱਤ ਜਿਨ੍ਹਾਂ ਤੋਂ ਇਹ ਸਾਰੀ ਸ੍ਰਿਸ਼ਟੀ ਬਣੀ। ਅਨ-ਭੂਤ—ਤੱਤਾਂ ਤੋਂ ਨਿਰਾਲਾ। ਅੰਗ—ਸਰੀਰ, ਵਜੂਦ। ਆਭਾ—ਚਮਕ, ਪ੍ਰਕਾਸ਼। ਅਭੰਗ—ਨਾਸ-ਰਹਿਤ। ਗਤਿ—ਹਾਲਤ। ਮਿਤਿ—ਮਿਣਤੀ। ਅਪਾਰ—ਪਾਰ ਤੋਂ ਪਰੇ, ਬੇਅੰਤ।

**ਅਰਥ :** (ਹੇ ਪ੍ਰਭੂ !) ਤੇਰਾ ਵਜੂਦ ਐਸਾ ਹੈ ਜੋ ਇਹਨਾਂ (ਜਗਤ-ਰਚਨਾ ਵਾਲੇ) ਤੱਤਾਂ ਤੋਂ ਨਿਰਾਲਾ ਹੈ, ਤੇਰਾ ਪ੍ਰਕਾਸ਼ ਕਦੇ ਨਾਸ ਹੋਣ ਵਾਲਾ ਨਹੀਂ ਹੈ। (ਹੇ ਪ੍ਰਭੂ !) ਤੂੰ ਕਿਹੋ ਜਿਹਾ ਹੈਂ ਤੇ ਕੇਡਾ ਵੱਡਾ ਹੈਂ, ਇਹ ਗੱਲ ਬਿਆਨ ਨਹੀਂ ਹੋ ਸਕਦੀ। ਤੂੰ ਬੇਅੰਤ ਗੁਣਾਂ ਦਾ ਮਾਲਕ ਹੈਂ ਅਤੇ ਖੁਲ੍ਹੇ ਦਿਲ ਵਾਲਾ ਹੈਂ ॥੯੧॥

ਮੁਨਿ ਗਣ ਪ੍ਰਣਾਮ ॥ ਨਿਰਭੈ ਨਿਕਾਮ ॥
ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥੯੨॥

**ਪਦ ਅਰਥ :** ਮੁਨਿ—ਤਪੀ, ਰਿਸ਼ੀ। ਮੁਨਿ ਗਣ—ਤਪੀਆਂ ਦੇ ਸਮੂੰਹ, ਬੇਅੰਤ ਤਪੀ। ਨਿਰਭੈ—ਡਰ-ਰਹਿਤ। ਨਿਕਾਮ—ਨਿਸ-ਕਾਮ, ਕਾਮਨਾ-ਰਹਿਤ। ਦੁਤਿ—ਪ੍ਰਕਾਸ਼, ਤੇਜ। ਅਤਿ ਪ੍ਰਚੰਡ—ਬਹੁਤ ਹੀ ਤੇਜ (ਅਸਹਿ, ਜੋ ਝੱਲਿਆ ਨਾ ਜਾ ਸਕੇ)। ਅਖੰਡ—ਅਨਾਸ।

**ਅਰਥ :** (ਹੇ ਪ੍ਰਭੂ !) ਬੇਅੰਤ ਤਪੀ ਲੋਕ ਤੇਰੇ (ਹੀ) ਅੱਗੇ ਨਿਉਂ ਰਹੇ ਹਨ, ਤੈਨੂੰ ਨਾ ਕੋਈ ਡਰ ਪੋਹ ਸਕਦਾ ਹੈ, ਨਾ ਕੋਈ ਕਾਮਨਾ। ਹੇ ਪ੍ਰਭੂ ! ਤੇਰਾ ਤੇਜ ਪ੍ਰਤਾਪ ਕਿਸੇ ਤੋਂ ਝੱਲਿਆ ਨਹੀਂ ਜਾ ਸਕਦਾ; ਤੂੰ ਜੇਡਾ ਵੱਡਾ ਹੈਂ ਤੇ ਜਿਹੋ ਜਿਹਾ ਹੈਂ ਉਸ ਅਵਸਥਾ ਨੂੰ ਕੋਈ ਘੱਟ ਨਹੀਂ ਕਰ ਸਕਦਾ॥੯੨॥

**ਆਲਿਸ੍ਯ ਕਰਮ॥ ਆਦ੍ਰਿਸ਼੍ਯ ਧਰਮ॥**
**ਸਰਬਾ ਭਰਣਾਢ੍ਯ॥ ਅਨਡੰਡ ਬਾਢ੍ਯ॥੯੩॥**

**ਪਦ ਅਰਥ :** ਬਾਢ੍ਯ—(assuredly) ਸੱਚ-ਮੁੱਚ, ਪੱਕੇ ਤੌਰ ਤੇ, ਯਕੀਨੀ ਤੌਰ ਤੇ। ਅਨਡੰਡ—(ਅਦੰਡ) ਅਨ+ਡੰਡ। ਦੰਡ—ਸਜ਼ਾ, ਤਾੜਨਾ। ਅਨਡੰਡ—ਤਾੜਨਾ-ਰਹਿਤ। ਸਰਬਾ ਭਰਣਾਢ੍ਯ—ਸਰਬਾ+ਆਭਰਣ+ਆਢ੍ਯ। ਆਭਰਣ—ਗਹਿਣੇ, ਸਜਾਵਟ। ਆਢ੍ਯ—(rich in abounding, in possessing abundantly, ਭਰਪੂਰ। ਇਸ ਭਾਵ ਵਿਚ ਇਹ ਲਫ਼ਜ਼ ਆਮ ਤੌਰ ਤੇ ਕਿਸੇ 'ਸਮਾਸ' ਦੇ ਅਖ਼ੀਰ ਤੇ ਵਰਤਿਆ ਜਾਂਦਾ ਹੈ) ਭਰਪੂਰ। ਆਲਿਸ੍ਯ—(want of energy) ਕਿਸੇ ਉਚੇਚੇ ਉੱਦਮ ਦੀ ਅਣਹੋਂਦ। ਆਲਿਸ੍ਯ ਕਰਮ—ਉਹ (ਪ੍ਰਭੂ) ਜਿਸ ਦੇ ਕੰਮਾਂ ਵਿਚ ਕਿਸੇ ਉਚੇਚੇ ਉੱਦਮ ਦੀ ਅਣਹੋਂਦ ਹੈ। ਆਦ੍ਰਿਸ਼੍ਯ—(that which can be put forth as a Model) ਜੋ ਨਮੂਨੇ ਦੇ ਤੌਰ ਤੇ ਪੇਸ਼ ਕੀਤਾ ਜਾ ਸਕੇ। ਆਦਰਸ਼—(a pattern, model, type) ਨਮੂਨਾ, ਮਿਸਾਲ। ਧਰਮ—ਫ਼ਰਜ਼ (ਭਾਵ, ਫ਼ਰਜ਼-ਸ਼ਿਨਾਸੀ, ਫ਼ਰਜ਼ ਨੂੰ ਨਿਬਾਹੁਣਾ)।

**ਅਰਥ :** (ਹੇ ਪ੍ਰਭੂ !) ਤੈਨੂੰ ਆਪਣੇ ਕੰਮਾਂ ਵਿਚ ਉਚੇਚਾ ਉਦਮ ਵਰਤਣ ਦੀ ਲੋੜ ਨਹੀਂ ਹੈ, (ਫਿਰ ਭੀ) ਤੇਰੀ ਫ਼ਰਜ਼-ਸ਼ਿਨਾਸੀ ਆਦਰਸ਼ਕ ਹੈ (ਭਾਵ, ਦੁਨੀਆ ਵਾਸਤੇ ਮਿਸਾਲ ਹੈ)। ਤੂੰ (ਸ੍ਰਿਸ਼ਟੀ ਦੀਆਂ) ਸਭ ਸਜਾਵਟਾਂ, ਸਭ ਗਹਿਣਿਆਂ ਨਾਲ ਭਰਪੂਰ ਹੈ (ਪਰ ਕੀ ਮਜਾਲ ਕੋਈ ਤੇਰੀ ਵਲ ਅੱਖ ਭਰ ਕੇ ਤੱਕ ਸਕੇ, ਕਿਉਂਕਿ) ਯਕੀਨੀ ਤੌਰ ਤੇ ਤੈਨੂੰ ਕੋਈ ਤਾੜਨਾ ਨਹੀਂ ਕਰ ਸਕਦਾ (ਕੋਈ ਤੈਨੂੰ ਘੂਰ ਨਹੀਂ ਸਕਦਾ)॥੯੩॥

**ਚਾਚਰੀ ਛੰਦ॥ ਤ੍ਵ ਪ੍ਰਸਾਦਿ॥**
**ਗੁਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥੯੪॥**
**ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥੯੫॥**

**ਪਦ ਅਰਥ :** ਗੋਬਿੰਦ—ਗੋ ੧. ਗਾਂ, ੨. ਧਰਤੀ। ਵਿੰਦ—ਜਾਣਨ ਵਾਲਾ। ਗੋਵਿੰਦ—ਧਰਤੀ (ਦੇ ਜੀਵਾਂ ਦੇ ਦਿਲ) ਨੂੰ ਜਾਣਨ ਵਾਲਾ। ਮੁਕੰਦ—(ਸੰ: ਮੁਕੁੰਦ) ਮੁਕੁ—ਮੁਕਤੀ। ਮੁਕੰਦ—(ਮੁਕੁੰਦ) ਮੁਕਤੀ ਦੇਣ ਵਾਲਾ। ਹਰੀਅੰ—(ਸਭ ਦਾ) ਨਾਸ ਕਰਨ ਵਾਲਾ। ਕਰੀਅੰ—ਸਭ ਨੂੰ ਰਚਣ ਵਾਲਾ। ਨ੍ਰਿਨਾਮ—ਨਿਰ-ਨਾਮ, ਜਿਸ ਦਾ ਕੋਈ ਇਕ ਨਾਮ ਨਾ ਹੋਵੇ। ਅਕਾਮੇ—ਅ + ਕਾਮੇ। ਕਾਮ—ਕਾਮਨਾ। ਅਕਾਮ—ਕਾਮਨਾ-ਰਹਿਤ।

**ਅਰਥ :** ਹੇ ਪ੍ਰਭੂ! ਤੂੰ ਧਰਤੀ ਦੇ ਜੀਵਾਂ ਦੇ ਦਿਲ ਨੂੰ ਜਾਣਨ ਵਾਲਾ ਹੈਂ, ਤੂੰ ਜੀਵਾਂ ਨੂੰ ਮੁਕਤੀ ਦੇਣ ਵਾਲਾ ਹੈਂ, ਤੂੰ ਖੁਲ੍ਹੇ ਦਿਲ ਵਾਲਾ ਹੈਂ ਅਤੇ ਬੇਅੰਤ ਹੈਂ ॥੯੪॥

ਹੇ ਪ੍ਰਭੂ! ਤੂੰ ਸਭ ਨੂੰ ਨਾਸ ਕਰਨ ਵਾਲਾ (ਭੀ) ਹੈਂ ਅਤੇ ਪੈਦਾ ਕਰਨ ਵਾਲਾ (ਭੀ)। ਤੇਰਾ ਕੋਈ ਇਕ ਨਾਮ ਨਹੀਂ ਹੈ ਅਤੇ ਕੋਈ ਕਾਮਨਾ ਤੈਨੂੰ ਪੋਹ ਨਹੀਂ ਸਕਦੀ ॥੯੫॥

**ਭੁਜੰਗ ਪ੍ਰਯਾਤ ਛੰਦ ॥**

**ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥**
**ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥੯੬॥**

**ਪਦ ਅਰਥ :** ਚੱਤ੍ਰ—ਚਾਰ। ਚੱਕ੍ਰ—ਕੂਟ, ਦਿਸਾਂ, ਪਾਸੇ। ਹਰਤਾ—ਨਾਸ ਕਰਨ ਵਾਲਾ। ਦਾਨੇ—ਦਾਨ ਕਰਨ ਵਾਲਾ, ਦਾਤਾਂ ਦੇਣ ਵਾਲਾ।

**ਅਰਥ :** ਹੇ ਪ੍ਰਭੂ! ਤੂੰ ਚਹੁੰ ਕੂਟਾਂ (ਦੇ ਜੀਵਾਂ) ਨੂੰ ਪੈਦਾ ਕਰਨ ਵਾਲਾ ਹੈਂ ਤੇ ਨਾਸ ਕਰਨ ਵਾਲਾ (ਭੀ)। ਤੂੰ ਚਹੁੰ ਕੂਟਾਂ ਦੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ ਅਤੇ ਉਹਨਾਂ ਦੇ ਦਿਲ ਦੀ ਜਾਣਨ ਵਾਲਾ ਹੈਂ ॥੯੬॥

**ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥**
**ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥੯੭॥**

**ਪਦ ਅਰਥ :** ਵਰਤੀ—ਮੌਜੂਦ, ਰਹਿਣ ਵਾਲਾ। ਭਰਤੀ—ਪਾਲਣ ਵਾਲਾ। ਕਾਲ—ਮੌਤ। ਪਾਲੇ—ਰੱਖਿਆ ਕਰਨ ਵਾਲਾ।

**ਅਰਥ :** ਹੇ ਪ੍ਰਭੂ! ਤੂੰ ਚਹੁੰ ਕੂਟਾਂ ਵਿਚ ਮੌਜੂਦ ਹੈਂ ਤੇ ਸਭ ਜੀਵਾਂ ਨੂੰ

ਪਾਲਣ ਵਾਲਾ ਹੈਂ, ਰੱਖਿਆ ਕਰਨ ਵਾਲਾ ਭੀ ਹੈਂ ਅਤੇ ਨਾਸ ਕਰਨ ਵਾਲਾ (ਭੀ) ਹੈਂ ॥੯੭॥

**ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥**
**ਚੱਤ੍ਰ ਚੱਕ੍ਰ ਮਾਨਯੈ ॥ ਚੱਤ੍ਰ ਚੱਕ੍ਰ ਦਾਨਯੈ ॥੯੮॥**

***ਪਦ ਅਰਥ :*** ਪਾਸੇ—ਵਲ, ਤਰਫ਼। ਮਾਨਯੈ—ਮੰਨਿਆ ਜਾਣ ਵਾਲਾ। ਦਾਨਯੈ—ਦੇਣ ਵਾਲਾ।

***ਅਰਥ :*** ਹੇ ਪ੍ਰਭੂ! ਤੂੰ ਚਹੁੰ ਕੂਟਾਂ ਵਲ ਹਰ ਥਾਂ ਵੱਸ ਰਿਹਾ ਹੈਂ, ਹਰ ਥਾਂ ਜੀਵ ਤੇਰੀ (ਹੀ) ਪੂਜਾ ਕਰਦੇ ਹਨ ਅਤੇ ਤੂੰ ਹੀ ਸਭ ਨੂੰ ਦਾਤਾਂ ਦੇਣ ਵਾਲਾ ਹੈਂ ॥੯੮॥

## ਚਾਚਰੀ ਛੰਦ ॥

**ਨ ਸਤ੍ਰੈ ॥ ਨ ਮਿਤ੍ਰੈ ॥ ਨ ਭਰਮੰ ॥ ਨ ਭਿਤ੍ਰੈ ॥੯੯॥**
**ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥੧੦੦॥**

***ਪਦ ਅਰਥ :*** ਸੱਤ੍ਰ—ਵੈਰੀ। ਭਰਮ—ਭਟਕਣਾ, ਭੁਲੇਖਾ। ਭਿਤ੍ਰੈ—ਭਿੱਤਿ, ਤੋਟ, ਕੰਧ (ਭਾਵ, ਦੁਚਿੱਤਾ-ਪਨ)। ਕਾਏ—ਕਾਇਆ, ਸਰੀਰ। ਅਜਾਏ—ਅ+ਜਾਏ। ਜਾਏ—ਜਾਇਆ, ਇਸਤ੍ਰੀ। ਅਜਾਏ—ਜੋ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ।

***ਅਰਥ :*** ਹੇ ਪ੍ਰਭੂ! ਨਾ ਤੇਰਾ ਕੋਈ ਵੈਰੀ ਹੈ ਅਤੇ ਨਾ ਹੀ ਕੋਈ ਮਿੱਤ੍ਰ (ਕਿਉਂਕਿ ਤੇਰੇ ਬਰਾਬਰ ਦਾ ਕੋਈ ਨਹੀਂ ਹੈ); ਨਾ ਤੈਨੂੰ ਕੋਈ ਭੁਲੇਖਾ ਹੈ ਅਤੇ ਨਾ ਹੀ ਤੇਰੇ ਅੰਦਰ ਦੁਚਿੱਤਾ-ਪਨ ਹੈ ॥੯੯॥

ਹੇ ਪ੍ਰਭੂ! ਨਾ ਹੀ ਤੂੰ ਕਰਮਾਂ ਦੇ ਅਧੀਨ ਹੈਂ ਤੇ ਨਾ ਹੀ ਕਰਮਾਂ ਦੇ ਵੱਸ ਪੈ ਕੇ ਤੈਨੂੰ ਸਰੀਰ ਧਾਰਨਾ ਪੈਂਦਾ ਹੈ। ਹੇ ਪ੍ਰਭੂ! ਤੂੰ ਜਨਮ ਵਿਚ ਨਹੀਂ ਆਉਂਦਾ, ਤੂੰ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ ॥੧੦੦॥

**ਨ ਚਿਤ੍ਰੈ ॥ ਨ ਮਿਤ੍ਰੈ ॥ ਪਰੇ ਹੈਂ ॥ ਪਵਿਤ੍ਰੈ ॥੧੦੧॥**
**ਪ੍ਰਿਥੀਸੈ ॥ ਆਦੀਸੈ ॥ ਅਦ੍ਰਿਸੈ ॥ ਅਕ੍ਰਿਸੈ ॥੧੦੨॥**

***ਪਦ ਅਰਥ :*** ਚਿਤ੍ਰੈ—ਤਸਵੀਰ। ਪਰੇ—ਦੂਰ। ਪਵਿਤ੍ਰ—ਸ਼ੁੱਧ, ਨਿਰਮਲ। ਪ੍ਰਿਥੀਸ—ਪ੍ਰਿਥੀ+ਈਸ, ਪ੍ਰਿਥਵੀ+ਈਸ, ਪ੍ਰਿਥਵੀ ਦਾ ਮਾਲਕ। ਆਦੀਸ—ਆਦਿ+ਈਸ਼ੁਰ, ਸਭ ਤੋਂ ਮੁੱਢ ਦਾ ਮਾਲਕ। ਆਦ੍ਰਿਸ—ਅ+ਦ੍ਰਿਸ, ਨਾ ਦਿਸਣ ਵਾਲਾ। ਅਕ੍ਰਿਸ—ਅ + ਕ੍ਰਿਸ, ਲਿੱਸਾ ਨਾ ਹੋਣ ਵਾਲਾ। ਕ੍ਰਿਸ—ਲਿੱਸਾ, ਕਮਜ਼ੋਰ।

***ਅਰਥ :*** ਹੇ ਪ੍ਰਭੂ! ਤੇਰੀ ਕੋਈ ਤਸਵੀਰ ਨਹੀਂ (ਬਣ ਸਕਦੀ), ਤੇਰਾ ਕੋਈ ਮਿਤ੍ਰ ਨਹੀਂ (ਕਿਉਂਕਿ ਤੇਰੇ ਬਰਾਬਰ ਦਾ ਕੋਈ ਨਹੀਂ), ਤੂੰ ਸਭ ਜੀਵਾਂ ਤੋਂ ਪਰੇ ਹੈਂ (ਭਾਵ, ਨਿਰਲੇਪ ਹੈਂ) ਤੇ ਸ਼ੁੱਧ-ਆਤਮਾ ਹੈਂ ॥੧੦੧॥

ਹੇ ਪ੍ਰਭੂ! (ਤੂੰ ਧਰਤੀ ਦਾ ਮਾਲਕ ਹੈਂ, ਸ਼ੁਰੂ ਤੋਂ ਮਾਲਕ ਹੈਂ, ਤੂੰ ਦਿੱਸਣ ਤੋਂ ਪਰੇ ਹੈਂ ਤੇ ਕਦੇ ਲਿੱਸਾ ਹੋਣ ਵਾਲਾ ਨਹੀਂ ਹੈਂ ॥੧੦੨॥

**ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥**

**ਕਿ ਆਛਿਜ ਦੇਸੈ ॥ ਕਿ ਆਭਿਜ ਭੇਸੈ ॥**
**ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧੦੩॥**

***ਪਦ ਅਰਥ :*** ਆਛਿਜ—ਅਛਿਜ, ਨਾ ਛਿੱਜਣ ਵਾਲਾ, ਪੁਰਾਣਾ ਨਾ ਹੋਣ ਵਾਲਾ, ਨਾਸ ਨਾ ਹੋਣ ਵਾਲਾ। ਆਭਿਜ—ਅਭਿਜ, ਅ+ਭਿਜ, (ਵੇਖੋ ਨੰ: ੭੨); ਜਿਸ ਨੂੰ ਨਾਸ ਨਾ ਕੀਤਾ ਜਾ ਸਕੇ। ਆਛਿਜ ਦੇਸ—ਉਹ ਜਿਸ ਦਾ ਦੇਸ ਕਦੇ ਨਾਸ ਹੋਣ ਵਾਲਾ ਨਹੀਂ। ਆਭਿਜ ਭੇਸ—ਉਹ ਜਿਸ ਦਾ ਪਹਿਰਾਵਾ ਕਦੇ ਨਾਸ ਹੋਣ ਵਾਲਾ ਨਹੀਂ। ਆਗੰਜ—ਅਗੰਜ, ਅਜਿੱਤ। ਕਰਮ—ਧਾਰਮਿਕ ਰਸਮਾਂ। ਆਗੰਜ ਕਰਮ—ਉਹ ਜਿਸ ਨੂੰ ਕੋਈ ਧਾਰਮਿਕ ਰਸਮਾਂ ਵੱਸ ਵਿਚ ਨਹੀਂ ਲਿਆ ਸਕਦੀਆਂ। ਆਭੰਜ—ਅਭੰਜ, ਅ+ਭੰਜ, ਜੋ ਤੋੜਿਆ ਨਾ ਜਾ ਸਕੇ। ਅਭੰਜ-ਭਰਮ—ਉਹ ਜਿਸ ਨੂੰ ਕੋਈ ਭਰਮ ਤੋੜ (ਭਾਵ, ਭੁਲਾ) ਨਹੀਂ ਸਕਦਾ।

***ਅਰਥ :*** ਹੇ ਪ੍ਰਭੂ! ਨਾ ਤੇਰਾ ਦੇਸ ਛਿੱਜਣ ਵਾਲਾ ਹੈ ਅਤੇ ਨਾ ਹੀ ਤੇਰਾ ਵੇਸ ਨਾਸ ਹੋਣ ਵਾਲਾ ਹੈ, ਕੋਈ ਧਾਰਮਿਕ ਰਸਮਾਂ ਤੈਨੂੰ ਵੱਸ ਵਿਚ ਨਹੀਂ ਲਿਆ ਸਕਦੀਆਂ ਅਤੇ ਕੋਈ ਵਹਿਮ-ਭਰਮ ਤੈਨੂੰ ਭੁਲਾ ਨਹੀਂ ਸਕਦੇ ॥੧੦੩॥

**ਕਿ ਆਭਿੱਜ ਲੋਕੈ ॥ ਕਿ ਆਦਿੱਤ ਸੋਕੈ ॥**
**ਕਿ ਅਵਧੂਤ ਬਰਨੈ ॥ ਕਿ ਬਿਭੂਤਿ ਕਰਨੈ ॥੧੦੪॥**

**ਪਦ ਅਰਥ :** ਆਭਿੱਜ—ਅਭਿੱਜ, ਨਾ ਟੁੱਟਣ ਵਾਲਾ (ਵੇਖੋ ਛੰਦ ਨੰ: ੭੨)। ਲੋਕ—ਦੇਸ। ਆਦਿੱਤ—[ਸੰ: ਆਦਿਤਯ] ਸੂਰਜ। ਸੋਕੈ—ਸੁਕਾਉਣ ਵਾਲਾ। ਬਿਭੂਤਿ—ਐਸ਼੍ਵਰਜ, ਪ੍ਰਤਾਪ, ਤੇਜ। ਕਰਨ—ਕਰਣ, ਵਸੀਲਾ। ਅਵਧੂਤ—(ਵੇਖੋ ਛੰਦ ਨੰ: ੭੯) ਜਿਸ ਉਤੇ ਦੁਨੀਆ ਦਾ ਮੋਹ ਪ੍ਰਭਾਵ ਨਹੀਂ ਪਾ ਸਕਦਾ। ਬਰਨ—ਸਰੂਪ। ਅਵਧੂਤ ਬਰਨ—ਐਸੀ ਹਸਤੀ ਜਿਸ ਉਤੇ ਦੁਨੀਆ ਦੇ ਮੋਹ ਦਾ ਅਸਰ ਨਾ ਪੈ ਸਕੇ।

**ਅਰਥ :** ਹੇ ਪ੍ਰਭੂ ! ਤੇਰਾ ਦੇਸ ਅਬਿਨਾਸ਼ੀ ਹੈ, ਤੂੰ ਸੂਰਜ (ਦੇ ਤੇਜ) ਨੂੰ (ਭੀ) ਸੁਕਾਉਣ (ਨਾਸ ਕਰਨ) ਵਾਲਾ ਹੈਂ, ਤੇਰੀ ਹਸਤੀ ਐਸੀ ਹੈ ਜਿਸ ਉਤੇ ਮਾਇਆ ਦਾ ਮੋਹ ਅਸਰ ਨਹੀਂ ਕਰ ਸਕਦਾ; ਤੂੰ ਐਸ਼੍ਵਰਜ ਦਾ ਸੋਮਾ ਹੈਂ ॥੧੦੪॥

**ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ ॥**
**ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥੧੦੫॥**

**ਪਦ ਅਰਥ :** ਪ੍ਰਭਾ—ਆਭਾ, ਚਮਕ, ਚਾਨਣ, ਰੌਸ਼ਨੀ, ਤੇਜ। ਧੁਜਾ—(A distinguished person, the flag or ornament) ਕੋਈ ਪ੍ਰਸਿੱਧ ਸ਼ਖ਼ਸ, ਝੰਡਾ, ਗਹਿਣਾ। ਨੋਟ—'ਧੁਜਾ' ਦਾ ਅਰਥ 'ਗਹਿਣਾ' ਤਦੋਂ ਲਿਆ ਜਾਂਦਾ ਹੈ ਜਦੋਂ ਇਹ ਕਿਸੇ 'ਸਮਾਸ' ਦੇ ਅਖ਼ੀਰ ਤੇ ਵਰਤਿਆ ਹੋਵੇ; ਜਿਵੇਂ 'ਕੁਲ-ਧੁਜਾ'; ਏਸੇ ਤਰ੍ਹਾਂ 'ਧਰਮ-ਧੁਜਾ'—ਧਰਮ ਦਾ ਗਹਿਣਾ, ਧਰਮ ਨੂੰ ਸ਼ੋਭਾ ਦੇਣ ਵਾਲਾ। ਆਸੋਕ—ਅਸੋਕ, ਅ+ਸੋਕ, ਚਿੰਤਾ ਰਹਿਤ। ਬਰਨ—ਸਰੂਪ, ਹਸਤੀ। ਅਭਰਨੈ—ਆਭਰਣ, ਗਹਿਣਾ, ਜਜਾਵਟ ਦਾ ਮੂਲ, ਸੁੰਦਰਤਾ ਵਧਾਣ ਵਾਲਾ।

**ਅਰਥ :** ਹੇ ਪ੍ਰਭੂ ! ਰਾਜਿਆਂ ਵਿਚ ਭੀ ਤੇਰਾ ਹੀ ਤੇਜ ਦਿਸ ਰਿਹਾ ਹੈ; ਤੂੰ ਧਰਮ ਨੂੰ ਸੁੰਦਰ ਬਣਾਣ ਵਾਲਾ ਹੈਂ; ਤੇਰਾ ਸਰੂਪ ਚਿੰਤਾ ਤੋਂ ਰਹਿਤ ਹੈ; ਤੂੰ ਸਭ (ਜੀਵਾਂ ਦਾ) ਗਹਿਣਾ ਹੈਂ ॥੧੦੫॥

**ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥**
**ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥੧੦੬॥**

**ਪਦ ਅਰਥ :** ਕ੍ਰਿਤ—ਪੈਦਾ ਕਰਨ ਵਾਲਾ। ਛਤ੍ਰੰ ਛਤ੍ਰੀ—ਸੂਰਮਿਆਂ ਦਾ ਸੂਰਮਾ, ਮਹਾਨ ਸੂਰਮਾ। ਬ੍ਰਹਮ—(final beautitude) ਮੂਲ-ਸੁੰਦਰਤਾ।

ਅਨਭਉ—ਅਨੁਭਵ, ਉਹ ਗਿਆਨ ਜੋ ਆਪਣੇ ਆਪ ਤੋਂ ਪੈਦਾ ਹੋਵੇ। ਅਨੂਪ—ਉਪਮਾ ਰਹਿਤ, ਬੇ-ਮਿਸਾਲ।

**ਅਰਥ :** ਹੇ ਪ੍ਰਭੂ! ਤੂੰ ਜਗਤ ਦਾ ਕਰਤਾ ਹੈਂ, ਸੂਰਮਿਆਂ ਦਾ ਸੂਰਮਾ ਹੈਂ; ਤੇਰਾ ਸਰੂਪ ਸੁੰਦਰਤਾ ਦਾ ਮੂਲ ਹੈ, ਤੂੰ ਬੇ-ਮਿਸਾਲ ਸ੍ਵੈ-ਗਿਆਨ ਵਾਲਾ ਹੈਂ॥੧੦੬॥

**ਕਿ ਆਦਿ ਅਦੇਵ ਹੈਂ॥ ਕਿ ਆਪਿ ਅਭੇਵ ਹੈਂ॥**
**ਕਿ ਚਿਤ੍ਰੰ ਬਿਹੀਨੈ॥ ਕਿ ਏਕੈ ਅਧੀਨੈ॥੧੦੭॥**

**ਪਦ ਅਰਥ :** ਆਦਿ—ਸਭ ਦਾ ਮੁੱਢ। ਅਦੇਵ—ਅ+ਦੇਵ, ਜਿਸ ਤੋਂ ਉਪਰ ਹੋਰ ਕੋਈ ਦੇਵਤਾ ਨਹੀਂ। ਅਭੇਵ—ਜਿਸ ਦਾ ਭੇਤ ਨਾ ਪਾਇਆ ਜਾ ਸਕੇ। ਚਿਤ੍ਰ—ਤਸਵੀਰ। ਬਿਹੀਨ—ਬਿਨਾ। ਏਕੈ ਅਧੀਨ—ਇਕ ਆਪਣੇ ਆਪ ਦੇ ਵੱਸ ਵਿਚ।

**ਅਰਥ :** ਹੇ ਪ੍ਰਭੂ! ਤੂੰ ਸ਼ੁਰੂ ਤੋਂ ਹੀ ਹੈਂ, ਤੈਥੋਂ ਉਪਰ ਹੋਰ ਕੋਈ ਦੇਵਤਾ ਨਹੀਂ ਹੈ। ਤੂੰ ਆਪਣੇ ਜਿਹਾ ਆਪ ਹੀ ਹੈਂ,(ਇਸੇ ਵਾਸਤੇ) ਕੋਈ ਤੇਰਾ ਭੇਤ ਨਹੀਂ ਪਾ ਸਕਦਾ। ਤੇਰੀ ਕੋਈ ਤਸਵੀਰ ਨਹੀਂ (ਬਣ ਸਕਦੀ); ਤੂੰ ਇਕ ਆਪਣੇ ਆਪ ਦੇ ਹੀ ਵੱਸ ਵਿਚ ਹੈਂ॥੧੦੭॥

**ਕਿ ਰੋਜ਼ੀ ਰਜ਼ਾਕੈ॥ ਰਹੀਮੈ ਰਿਹਾਕੈ॥**
**ਕਿ ਪਾਕ ਬਿ-ਐਬ ਹੈਂ॥ ਕਿ ਗ਼ੈਬੁਲ ਗ਼ੈਬ ਹੈਂ॥੧੦੮॥**

**ਪਦ ਅਰਥ :** ਰਜ਼ਾਕ—ਰਿਜ਼ਕ ਦੇਣ ਵਾਲਾ। ਰਹੀਮ—ਰਹਿਮ ਕਰਨ ਵਾਲਾ। ਰਿਹਾਕ—ਰਿਹਾਈ ਦੇਣ ਵਾਲਾ। ਪਾਕ—ਪਵਿਤ੍ਰ । ਬਿ-ਐਬ—ਐਬਾਂ ਤੋਂ ਰਹਿਤ, ਕਲੰਕ-ਰਹਿਤ। ਗ਼ੈਬ—ਉਹਲਾ, ਪਰਦਾ। ਗ਼ੈਬੁਲ ਗ਼ੈਬ—ਪੂਰਨ ਤੌਰ ਤੇ ਗੁਪਤ।

**ਅਰਥ :** ਹੇ ਪ੍ਰਭੂ! ਤੂੰ ਸਭ ਜੀਵਾਂ ਨੂੰ ਰੋਜ਼ੀ ਦੇਣ ਵਾਲਾ ਹੈਂ, ਸਭ ਤੇ ਰਹਿਮ ਕਰਨ ਵਾਲਾ ਹੈਂ, ਅਤੇ ਸਭ ਨੂੰ (ਦੁੱਖਾਂ ਤੋਂ) ਰਿਹਾਈ ਦੇਣ ਵਾਲਾ ਹੈਂ। ਤੂੰ ਪਵਿਤ੍ਰ-ਸਰੂਪ ਹੈਂ, ਤੇਰੇ ਵਿਚ ਕੋਈ ਕਲੰਕ ਨਹੀਂ ਹੈ ਅਤੇ ਤੂੰ ਪੂਰਨ ਤੌਰ ਤੇ ਗੁਪਤ ਹੈਂ॥੧੦੮॥

**ਕਿ ਅਫਵੁਲ ਗੁਨਾਹ ਹੈਂ ॥ ਕਿ ਸ਼ਾਹਾਨ ਸ਼ਾਹ ਹੈਂ ॥**
**ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜੀ ਦਿਹੰਦ ਹੈਂ ॥੧੦੯॥**

***ਪਦ ਅਰਥ :*** ਗੁਨਾਹ—ਪਾਪ। ਅਫ਼ਵ—(ਫ਼ਾਰਸੀ, ਉਫ਼ਵ) ਬਖ਼ਸ਼ਸ਼। ਕੁਨਿੰਦ—ਕਰਨ ਵਾਲਾ। ਦਿਹੰਦ—ਦੇਣ ਵਾਲਾ।

***ਅਰਥ :*** ਹੇ ਪ੍ਰਭੂ ! ਤੂੰ ਜੀਵਾਂ ਦੇ ਪਾਪ ਬਖ਼ਸ਼ਣ ਵਾਲਾ ਹੈਂ, ਤੂੰ ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈਂ, ਤੂੰ ਸਭ ਕਾਰਨਾਂ ਦਾ ਕਰਤਾ ਹੈਂ (ਭਾਵ, ਰੋਜ਼ੀ ਆਦਿਕ ਦੇ ਸਬੱਬ, ਹਰ ਤਰ੍ਹਾਂ ਦੇ ਸਬੱਬ ਪੈਦਾ ਕਰਨ ਵਾਲਾ ਤੂੰ ਆਪ ਹੀ ਹੈਂ) ਅਤੇ ਸਭ ਨੂੰ ਰਿਜ਼ਕ ਦੇਣ ਵਾਲਾ ਹੈਂ ॥੧੦੯॥

**ਕਿ ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥**
**ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥੧੧੦॥**

***ਪਦ ਅਰਥ :*** ਰਾਜ਼ਕ—ਰਿਜ਼ਕ ਦੇਣ ਵਾਲਾ। ਕਰਮ—ਬਖ਼ਸ਼ਸ਼। ਕਰੀਮ—ਬਖ਼ਸ਼ਸ਼ ਕਰਨ ਵਾਲਾ। ਦਲੀ—ਦਲਣ ਵਾਲਾ, ਨਾਸ ਕਰਨ ਵਾਲਾ। ਕਲੀ—ਕਲਾਵਾਨ, ਤਾਕਤਾਂ ਦਾ ਮਾਲਕ।

***ਅਰਥ :*** ਤੂੰ ਸਭ ਨੂੰ ਰਿਜ਼ਕ ਦੇਣ ਵਾਲਾ ਹੈਂ, ਸਭ ਤੇ ਰਹਿਮ ਕਰਨ ਵਾਲਾ ਹੈਂ, ਤੂੰ ਬਖ਼ਸ਼ਸ਼ ਕਰਨ ਵਾਲਾ ਬਖ਼ਸ਼ਿੰਦ ਹੈਂ। ਤੂੰ ਸਾਰੀਆਂ ਤਾਕਤਾਂ ਦਾ ਮਾਲਕ ਹੈਂ, ਤੇ ਸਭ ਜੀਵਾਂ ਦਾ ਸੰਘਾਰ ਕਰਨ ਵਾਲਾ ਹੈਂ ॥੧੧੦॥

**ਕਿ ਸਰਬਤ੍ਰ ਮਾਨਿਯੈ ॥ ਕਿ ਸਰਬਤ੍ਰ ਦਾਨਿਯੈ ॥**
**ਕਿ ਸਰਬਤ੍ਰ ਗਉਨੈ ॥ ਕਿ ਸਰਬਤ੍ਰ ਭਉਨੈ ॥੧੧੧॥**

***ਪਦ ਅਰਥ :*** ਮਾਨਯ—ਜਿਸ ਦਾ ਮਾਨ ਕੀਤਾ ਜਾਏ। ਸਰਬਤ੍ਰ—ਹਰ ਥਾਂ। ਦਾਨਿਯ—ਦਾਨੀ, ਦਾਨ ਦੇਣ ਵਾਲਾ। ਗਉਨ—ਗਮਨ, ਪਹੁੰਚ। ਭਉਨ—ਭਵਨ, ਲੋਕ।

***ਅਰਥ :*** ਹੇ ਪ੍ਰਭੂ ! ਹਰ ਥਾਂ ਤੇਰੀ ਹੀ ਪੂਜਾ ਹੋ ਰਹੀ ਹੈ, ਹਰ ਥਾਂ (ਸਭ ਜੀਵਾਂ ਨੂੰ) ਤੂੰ ਹੀ ਦਾਨ ਦੇ ਰਿਹਾ ਹੈਂ, ਤੇਰੀ ਹਰ ਥਾਂ ਪਹੁੰਚ ਹੈ, ਤੂੰ ਹਰ ਥਾਂ ਸਭ ਭਵਨਾਂ ਵਿਚ ਮੌਜੂਦ ਹੈਂ ॥੧੧੧॥

ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥
ਕਿ ਸਰਬਤ੍ਰ ਰਾਜੈ ॥ ਕਿ ਸਰਬਤ੍ਰ ਸਾਜੈ ॥੧੧੨॥

**ਪਦ ਅਰਥ :** ਰਾਜੈ—ਪ੍ਰਕਾਸ਼ ਕਰ ਰਿਹਾ ਹੈਂ। ਸਾਜ—ਰਚਨਾ।

**ਅਰਥ :** ਹੇ ਪ੍ਰਭੂ ! ਹਰੇਕ ਦੇਸ ਵਿਚ ਹਰ ਥਾਂ ਤੂੰ ਹੀ ਮੌਜੂਦ ਹੈਂ, ਹਰ ਥਾਂ ਹਰੇਕ ਪਹਿਰਾਵੇ ਵਿਚ ਭੀ ਤੂੰ ਹੀ ਹੈਂ। ਹਰ ਥਾਂ ਤੂੰ ਹੀ ਆਪਣਾ ਭੇਸ ਵਿਖਾ ਰਿਹਾ ਹੈਂ, ਹਰ ਥਾਂ ਤੇਰੀ ਹੀ ਰਚੀ ਹੋਈ ਰਚਨਾ ਹੈ॥੧੧੨॥

ਕਿ ਸਰਬਤ੍ਰ ਦੀਨੈ ॥ ਕਿ ਸਰਬਤ੍ਰ ਲੀਨੈ ॥
ਕਿ ਸਰਬਤ੍ਰ ਜਾਹੋ ॥ ਕਿ ਸਰਬਤ੍ਰ ਭਾਹੋ ॥੧੧੩॥

**ਪਦ ਅਰਥ :** ਦੀਨੈ—ਦਿੱਤਾ ਹੈ, ਦੇ ਰਿਹਾ ਹੈਂ। ਲੀਨੈ—ਲੀਨ, ਵਿਆਪਕ, ਮੌਜੂਦ। ਜਾਹ—ਜਲਾਲ, ਤੇਜ ਪ੍ਰਤਾਪ। ਭਾਹ—ਚਮਕ, ਰੌਸ਼ਨੀ।

**ਅਰਥ :** ਹੇ ਪ੍ਰਭੂ ! ਸਭ ਥਾਂ ਤੂੰ ਹੀ (ਸਭ ਜੀਵਾਂ ਨੂੰ) ਦਾਨ ਦੇ ਰਿਹਾ ਹੈਂ, ਹਰ ਥਾਂ ਤੂੰ ਹੀ ਮੌਜੂਦ ਹੈਂ, ਹਰ ਥਾਂ ਤੇਰਾ ਹੀ ਤੇਜ ਪ੍ਰਤਾਪ ਹੈ; ਹਰ ਥਾਂ ਤੇਰਾ ਹੀ ਪ੍ਰਕਾਸ਼ ਹੈ॥੧੧੩॥

ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥
ਕਿ ਸਰਬਤ੍ਰ ਕਾਲੈ ॥ ਕਿ ਸਰਬਤ੍ਰ ਪਾਲੈ ॥੧੧੪॥

**ਅਰਥ :** ਹੇ ਪ੍ਰਭੂ ! ਹਰੇਕ ਦੇਸ ਵਿਚ ਹਰ ਥਾਂ ਤੂੰ ਮੌਜੂਦ ਹੈਂ, ਹਰੇਕ ਵੇਸ ਵਿਚ ਭੀ ਮੌਜੂਦ ਹੈਂ। ਹਰ ਥਾਂ (ਸਭ ਜੀਵਾਂ ਨੂੰ) ਤੂੰ ਮਾਰਨ ਵਾਲਾ ਹੈਂ, ਹਰ ਥਾਂ ਸਭ ਦੀ ਰੱਖਿਆ ਕਰਨ ਵਾਲਾ ਭੀ ਤੂੰ ਹੀ ਹੈਂ॥੧੧੪॥

ਕਿ ਸਰਬਤ੍ਰ ਹੰਤਾ ॥ ਕਿ ਸਰਬਤ੍ਰ ਗੰਤਾ ॥
ਕਿ ਸਰਬਤ੍ਰ ਭੇਖੀ ॥ ਕਿ ਸਰਬਤ੍ਰ ਪੇਖੀ ॥੧੧੫॥

**ਪਦ ਅਰਥ :** ਹੰਤਾ—ਮਾਰਨ ਵਾਲਾ। ਗੰਤਾ—ਜਾਣ ਵਾਲਾ, ਪਹੁੰਚ ਰੱਖਣ ਵਾਲਾ। ਭੇਖੀ—ਭੇਖ ਵਾਲਾ, ਭਾਵ ਹਰੇਕ ਭੇਖ ਵਿਚ। ਪੇਖੀ—ਵੇਖਣ ਵਾਲਾ, ਸੰਭਾਲ ਕਰਨ ਵਾਲਾ।

**ਅਰਥ :** ਹੇ ਪ੍ਰਭੂ ! ਹਰ ਥਾਂ (ਸਭ ਜੀਵਾਂ ਨੂੰ) ਤੂੰ ਹੀ ਮਾਰਨ ਵਾਲਾ ਹੈਂ,

ਤੂੰ ਹਰ ਥਾਂ ਪਹੁੰਚ ਵਾਲਾ ਹੈਂ। ਹਰ ਥਾਂ ਹਰੇਕ ਪਹਿਰਾਵੇ ਵਿਚ ਤੂੰ ਹੀ ਹੈਂ ਅਤੇ ਹਰ ਥਾਂ ਤੂੰ ਹੀ ਸਭ ਜੀਵਾਂ ਦੀ ਸੰਭਾਲ ਕਰਦਾ ਹੈਂ ॥੧੧੫॥

**ਕਿ ਸਰਬਤ੍ਰ ਕਾਜੇ ॥ ਕਿ ਸਰਬਤ੍ਰ ਰਾਜੇ ॥**
**ਕਿ ਸਰਬਤ੍ਰ ਸੋਖੇ ॥ ਕ੍ਰਿ ਸਰਬਤ੍ਰ ਪੋਖੇ ॥੧੧੬॥**

***ਪਦ ਅਰਥ :*** ਕਾਜੈ—ਕਾਜ, ਕੰਮ। ਰਾਜੈ—ਪ੍ਰਕਾਸ਼ ਕਰ ਰਿਹਾ ਹੈਂ। ਸੋਖੈ—ਸੁਕਾ ਰਿਹਾ ਹੈਂ, ਨਾਸ ਕਰ ਰਿਹਾ ਹੈਂ। ਪੋਖੈ—ਪਾਲ ਰਿਹਾ ਹੈਂ।

***ਅਰਥ :*** ਹੇ ਪ੍ਰਭੂ ! ਹਰ ਥਾਂ ਤੇਰੇ ਹੀ ਕੀਤੇ ਕੰਮ ਦਿੱਸਦੇ ਹਨ, ਹਰ ਥਾਂ ਤੂੰ ਹੀ ਆਪਣਾ ਪ੍ਰਕਾਸ਼ ਕਰ ਰਿਹਾ ਹੈਂ। ਹਰ ਥਾਂ ਤੂੰ ਹੀ (ਸਭ ਨੂੰ) ਮਾਰਨ ਵਾਲਾ ਹੈਂ, ਹਰ ਥਾਂ ਤੂੰ ਸਭ ਨੂੰ ਪਾਲਣ ਵਾਲਾ ਹੈਂ ॥੧੧੬॥

**ਕਿ ਸਰਬਤ੍ਰ ਤ੍ਰਾਣੈ ॥ ਕਿ ਸਰਬਤ੍ਰ ਪ੍ਰਾਣੈ ॥**
**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥੧੧੭॥**

***ਪਦ ਅਰਥ :*** ਤ੍ਰਾਣ—ਤਾਕਤ, ਜ਼ੋਰ। ਪ੍ਰਾਣ—ਜਿੰਦ।

***ਅਰਥ :*** ਹੇ ਪ੍ਰਭੂ ! ਹਰ ਥਾਂ ਤੇਰਾ ਬਲ ਵਰਤ ਰਿਹਾ ਹੈ, ਹਰ ਥਾਂ ਤੇਰੀ ਹੀ (ਦਿੱਤੀ) ਜਿੰਦ ਰੁਮਕ ਰਹੀ ਹੈ; ਹਰ ਥਾਂ ਹਰੇਕ ਦੇਸ ਵਿਚ ਤੂੰ ਹੀ ਮੌਜੂਦ ਹੈਂ ਅਤੇ ਹਰ ਥਾਂ ਹਰੇਕ ਪਹਿਰਾਵੇ ਵਿਚ ਭੀ ਤੂੰ ਹੀ ਤੂੰ ਹੈਂ ॥੧੧੭॥

**ਕਿ ਸਰਬਤ੍ਰ ਮਾਨਿਯੈ ॥ ਸਦੈਵੰ ਪ੍ਰਧਾਨਿਯੈ ॥**
**ਕਿ ਸਰਬਤ੍ਰ ਜਾਪਿਯੈ ॥ ਕਿ ਸਰਬਤ੍ਰ ਥਾਪਿਯੈ ॥੧੧੮॥**

***ਪਦ ਅਰਥ :*** ਪ੍ਰਧਾਨ—ਮੁਖੀ, ਆਗੂ। ਜਾਪਿਯੈ—ਜਪਿਆ ਜਾ ਰਿਹਾ ਹੈ। ਥਾਪਿਯੈ—ਅਸਥਿਤ ਹੈ, ਕਾਇਮ ਹੈ। ਸਦੈਵੰ—ਸਦਾ+ਏਵ, ਸਦਾ ਹੀ।

***ਅਰਥ :*** ਹੇ ਪ੍ਰਭੂ ! ਹਰ ਥਾਂ (ਸਭ ਜੀਵ) ਤੇਰੀ ਹੀ ਪੂਜਾ ਕਰ ਰਹੇ ਹਨ; ਸਦਾ ਹੀ ਤੂੰ ਹੀ (ਹਰ ਥਾਂ) ਮੁਖੀ ਹੈਂ; ਹਰ ਥਾਂ ਤੇਰਾ ਹੀ ਜਾਪ ਹੋ ਰਿਹਾ ਹੈ ਅਤੇ ਹਰ ਥਾਂ ਤੂੰ ਹੀ ਤੂੰ ਕਾਇਮ ਹੈਂ ॥੧੧੮॥

**ਕਿ ਸਰਬਤ੍ਰ ਭਾਨੈ ॥ ਕਿ ਸਰਬਤ੍ਰ ਮਾਨੈ ॥**
**ਕਿ ਸਰਬਤ੍ਰ ਇੰਦ੍ਰੈ ॥ ਕਿ ਸਰਬਤ੍ਰ ਚੰਦ੍ਰੈ ॥੧੧੯॥**

***ਪਦ ਅਰਥ :*** ਭਾਨ–ਸੂਰਜ, ਸੂਰਜ ਵਾਂਗ ਤੇਜ ਖਿਲਾਰਨ ਵਾਲਾ। ਮਾਨੈ–ਆਦਰ ਪਾਉਣ ਵਾਲਾ। ਇੰਦ੍–ਰਾਜਾ। ਚੰਦ੍–ਚੰਦ੍ਰਮਾ, ਚੰਦ੍ਰਮਾ ਵਾਂਗ ਕੋਮਲ ਚਾਨਣੀ ਦੇਣ ਵਾਲਾ।

***ਅਰਥ :*** ਹੇ ਪ੍ਰਭੂ! ਹਰ ਥਾਂ ਤੂੰ ਹੀ ਸੂਰਜ ਵਾਂਗ ਤੇਜ ਖਿਲਾਰ ਰਿਹਾ ਹੈਂ, ਹਰ ਥਾਂ (ਜੀਵ) ਤੇਰੀ ਪੂਜਾ ਕਰ ਰਹੇ ਹਨ। ਹਰ ਥਾਂ ਤੂੰ ਹੀ (ਸਭ ਜੀਵਾਂ ਦਾ) ਰਾਜਾ ਹੈਂ ਅਤੇ ਹਰ ਥਾਂ ਤੂੰ ਹੀ ਚੰਦ੍ਰਮਾ ਵਾਂਗ ਕੋਮਲ ਚਾਨਣ ਕਰ ਰਿਹਾ ਹੈਂ ॥੧੧੯॥

**ਕਿ ਸਰਬੰ ਕਲੀਮੈ ॥ ਕਿ ਪਰਮੰ ਫ਼ਹੀਮੈ ॥**
**ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥੧੨੦॥**

***ਪਦ ਅਰਥ :*** ਕਲੀਮ–ਕਲਾਮ ਵਾਲਾ, ਕਲਾਮ ਦਾ ਮਾਲਕ, ਸੋਹਣਾ ਬੋਲਣ ਵਾਲਾ। ਫ਼ਹੀਮ–ਫ਼ਹਿਮ ਵਾਲਾ, ਸਮਝ ਵਾਲਾ। ਆਕਲ–ਅਕਲ ਵਾਲਾ। ਅਲਾਮੈ–ਇਲਮ ਵਾਲਾ, ਵਿਦਵਾਨ। ਕਲਾਮ–ਬਾਣੀ, ਬੋਲ। ਸਾਹਿਬ ਕਲਾਮ–ਬਾਣੀ ਦਾ ਮਾਲਕ।

***ਅਰਥ :*** ਹੇ ਪ੍ਰਭੂ! ਸਭ ਜੀਵਾਂ ਵਿਚ ਬੈਠ ਕੇ ਤੂੰ ਹੀ ਸੋਹਣਾ ਬੋਲ ਬੋਲ ਰਿਹਾ ਹੈਂ, ਤੂੰ ਉੱਚੀ ਸਮਝ ਵਾਲਾ ਹੈਂ, ਤੂੰ ਅਕਲ ਤੇ ਇਲਮ ਦਾ ਧਨੀ ਹੈਂ ਅਤੇ ਬੋਲਣ ਵਿਚ ਭੀ ਮਾਹਿਰ ਹੈਂ ॥੧੨੦॥

**ਕਿ ਹੁਸਨੁਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥**
**ਹਮੇਸੁਲ ਸਲਾਮੈ ॥ ਸਲੀਖ਼ਤ ਮੁਦਾਮੈ ॥੧੨੧॥**

***ਪਦ ਅਰਥ :*** ਹੁਸਨ–ਸੁੰਦਰਤਾ, ਜੋਬਨ। ਵਜੂ–ਨੁਹਾਰ, ਚਿਹਰਾ। ਤਮਾਮ–ਸਾਰੇ ਜੀਵ। ਰੁਜੂ–ਤਵੱਜੋ, ਧਿਆਨ। ਸਲਾਮ–ਸਲਾਮਤ, ਕਾਇਮ। ਸਲੀਖ਼ਤ–ਸਲੀਕਤ, ਸਲੀਕ + ਤ, ਤੇਰਾ ਸਲੀਕਾ। ਸਲੀਕਾ–ਤਰਤੀਬ, ਸਜਾਵਟ, ਜਗਤ ਦੇ ਪਦਾਰਥਾਂ ਦੀ ਸਜਾਵਟ। ਮੁਦਾਮ–ਹਮੇਸ਼ਾ।

***ਅਰਥ :*** ਹੇ ਪ੍ਰਭੂ! ਤੂੰ ਸੁੰਦਰਤਾ ਦੀ ਮੂਰਤੀ ਹੈਂ, ਸਭ ਜੀਵਾਂ ਵਲ ਤੇਰਾ ਧਿਆਨ ਹੈ; ਤੂੰ ਹਮੇਸ਼ਾ ਥਿਰ ਰਹਿਣ ਵਾਲਾ ਹੈਂ, ਤੇਰੀ ਰਚੀ ਹੋਈ ਜਗਤ ਦੀ ਵਿਉਂਤ ਹਮੇਸ਼ਾ ਵਾਸਤੇ ਹੈ (ਭਾਵ, ਇਸ ਵਿਉਂਤ, ਇਸ ਸਜਾਵਟ ਵਿਚ ਕੋਈ ਜੀਵ ਵਿਘਨ ਨਹੀਂ ਪਾ ਸਕਦਾ)॥੧੨੧॥

**ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥**
**ਬਿਲੰਦੁਲ ਮਕਾਨੈ ॥ ਜ਼ਿਮੀਨੁਲ ਜ਼ਮਾਨੈ ॥੧੨੨॥**

***ਪਦ ਅਰਥ :*** ਗ਼ਨੀਮ—ਵੈਰੀ। ਸ਼ਿਕਸਤ—ਹਾਰ। ਗ਼ਨੀਮੁਲ ਸ਼ਿਕਸਤੈ—ਵੈਰੀ ਨੂੰ ਹਾਰ ਦੇਣ ਵਾਲਾ। ਗ਼ਰੀਬ—ਕੰਗਾਲ। ਪਰਸਤ—ਪਾਲਣ ਵਾਲਾ। ਗ਼ਰੀਬੁਲ ਪਰਸਤ—ਗਰੀਬਾਂ ਦਾ ਪਾਲਣ ਵਾਲਾ। ਬਿਲੰਦ—ਬੁਲੰਦ, ਉੱਚਾ। ਮਕਾਨ—ਘਰ, ਟਿਕਾਣਾ। ਜ਼ਿਮੀਨ—ਧਰਤੀ। ਜ਼ਮਾਨ—ਜ਼ਮਾਨਾ, ਸਮਾ (ਵੇਖੋ ਛੰਦ ਨੰ: ੧੫੮)।

***ਅਰਥ :*** ਹੇ ਪ੍ਰਭੂ! ਤੂੰ ਵੈਰੀਆਂ ਨੂੰ ਹਾਰ ਦੇਣ ਵਾਲਾ ਹੈਂ, ਗਰੀਬਾਂ ਦੀ ਪਾਲਣਾ ਕਰਨ ਵਾਲਾ ਹੈਂ, ਪ੍ਰਭੂ! ਤੇਰਾ ਸਭ ਤੋਂ ਉੱਚਾ ਟਿਕਾਣਾ ਹੈ; ਤੂੰ (ਹਰ ਥਾਂ) ਧਰਤੀ ਉੱਤੇ ਅਤੇ ਹਰ ਸਮੇ ਮੌਜੂਦ ਹੈਂ ॥੧੨੨॥

**ਤਮੀਜ਼ੁਲ ਤਮਾਮੈ ॥ ਰੁਜੂਅਲ ਨਿਧਾਨੈ ॥**
**ਹਰੀਫ਼ੁਲ ਅਜ਼ੀਮੈ ॥ ਰਜ਼ਾਇਕ ਯਕੀਨੈ ॥੧੨੩॥**

***ਪਦ ਅਰਥ :*** ਤਮੀਜ਼—ਪਛਾਣ। ਤਮਾਮ—ਸਾਰਾ। ਤਮੀਜ਼ੁਲ ਤਮਾਮ—ਤਮੀਜ਼ ਦਾ ਪੁੰਜ, ਪਛਾਣ ਦਾ ਪੁੰਜ। ਰੁਜੂ—ਤਵੱਜੋ, ਧਿਆਨ। ਨਿਧਾਨ—ਖ਼ਜ਼ਾਨਾ। ਰੁਜੂਅਲ ਨਿਧਾਨ—ਧਿਆਨ ਦਾ ਖ਼ਜ਼ਾਨਾ। ਹਰੀਫ਼—ਵੈਰੀ। ਅਜ਼ੀਮ—ਵੱਡਾ। ਰਜ਼ਾਇਕ—ਰਿਜ਼ਕ ਦੇਣ ਵਾਲਾ। ਯਕੀਨੈ—ਸੱਚ-ਮੁੱਚ।

***ਅਰਥ :*** ਹੇ ਪ੍ਰਭੂ! ਤੂੰ ਜੀਵਾਂ ਦੀ ਸੰਭਾਲ ਦਾ ਪੁੰਜ ਹੈਂ, ਤੂੰ ਸਭ ਜੀਵਾਂ ਦੇ ਧਿਆਨ ਦਾ ਖ਼ਜ਼ਾਨਾ ਹੈਂ (ਭਾਵ, ਤੂੰ ਸਭ ਜੀਵਾਂ ਦੀ ਇਤਨੀ ਸੰਭਾਲ ਕਰਦਾ ਹੈਂ, ਇਤਨਾ ਖ਼ਿਆਲ ਰੱਖਦਾ ਹੈਂ ਕਿ ਇਹ ਗੁਣ ਤੇਰੇ ਵਿਚੋਂ ਕਦੇ ਮੁੱਕਦਾ ਨਹੀਂ, ਤੂੰ ਇਸ ਗੁਣ ਦਾ ਖ਼ਜ਼ਾਨਾ ਹੈਂ)। ਹੇ ਪ੍ਰਭੂ! (ਆਕੀਆਂ ਦਾ) ਤੂੰ ਵੱਡਾ ਵੈਰੀ ਹੈਂ, ਤੂੰ ਸੱਚ-ਮੁੱਚ ਸਭ ਜੀਵਾਂ ਨੂੰ ਰਿਜ਼ਕ ਦੇਣ ਵਾਲਾ ਹੈਂ ॥੧੨੩॥

**ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥**
**ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈਂ ॥੧੨੪॥**

***ਪਦ ਅਰਥ :*** ਤਰੰਗ—ਲਹਿਰਾਂ (ਜੀਅ-ਜੰਤ ਆਦਿਕ)। ਅਭੇਦ—ਜਿਸ ਦਾ ਭੇਦ ਨਾ ਪਾਇਆ ਜਾ ਸਕੇ। ਅਭੰਗ—ਅਬਿਨਾਸ਼ੀ। ਅਜ਼ੀਜ਼—ਪਿਆਰਾ।

ਨਿਵਾਜ਼—ਵਡਿਆਈ ਦੇਣ ਵਾਲਾ। ਗ਼ਨੀਮ—ਵੈਰੀ। ਖ਼ਿਰਾਜ—ਹਾਲਾ, ਚੱਟੀ (ਵੇਖੋ ਛੰਦ ਨੰ: ੧੫੩)।

***ਅਰਥ :*** ਹੇ ਪ੍ਰਭੂ! (ਤੂੰ ਮਾਨੋ ਇਕ ਵੱਡਾ ਸਮੁੰਦਰ ਹੈਂ, ਜਗਤ ਦੇ ਸਾਰੇ ਰੂਪ ਰੰਗ, ਸਾਰੇ ਜੀਅ-ਜੰਤ) ਤੇਰੀਆਂ ਅਨੇਕਾਂ ਲਹਿਰਾਂ ਹਨ, ਤੇਰਾ ਭੇਤ ਨਹੀਂ ਪਾਇਆ ਜਾ ਸਕਦਾ, ਤੂੰ ਨਾਸ-ਰਹਿਤ ਹੈਂ। ਹੇ ਪ੍ਰਭੂ! ਜੋ ਤੈਨੂੰ ਪਿਆਰੇ ਹਨ, ਤੂੰ ਉਹਨਾਂ ਨੂੰ ਮਾਣ ਵਡਿਆਈ ਦੇਂਦਾ ਹੈਂ; ਪਰ ਵੈਰੀਆਂ ਤੋਂ ਤੂੰ ਚੱਟੀ ਭਰਦਾ ਹੈਂ (ਭਾਵ, ਜੋ ਤੇਰੇ ਅੱਗੇ ਅੜਦੇ ਹਨ, ਉਹਨਾਂ ਨੂੰ ਮੂੰਹ-ਭਾਰ ਮਾਰਦਾ ਹੈਂ)॥੧੨੪॥

**ਨਿਰੁਕਤ ਸਰੂਪ ਹੈਂ॥ ਤ੍ਰਿਮੁਕਤ ਬਿਭੂਤਿ ਹੈਂ॥**
**ਪ੍ਰਭੁਗਤ ਪ੍ਰਭਾ ਹੈਂ॥ ਸੁਜੁਗਤ ਸੁਧਾ ਹੈਂ॥੧੨੫॥**

***ਪਦ ਅਰਥ :*** ਨਿਰੁਕਤ—ਨਿਰ+ਉਕਤ, ਜੋ ਬਿਆਨ ਨਾ ਹੋ ਸਕੇ, ਕਥਨ ਤੋਂ ਪਰੇ। ਸਰੂਪ—ਹਸਤੀ, ਵਜੂਦ। ਬਿਭੂਤਿ—ਤੇਜ, ਪ੍ਰਤਾਪ, ਐਸ਼੍ਵਰਜ; ਅੱਠ ਕਿਸਮ ਦੀਆਂ ਸਿੱਧੀਆਂ ਜੋ ਜੋਗੀ ਲੋਕ ਸਮਾਧੀ ਲਾ ਕੇ ਪ੍ਰਾਪਤ ਕਰਦੇ ਹਨ। ਤ੍ਰਿ—ਮਾਇਆ ਦੇ ਤਿੰਨ ਗੁਣ; ਰਜੋ, ਤਮੋ ਅਤੇ ਸੱਤ੍ਵ। ਤ੍ਰਿ ਮੁਕਤ—ਤਿੰਨਾਂ ਗੁਣਾਂ ਤੋਂ ਪਰੇ। ਮੁਕਤ—ਅਜ਼ਾਦ। ਤ੍ਰਿਮੁਕਤਿ ਬਿਭੂਤਿ—ਉਹ ਜਿਸ ਦਾ ਪ੍ਰਤਾਪ ਤਿੰਨਾਂ ਗੁਣਾਂ ਤੋਂ ਉਤਾਂਹ ਹੈ। ਪ੍ਰਭਾ—ਪ੍ਰਕਾਸ਼। ਭੁਗਤ—ਭੋਗਿਆ ਹੋਇਆ, ਮਾਣਿਆ ਹੋਇਆ। ਪ੍ਰਭੁਗਤ—ਚੰਗੀ ਤਰ੍ਹਾਂ ਮਾਣਿਆ ਹੋਇਆ। ਪ੍ਰਭੁਗਤ ਪ੍ਰਭਾ—ਉਹ ਜਿਸ ਦੇ ਪ੍ਰਕਾਸ਼ ਨੂੰ ਸਾਰੇ ਜੀਵ ਚੰਗੀ ਤਰ੍ਹਾਂ ਮਾਣਦੇ ਹਨ। ਸੁਧਾ—ਅੰਮ੍ਰਿਤ, ਮਹਾਨ ਉੱਤਮ ਰਸ। ਸੁਜੁਗਤ—ਚੰਗੀ ਤਰ੍ਹਾਂ ਮਿਲਿਆ ਹੋਇਆ।

***ਅਰਥ :*** ਹੇ ਪ੍ਰਭੂ! ਤੇਰੀ ਹਸਤੀ ਐਸੀ ਹੈ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ; ਤੇਰਾ ਪ੍ਰਤਾਪ ਅਜਿਹਾ ਹੈ, ਜੋ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਹੈ (ਭਾਵ, ਤੇਰੇ ਤੇਜ-ਪ੍ਰਤਾਪ ਨੂੰ ਮਾਇਆ ਪੋਹ ਨਹੀਂ ਸਕਦੀ)। (ਜਗਤ ਦੇ ਸਾਰੇ ਜੀਵ) ਤੇਰੇ ਹੀ ਪ੍ਰਕਾਸ਼ ਨੂੰ ਮਾਣ ਰਹੇ ਹਨ, ਤੂੰ ਇਕ ਐਸਾ ਮਹਾਨ ਉੱਤਮ ਰਸ ਹੈਂ ਜੋ ਸਭ ਜੀਵਾਂ ਨਾਲ ਮਿਲਿਆ ਹੋਇਆ ਹੈ (ਜਿਸ ਦਾ ਅਨੰਦ ਹਰੇਕ ਜੀਵ ਲੈ ਸਕਦਾ ਹੈ)॥੧੨੫॥

**ਸਦੈਵੰ ਸਰੂਪ ਹੈਂ॥ ਅਭੇਦੀ ਅਨੂਪ ਹੈਂ॥**
**ਸਮਸਤੋ ਪਰਾਜ ਹੈਂ॥ ਸਦਾ ਸਰਬ ਸਾਜ ਹੈਂ॥੧੨੬॥**

***ਪਦ ਅਰਥ*** : ਸਦੈਵੰ—ਸਦਾ+ਏਵ, ਸਦਾ ਹੀ। ਸਦੈਵੰ ਸਰੂਪ—ਉਹ ਜਿਸ ਦਾ ਵਜੂਦ ਸਦਾ ਹੀ ਰਹਿਣ ਵਾਲਾ ਹੈ। ਅਭੇਦੀ—ਅ+ਭੇਦ। ਭੇਦ—(dualism) ਦ੍ਵੈਤ, ਪਰਮਾਤਮਾ ਤੋਂ ਛੁੱਟ ਕਿਸੇ ਹੋਰ ਹਸਤੀ ਦੀ ਭੀ ਬਰਾਬਰੀ ਤੇ ਹੋਂਦ ਦਾ ਯਕੀਨ। ਅਭੇਦ—ਉਹ ਜਿਸ ਦੇ ਟਾਕਰੇ ਤੇ ਹੋਰ ਕੋਈ ਹਸਤੀ ਨਹੀਂ; ਅਦ੍ਵੈ। ਅਨੂਪ—ਜਿਸ ਵਰਗਾ ਹੋਰ ਕੋਈ ਨਹੀਂ। ਸਮਸਤ—ਸਾਰੇ (ਜੀਵ)। ਪਰਾਜ—ਹਾਰ, ਸ਼ਿਕੱਸਤ। ਸਮਸਤੋ ਪਰਾਜ—ਸਭ ਨੂੰ ਹਾਰ ਦੇਣ ਵਾਲਾ। ਸਾਜ—ਬਣਾਣ ਵਾਲਾ।

***ਅਰਥ*** : ਹੇ ਪ੍ਰਭੂ ! ਤੇਰਾ ਵਜੂਦ ਸਦਾ ਕਾਇਮ ਰਹਿਣ ਵਾਲਾ ਹੈ, ਤੇਰਾ ਕੋਈ ਸ਼ਰੀਕ ਨਹੀਂ, ਤੇਰੇ ਵਰਗਾ ਹੋਰ ਕੋਈ ਨਹੀਂ, (ਕੋਈ ਤੇਰੇ ਅੱਗੇ ਅੜ ਨਹੀਂ ਸਕਦਾ) ਤੂੰ ਸਭ ਨੂੰ ਜਿੱਤਣ ਵਾਲਾ ਹੈਂ ਅਤੇ ਸਦਾ ਸਭ ਜੀਵਾਂ ਨੂੰ ਪੈਦਾ ਕਰਨ ਵਾਲਾ ਹੈਂ ॥੧੨੬॥

**ਸਮਸਤੁਲ ਸਲਾਮ ਹੈਂ ॥ ਸਦੈਵੁਲ ਅਕਾਮ ਹੈਂ ॥**
**ਨ੍ਰਿਬਾਧ ਸਰੂਪ ਹੈਂ ॥ ਅਗਾਧ ਹੈਂ ਅਨੂਪ ਹੈਂ ॥੧੨੭॥**

***ਪਦ ਅਰਥ*** : ਸਲਾਮ—ਸਲਾਮਤ, ਸੁਖੀ, ਨਿਰੋਆ। ਸਮਸਤ—ਸਾਰੇ ਜੀਵ। ਸਮਸਤੁਲ ਸਲਾਮ—ਉਹ ਜੋ ਸਾਰੇ ਜੀਵਾਂ ਦੀ ਸਲਾਮਤੀ ਦਾ ਕਾਰਨ ਹੈ। ਨ੍ਰਿਬਾਧ—ਨਿਰ+ਬਾਧ, ਅਬਾਧ, (unchecked, unobstructed) ਜਿਸ ਦੇ ਰਾਹ ਵਿਚ ਰੋਕ ਨਾ ਪਾਈ ਜਾ ਸਕੇ (ਵੇਖੋ ਛੰਦ ਨੰ: ੬੪)। ਅਗਾਧ—ਅਗਾਹ, ਅਥਾਹ।

***ਅਰਥ*** : ਹੇ ਪ੍ਰਭੂ ! ਤੂੰ ਸਭ ਜੀਵਾਂ ਦੀ ਸਲਾਮਤੀ ਦਾ ਮੂਲ ਹੈਂ, ਤੂੰ ਸਦਾ ਹੀ ਕਾਮਨਾ ਰਹਿਤ ਹੈਂ, ਪ੍ਰਭੂ ! ਤੇਰੀ ਹਸਤੀ ਐਸੀ ਹੈ ਕਿ ਕੋਈ ਜੀਵ ਤੇਰੇ ਰਾਹ ਵਿਚ ਕੋਈ ਰੋਕ ਨਹੀਂ ਪਾ ਸਕਦਾ; ਤੇਰਾ ਥਹੁ ਨਹੀਂ ਪੈ ਸਕਦਾ, ਤੇਰੇ ਵਰਗਾ ਕੋਈ ਨਹੀਂ ਹੈ ॥੧੨੭॥

**ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥**
**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥੧੨੮॥**

***ਪਦ ਅਰਥ*** : ਓਅੰ—ਪਰਮ ਬ੍ਰਹਮ, ਸਾਰੇ ਜਗਤ ਦੀ ਆਤਮਾ। ਤ੍ਰਿਭੰਗੀ—(ਤ੍ਰਿ—ਤਿੰਨ ਲੋਕ : ਅਕਾਸ਼, ਪਾਤਾਲ, ਮਾਤ) ਤਿੰਨ ਭਵਨਾਂ ਦਾ

ਨਾਸ ਕਰਨ ਵਾਲਾ। ਤ੍ਰਿਕਾਮ—ਤਿੰਨਾਂ ਭਵਨਾਂ ਦੀ ਕਾਮਨਾ ਪੂਰੀ ਕਰਨ ਵਾਲਾ।

***ਅਰਥ :*** ਹੇ ਪ੍ਰਭੂ ! ਤੂੰ ਸਾਰੇ ਜਗਤ ਦੀ ਆਤਮਾ ਹੈਂ, ਤੇਰੀ ਹੀ ਹਸਤੀ ਸਭ ਤੋਂ ਪਹਿਲਾਂ ਦੀ ਹੈ, ਤੇਰੀ ਹਸਤੀ ਦਾ ਅਰੰਭ ਲੱਭਿਆ ਨਹੀਂ ਜਾ ਸਕਦਾ। ਹੇ ਪ੍ਰਭੂ ! ਤੇਰਾ ਕੋਈ ਖ਼ਾਸ ਅੰਗ ਨਹੀਂ, ਤੇਰਾ ਕੋਈ ਇਕ ਨਾਮ ਨਹੀਂ, ਤੂੰ ਤਿੰਨਾਂ ਹੀ ਭਵਨਾਂ ਦਾ ਨਾਸ ਕਰਨ ਵਾਲਾ ਹੈਂ, ਅਤੇ ਤਿੰਨਾਂ ਹੀ ਭਵਨਾਂ ਦੇ ਜੀਵਾਂ ਦੀ ਕਾਮਨਾ (ਭੀ) ਪੂਰੀ ਕਰਨ ਵਾਲਾ ਹੈਂ ॥੧੨੮॥

**ਤ੍ਰਿਬਰਗ ਤ੍ਰਿਬਾਧੇ ॥ ਅਗੰਜੇ ਅਗਾਧੇ ॥**
**ਸੁਭੰ ਸਰਬ ਭਾਗੇ ॥ ਸੁ ਸਰਬਾ ਅਨੁਰਾਗੇ ॥੧੨੯॥**

***ਪਦ ਅਰਥ :*** ਤ੍ਰਿਬਰਗ—(ਵੇਖੋ ਛੰਦ ਨੰ: ੧੪, ੩੨) ਉਹ ਜਿਸ ਵਿਚ ਜਗਤ ਦੇ ਤਿੰਨੇ ਹੀ ਪਦਾਰਥ (ਧਰਮ, ਅਰਥ ਅਤੇ ਕਾਮ) ਮੌਜੂਦ ਹਨ। ਬਾਧਾ—ਬਾਧਾ, ਰੋਕ, ਰੁਕਾਵਟ। ਤ੍ਰਿਬਾਧ—ਉਹ ਜੋ ਤਿੰਨਾਂ ਹੀ ਭਵਨਾਂ ਦੇ ਜੀਵਾਂ ਦੇ ਰਾਹ ਵਿਚ ਰੋਕ ਪਾ ਸਕਦਾ ਹੈ (ਭਾਵ, ਜੋ ਤ੍ਰਿਭਵਨਾਂ ਦੇ ਜੀਵਾਂ ਉਤੇ ਆਪਣਾ ਕੁੰਡਾ ਰੱਖਦਾ ਹੈ)। ਅਗੰਜ—ਅਜਿੱਤ। ਭਾਗ—(a part of any whole) ਅੰਗ। ਸੁਭ—ਸੋਹਣੇ। ਸੁਭੰ ਸਰਬ ਭਾਗ—ਜਿਸ ਦੇ ਸਾਰੇ ਹੀ ਅੰਗ ਸੋਹਣੇ ਹਨ। ਅਨੁਰਾਗ—ਪਿਆਰ। ਸਰਬ ਅਨੁਰਾਗ—ਜਿਸ ਦਾ ਸਭ ਨਾਲ ਪਿਆਰ ਹੈ, (ਕਿਉਂਕਿ 'ਹੋਇ ਫੈਲਿਓ ਅਨੁਰਾਗ')।

***ਅਰਥ :*** ਹੇ ਪ੍ਰਭੂ ! ਤੇਰੇ ਅੰਦਰ ਜਗਤ ਦੇ ਤਿੰਨੇ ਹੀ ਪਦਾਰਥ ਮੌਜੂਦ ਹਨ; ਤੂੰ ਤਿੰਨਾਂ ਭਵਨਾਂ ਦੇ ਜੀਵਾਂ 'ਤੇ ਆਪਣਾ ਕੁੰਡਾ ਰਖਿਆ ਹੋਇਆ ਹੈ। ਤੂੰ ਅਜਿੱਤ ਹੈਂ ਅਤੇ ਅਥਾਹ ਹੈਂ। ਹੇ ਪ੍ਰਭੂ ! ਤੇਰੇ ਸਾਰੇ ਹੀ ਅੰਗ ਸੋਹਣੇ ਹਨ, ਤੂੰ ਸਭ ਜੀਵਾਂ ਨੂੰ ਪਿਆਰ ਕਰਦਾ ਹੈਂ ॥੧੨੯॥

**ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥**
**ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸਿ ਹੈਂ ॥੧੩੦॥**

***ਪਦ ਅਰਥ :*** ਤ੍ਰਿ—ਤਿੰਨ ਭਵਨ, ਤਿੰਨ ਭਵਨਾਂ ਦੇ ਜੀਵ। ਭੁਗਤ—ਭੋਗਿਆ ਹੋਇਆ, ਮਾਣਿਆ ਹੋਇਆ। ਤ੍ਰਿਭੁਗਤ—ਜਿਸ ਨੂੰ ਤਿੰਨਾਂ ਲੋਕਾਂ ਦੇ ਜੀਵ ਮਾਣਦੇ ਹਨ, ਜਿਸ ਤੋਂ ਤਿੰਨਾਂ ਲੋਕਾਂ ਦੇ ਜੀਵ ਅਨੰਦ ਲੈਂਦੇ ਹਨ।

ਅਛਿੱਜ—ਨਾ ਛਿੱਜਣ ਵਾਲਾ, ਪੁਰਾਣਾ ਨਾ ਹੋਣ ਵਾਲਾ। ਅਛੂਤ—ਜੋ ਛੋਹਿਆ ਨਾ ਜਾ ਸਕੇ। ਪ੍ਰਿਥੀ—ਪ੍ਰਿਥਵੀ, ਧਰਤੀ। [ਪ੍ਰਵਸ—to travel] ਪ੍ਰਵਾਸ—(a temporary sojourn) ਥੋੜੇ ਚਿਰ ਦੀ ਰਿਹਾਇਸ਼। ਪ੍ਰਵਾਸਿ—ਪ੍ਰਵਾਸੀ, ਮੁਸਾਫ਼ਿਰ, ਰਾਹੀ।

**ਅਰਥ :** ਹੇ ਪ੍ਰਭੂ! ਤੇਰੀ ਹਸਤੀ ਐਸੀ ਹੈ ਜਿਸ ਤੋਂ ਤਿੰਨਾਂ ਹੀ ਲੋਕਾਂ ਦੇ ਜੀਵ ਅਨੰਦ ਲੈਂਦੇ ਹਨ; ਤੇਰਾ ਵਜੂਦ ਕਦੇ ਪੁਰਾਣਾ ਨਹੀਂ ਹੁੰਦਾ, ਤੈਨੂੰ ਕੋਈ ਛੋਹ ਨਹੀਂ ਸਕਦਾ। ਹੇ ਪ੍ਰਭੂ! ਤੂੰ ਨਰਕਾਂ ਦਾ ਨਾਸ ਕਰਨ ਵਾਲਾ ਹੈਂ; ਧਰਤੀ ਉਤੇ ਤੂੰ ਆਪ ਹੀ (ਜੀਵ ਰੂਪ) ਮੁਸਾਫ਼ਿਰ ਹੈਂ ॥੧੩੦॥

**ਨਿਰੁਕਤ-ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥**
**ਬਿਭੁਗਤ ਸਰੂਪ ਹੈਂ ॥ ਪ੍ਰਜੁਗਤ ਅਨੂਪ ਹੈਂ ॥੧੩੧॥**

**ਪਦ ਅਰਥ :** ਨਿਰੁਕਤ—ਨਿਰ+ਉਕਤ, ਜਿਸ ਦਾ ਬਿਆਨ ਨਾ ਹੋ ਸਕੇ। ਪ੍ਰਭਾ—ਚਮਕ, ਤੇਜ। ਸਦੈਵੰ—ਸਦਾ+ਏਵ, ਸਦਾ ਹੀ। ਭੁਗਤ—ਭੋਗਿਆ ਹੋਇਆ। ਬਿਭੁਗਤ—ਮਾਣਿਆ ਹੋਇਆ। ਬਿਭੁਗਤ ਸਰੂਪ—ਉਹ ਜਿਸ ਦੀ ਹੋਂਦ ਤੋਂ (ਜੀਵ) ਅਨੰਦ ਲੈਂਦੇ ਹਨ। ਪ੍ਰਜੁਗਤ—ਮਿਲਿਆ ਹੋਇਆ।

**ਅਰਥ :** ਹੇ ਪ੍ਰਭੂ! ਤੇਰਾ ਤੇਜ ਐਸਾ ਹੈ ਜਿਸ ਦਾ ਸਹੀ ਬਿਆਨ ਨਹੀਂ ਹੋ ਸਕਦਾ, ਤੂੰ ਸਦਾ ਹੀ ਸਦਾ ਮੌਜੂਦ ਹੈਂ। ਪ੍ਰਭੂ, ਤੇਰੀ ਹਸਤੀ ਤੋਂ ਸਾਰੇ ਜੀਵ ਸੁਖ ਲੈਂਦੇ ਹਨ, ਤੂੰ ਸਭ ਜੀਵਾਂ ਵਿਚ ਮਿਲਿਆ ਹੋਇਆ ਹੈਂ, (ਪਰ) ਤੇਰੇ ਵਰਗਾ ਹੋਰ ਕੋਈ ਨਹੀਂ ॥੧੩੧॥

**ਨਿਰੁਕਤ ਸਦਾ ਹੈਂ ॥ ਬਿਭੁਗਤ ਪ੍ਰਭਾ ਹੈਂ ॥**
**ਅਨਉਕਤ ਸਰੂਪ ਹੈਂ ॥ ਪ੍ਰਜੁਗਤ ਅਨੂਪ ਹੈਂ ॥੧੩੨॥**

**ਪਦ ਅਰਥ :** ਅਨ-ਉਕਤ—ਬਿਆਨ ਤੋਂ ਬਾਹਰ।

**ਅਰਥ :** ਹੇ ਪ੍ਰਭੂ! ਤੇਰੀ ਹਸਤੀ ਸਦਾ ਹੀ ਕਥਨ ਤੋਂ ਪਰੇ ਹੈ, ਸਭ ਜੀਵ ਤੇਰੇ ਪ੍ਰਕਾਸ਼ ਤੋਂ ਅਨੰਦ ਮਾਣਦੇ ਹਨ। ਤੇਰਾ ਸਰੂਪ ਐਸਾ ਹੈ ਜਿਸ ਨੂੰ ਠੀਕ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ, ਤੂੰ ਸਭ ਜੀਵਾਂ ਵਿਚ ਮਿਲਿਆ ਹੋਇਆ ਹੈਂ, (ਪਰ) ਤੇਰੇ ਵਰਗਾ ਕੋਈ ਨਹੀਂ ਹੈ ॥੧੩੨॥

## ਚਾਚਰੀ ਛੰਦ ॥

ਅਭੰਗ ਹੈਂ ॥ ਅਨੰਗ ਹੈਂ ॥
ਅਭੇਖ ਹੈਂ ॥ ਅਲੇਖ ਹੈਂ ॥੧੩੩॥
ਅਭਰਮ ਹੈਂ ॥ ਅਕਰਮ ਹੈਂ ॥
ਅਨਾਦਿ ਹੈਂ ॥ ਜੁਗਾਦਿ ਹੈਂ ॥੧੩੪॥

***ਪਦ ਅਰਥ :*** ਅਭੰਗ—ਅ+ਭੰਗ, ਨਾਸ-ਰਹਿਤ। ਅਨੰਗ—ਅਨ+ਅੰਗ, ਅੰਗ-ਰਹਿਤ। ਅਭੇਖ—ਅ+ਭੇਖ, ਭੇਖ-ਰਹਿਤ। ਅਲੇਖ—ਅ+ਲੇਖ। ਲੇਖ—(ਕਿਸੇ ਦਾ) ਚਿੱਤ੍ਰ ਬਣਾਣਾ, ਤਸਵੀਰ ਖਿੱਚਣੀ। ਅਲੇਖ—ਜਿਸ ਦਾ ਕੋਈ ਚਿੱਤ੍ਰ ਨਾ ਬਣਾਇਆ ਜਾ ਸਕੇ [ਜਦੋਂ ਕਿਸੇ ਲਫ਼ਜ਼ ਦੇ ਸ਼ੁਰੂ ਦਾ ਅੱਖਰ ਵਿਅੰਜਨ (consonant) ਹੋਵੇ ਤਾਂ ਉਸ ਦੇ 'ਉਲਟ' ਅਰਥ ਬਣਾਣ ਲਈ ਉਸ ਦੇ ਪਹਿਲਾਂ 'ਅ' ਲਗਾਇਆ ਜਾਂਦਾ ਹੈ। ਪਰ ਜੇ ਲਫ਼ਜ਼ ਦੇ ਅਰੰਭ ਵਿਚ ਸੁਰ-ਅੱਖਰ (vowel) ਹੋਵੇ ਤਾਂ 'ਅ' ਦੇ ਥਾਂ 'ਅਨ' ਵਰਤੀਦਾ ਹੈ]। ਅਨਾਦਿ—ਅਨ+ਆਦਿ, ਜਿਸ ਦਾ 'ਆਦਿ' ਨਾ ਹੋਵੇ।

***ਅਰਥ :*** (ਹੇ ਪ੍ਰਭੂ !) ਤੂੰ ਨਾਸ-ਰਹਿਤ ਹੈਂ, (ਕਿਉਂਕਿ) ਤੇਰੇ ਕੋਈ ਐਸੇ ਅੰਗ ਹੀ ਨਹੀਂ (ਜੋ ਨਾਸ ਹੋ ਸਕਣ)। ਤੇਰਾ ਕੋਈ ਭੇਖ (ਲਿਬਾਸ) ਹੀ ਨਹੀਂ ਹੈ, (ਇਸ ਵਾਸਤੇ) ਤੇਰੀ ਕੋਈ ਤਸਵੀਰ ਨਹੀਂ ਖਿੱਚੀ ਜਾ ਸਕਦੀ ॥੧੩੩॥

(ਹੇ ਪ੍ਰਭੂ !) ਤੈਨੂੰ ਕੋਈ ਭਰਮ-ਭੁਲੇਖਾ ਪੋਹ ਨਹੀਂ ਸਕਦਾ (ਅਤੇ) ਨਾ ਹੀ ਤੈਨੂੰ ਧਾਰਮਿਕ ਰਸਮਾਂ ਦੀ ਲੋੜ ਹੈ। ਤੂੰ ਕਦੋਂ ਤੋਂ ਹੈਂ, ਇਹ ਗੱਲ ਦੱਸੀ ਨਹੀਂ ਜਾ ਸਕਦੀ, ਤੂੰ ਜੁਗਾਂ ਦੇ ਆਦਿ ਤੋਂ ਹੈ (ਭਾਵ, ਸਮੇ ਦੇ ਲੇਖੇ ਤੋਂ ਤੂੰ ਉਤਾਂਹ ਹੈਂ)॥੧੩੪॥

ਅਜੈ ਹੈਂ ॥ ਅਬੈ ਹੈਂ ॥
ਅਭੂਤ ਹੈਂ ॥ ਅਧੂਤ ਹੈਂ ॥੧੩੫॥

***ਪਦ ਅਰਥ :*** ਅਜੈ—ਅ + ਜੈ (ਅ+ਜਯ)। ਜੈ—ਜਯ, ਜਿੱਤ। ਅਬੈ—ਅ + ਬੈ। ਬੈ—ਨਾਸ। ਅਬੈ—ਨਾਸ ਰਹਿਤ। ਅਭੂਤ—ਅ + ਭੂਤ। ਭੂਤ—ਤੱਤ, ਜਿਨ੍ਹਾਂ ਦੇ ਮੇਲ ਤੋਂ ਸਾਰੀ ਸ੍ਰਿਸ਼ਟੀ ਬਣੀ; ਇਹ ਤੱਤ ਪੰਜ ਹਨ—ਪ੍ਰਿਥਵੀ, ਜਲ, ਤੇਜ, ਹਵਾ ਅਤੇ ਅਕਾਸ਼। ਅਧੂਤ—ਅ+ਧੂਤ। ਧੂ—ਹਿਲਾ ਦੇਣਾ, ਕੰਬਾ ਦੇਣਾ।

ਧੂਤ—ਕੰਬਿਆ ਹੋਇਆ। ਅਧੂਤ—ਅਚੱਲ।

**ਅਰਥ :** (ਹੇ ਪ੍ਰਭੂ!) ਤੈਨੂੰ ਨਾ ਕੋਈ ਜਿੱਤ ਸਕਦਾ ਹੈ, ਨਾ ਨਾਸ ਕਰ ਸਕਦਾ ਹੈ। ਤੇਰੀ ਹਸਤੀ (ਜਗਤ-ਰਚਨਾ ਦੇ ਪੰਜ) ਤੱਤਾਂ ਤੋਂ ਉਤਾਂਹ ਹੈ, (ਇਸ ਵਾਸਤੇ) ਤੈਨੂੰ ਕੋਈ ਹਿਲਾ ਨਹੀਂ ਸਕਦਾ॥੧੩੫॥

**ਅਨਾਸ ਹੈਂ॥ ਉਦਾਸ ਹੈਂ॥**
**ਅਧੰਧ ਹੈਂ॥ ਅਬੰਧ ਹੈਂ॥੧੩੬॥**

**ਪਦ ਅਰਥ :** ਅਨਾਸ—ਨਾਸ ਤੋਂ ਰਹਿਤ। ਉਦਾਸ—ਉਪਰਾਮ, ਚਿੰਤਾ-ਰਹਿਤ। ਅਧੰਧ—ਝੰਬੇਲਿਆਂ ਤੋਂ ਵੱਖਰਾ। ਅਬੰਧ—ਬੰਧਨਾਂ ਤੋਂ ਅਜ਼ਾਦ।

**ਅਰਥ :** (ਸੰਸਾਰ ਤਾਂ ਹਰ ਵੇਲੇ ਨਾਸ ਹੁੰਦਾ ਦਿੱਸ ਰਿਹਾ ਹੈ, ਪਰ ਹੇ ਪ੍ਰਭੂ!) ਤੂੰ (ਸੰਸਾਰ ਦਾ ਬਣਾਣ ਵਾਲਾ ਆਪ) ਨਾਸ-ਰਹਿਤ ਹੈਂ; (ਇਸ ਦੇ ਪਾਲਣ ਆਦਿਕ ਦੀ) ਤੈਨੂੰ ਚਿੰਤਾ ਕੋਈ ਭੀ ਨਹੀਂ; (ਜਗਤ ਦੇ) ਕੋਈ ਝੰਬੇਲੇ ਤੇ ਬੰਧਨ (ਭੀ) ਤੈਨੂੰ ਪੋਹ ਨਹੀਂ ਸਕਦੇ॥੧੩੬॥

**ਅਭਗਤ ਹੈਂ॥ ਬਿਰਕਤ ਹੈਂ॥**
**ਅਨਾਸ ਹੈਂ॥ ਪ੍ਰਕਾਸ ਹੈਂ॥੧੩੭॥**

**ਪਦ ਅਰਥ :** ਅਭਗਤ—(not connected with, detached) ਨਿਰ-ਮੋਹ। ਬਿਰਕਤ—(free from worldly attachment) ਸੰਸਾਰਕ ਪਦਾਰਥਾਂ ਦੀ ਖਿੱਚ ਤੋਂ ਉਤਾਂਹ। ਪ੍ਰਕਾਸ—ਚਾਨਣ।

**ਅਰਥ :** (ਇਤਨੇ ਬੇਅੰਤ ਜਗਤ ਦਾ ਕਰਤਾ ਹੋ ਕੇ, ਹੇ ਪ੍ਰਭੂ!) ਤੂੰ (ਆਪ) ਨਿਰਮੋਹ ਹੈਂ, ਕਿਉਂਕਿ ਇਹ ਸੰਸਾਰਕ ਪਦਾਰਥ ਤੈਨੂੰ ਖਿੱਚ ਨਹੀਂ ਪਾ ਸਕਦੇ। ਤੂੰ ਨਾਸ-ਰਹਿਤ ਹੈਂ ਅਤੇ ਚਾਨਣ-ਰੂਪ ਹੈਂ (ਭਾਵ, ਕਿਸੇ ਮੋਹ ਭਰਮ ਆਦਿਕ ਦੀ ਅਗਿਆਨਤਾ ਦਾ ਹਨੇਰਾ ਤੇਰੇ ਉਤੇ ਅਸਰ ਨਹੀਂ ਕਰ ਸਕਦਾ)॥੧੩੭॥

**ਨਿਚਿੰਤ ਹੈਂ॥ ਸੁਨਿੰਤ ਹੈਂ॥**
**ਅਲਿਖ ਹੈਂ॥ ਅਦਿਖ ਹੈਂ॥੧੩੮॥**

**ਪਦ ਅਰਥ :** ਨਿਚਿੰਤ—(ਸੰ: ਨਿਸ਼ਚਿੰਤ free from anxiety) ਚਿੰਤਾ-ਰਹਿਤ। ਚਿੰਤਾ—ਤੌਖਲਾ। ਸੁਨਿੰਤ—ਸੁਨਿੱਤ, ਸਦਾ ਕਾਇਮ ਰਹਿਣ

ਵਾਲਾ। ਅਲਿਖ—ਜਿਸ ਦਾ ਕੋਈ ਚਿੱਤ੍ਰ ਨਾ ਬਣਾਇਆ ਜਾ ਸਕੇ (ਵੇਖੋ ਛੰਦ ਨੰ: ੧੩੩)। ਅਦਿਖ—ਅ + ਦਿਖ, ਜੋ ਵੇਖਿਆ ਨਾ ਜਾ ਸਕੇ।

**ਅਰਥ :** (ਇਤਨੇ ਬੇਅੰਤ ਜਗਤ-ਰੂਪ ਪਰਵਾਰ ਵਾਲਾ ਹੁੰਦਿਆਂ ਭੀ, ਇਹਨਾਂ ਦੀ ਰੋਜ਼ੀ, ਪਾਲਣਾ ਆਦਿਕ ਦਾ) ਤੈਨੂੰ ਕੋਈ ਤੌਖਲਾ ਨਹੀਂ, (ਕਿਉਂਕਿ) ਤੂੰ (ਆਪ) ਸਦਾ (ਇਹਨਾਂ ਦੇ ਸਿਰ 'ਤੇ) ਕਾਇਮ ਹੈਂ। (ਹੇ ਪ੍ਰਭੂ !) ਨਾ ਕੋਈ ਤੇਰੀ ਤਸਵੀਰ ਖਿੱਚ ਸਕਦਾ ਹੈ ਅਤੇ ਨਾ ਹੀ ਤੂੰ (ਇਹਨਾਂ ਅੱਖਾਂ ਨਾਲ) ਵੇਖਿਆ ਜਾ ਸਕਦਾ ਹੈਂ ॥੧੩੮॥

**ਅਲੇਖ ਹੈਂ॥ ਅਭੇਖ ਹੈਂ॥**
**ਅਢਾਹ ਹੈਂ॥ ਅਗਾਹ ਹੈਂ ॥੧੩੯॥**

**ਪਦ ਅਰਥ :** (ਲਫ਼ਜ਼ 'ਅਲੇਖ' ਅਤੇ 'ਅਭੇਖ' ਲਈ ਦੇਖੋ ਨੰ: ੧੩੩)। ਅਢਾਹ—ਅ+ਢਾਹ। ਢਾਹਣਾ—ਡੇਗਣਾ। ਅਗਾਹ—ਅ+ਗਾਹ [ਸੰ: ਗਾਧ, not very deep]। ਅਗਾਹ—ਬਹੁਤ ਡੂੰਘਾ, ਅਥਾਹ।

**ਅਰਥ :** (ਹੇ ਪ੍ਰਭੂ !) ਕੋਈ ਤੇਰਾ ਚਿੱਤ੍ਰ ਨਹੀਂ ਬਣਾ ਸਕਦਾ, ਤੇਰਾ ਕੋਈ ਇਕ ਪਹਿਰਾਵਾ ਨਹੀਂ ਹੈ। ਤੈਨੂੰ ਕੋਈ ਡੇਗ ਨਹੀਂ ਸਕਦਾ, ਤੂੰ ਬੜਾ ਅਥਾਹ (ਸਮੁੰਦਰ) ਹੈਂ ॥੧੩੯॥

**ਅਸੰਭ ਹੈਂ॥ ਅਗੰਭ ਹੈਂ॥**
**ਅਨੀਲ ਹੈਂ॥ ਅਨਾਦਿ ਹੈਂ ॥੧੪੦॥**

**ਪਦ ਅਰਥ :** ਅਸੰਭ—ਅਸੰਭਵਜ (incomprehensible), ਜੋ ਵਿਚਾਰ ਦੀ ਹੱਦ ਵਿਚ ਨਾ ਆ ਸਕੇ। ਸੰਭਾਵਨਾ—ਵਿਚਾਰ, ਖ਼ਿਆਲ। ਅਗੰਭ—ਅਗਮਜ (inaccessible, inconceivable), ਜੋ ਵਿਚਾਰ ਦੀ ਪਹੁੰਚ ਤੋਂ ਪਰੇ ਹੈ। ਅਨੀਲ—ਅਨਿਲ, ਹਵਾ, ਜਿਸ ਦੇ ਆਸਰੇ ਪ੍ਰਾਣੀ ਜੀਊਂਦਾ ਹੈ, ਭਾਵ ਸਭ ਜੀਵਾਂ ਦੀ ਜਿੰਦ ਦਾ ਆਸਰਾ। ਅਨਾਦਿ—ਅਨ+ਆਦਿ, ਜਿਸ ਦਾ ਮੁੱਢ ਨਾ ਲੱਭ ਸਕੇ।

**ਅਰਥ :** (ਹੇ ਪ੍ਰਭੂ !) ਤੂੰ ਜੀਵਾਂ ਦੀ ਵਿਚਾਰ ਤੇ ਪਹੁੰਚ ਤੋਂ ਉਤਾਂਹ ਹੈਂ, (ਪਰ) ਹੈਂ ਤੂੰ ਸਭ ਜੀਵਾਂ ਦਾ ਪ੍ਰਾਣ-ਰੂਪ, ਤੇ ਤੇਰਾ ਆਦਿ ਕਿਸੇ ਲੱਭਾ ਨਹੀਂ ॥੧੪੦॥

ਅਨਿੱਤ ਹੈਂ ॥ ਸੁਨਿੱਤ ਹੈਂ ॥
ਅਜਾਤ ਹੈਂ ॥ ਅਜਾਦਿ ਹੈਂ ॥੧੪੧॥

***ਪਦ ਅਰਥ*** : ਅਨਿੱਤ–(extraordinary) ਅਸਧਾਰਨ, ਜੋ ਨਿੱਤ ਦਿਸਣ ਵਾਲੇ ਪਦਾਰਥਾਂ ਵਰਗਾ ਨਹੀਂ ਹੈ। ਸੁਨਿੱਤ–ਸਦਾ ਕਾਇਮ। ਅਜਾਤ–ਅ+ਜਾਤ, ਜੋ ਜੰਮਣ ਵਿਚ ਨਹੀਂ ਆਇਆ। ਜਾਤ–ਜੰਮਿਆ ਹੋਇਆ। ਅਜਾਦਿ–ਅਜ+ਆਦਿ। ਅਜ–ਅਜਨਮਾ, ਜਨਮ ਤੋਂ ਰਹਿਤ। ਆਦਿ–ਮੁੱਢ, ਸਭ ਜੀਵਾਂ ਦਾ ਮੂਲ।

***ਅਰਥ*** : (ਹੇ ਪ੍ਰਭੂ !) ਤੂੰ ਰੋਜ਼ ਦਿੱਸਦੇ ਸਧਾਰਨ ਪਦਾਰਥਾਂ ਵਰਗਾ ਨਹੀਂ ਹੈਂ, ਪਰ ਹੈਂ ਤੂੰ ਸਦਾ ਮੌਜੂਦ। ਹੇ ਪ੍ਰਭੂ ! ਤੂੰ ਜੰਮਣ ਵਿਚ ਨਹੀਂ ਆਇਆ, (ਖ਼ੁਦਿ) ਅਜਨਮਾ ਹੈਂ (ਪਰ ਸਭ ਜੀਵਾਂ ਦਾ) ਮੂਲ ਹੈਂ ॥੧੪੧॥

ਚਰਪਟ ਛੰਦ ॥ ਤ੍ਵ ਪ੍ਰਸਾਦਿ ॥
ਸਰਬੰ ਹੰਤਾ ॥ ਸਰਬੰ ਗੰਤਾ ॥
ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥

***ਪਦ ਅਰਥ*** : ਹੰਤਾ–ਮਾਰਨ ਵਾਲਾ। ਗੰਤਾ–('ਗਮ'–ਜਾਣਾ) ਜਾਣ ਵਾਲਾ, ਪਹੁੰਚ ਸਕਣ ਵਾਲਾ। ਖਿਆਤਾ–ਪ੍ਰਸਿੱਧ, ਮਸ਼ਹੂਰ। ਗਿਆਤਾ–ਜਾਣਨ ਵਾਲਾ।

***ਅਰਥ*** : (ਹੇ ਪ੍ਰਭੂ !) ਤੂੰ ਸਭ ਜੀਵਾਂ ਨੂੰ ਮਾਰਨ ਵਾਲਾ ਹੈਂ, (ਕਿਉਂਕਿ) ਸਭ ਜੀਵਾਂ ਤਕ ਤੇਰੀ ਪਹੁੰਚ ਹੈ। ਸਭ ਜੀਵਾਂ ਵਿਚ ਤੂੰ ਪ੍ਰਸਿੱਧ ਹੈਂ (ਅਤੇ) ਸਭ (ਦੇ ਦਿਲਾਂ ਨੂੰ) ਜਾਣਨ ਵਾਲਾ ਹੈਂ ॥੧੪੨॥

ਸਰਬੰ ਹਰਤਾ ॥ ਸਰਬੰ ਕਰਤਾ ॥
ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥

***ਪਦ ਅਰਥ*** : ਹਰਤਾ–ਨਾਸ ਕਰਨ ਵਾਲਾ, ਲੈ ਜਾਣ ਵਾਲਾ। ਕਰਤਾ–ਪੈਦਾ ਕਰਨ ਵਾਲਾ। ਪ੍ਰਾਣ–ਜਿੰਦ ਜਾਨ। ਤ੍ਰਾਣ–ਤਾਕਤ, ਸੱਤਿਆ।

***ਅਰਥ*** : (ਹੇ ਪ੍ਰਭੂ !) ਸਭ (ਦੀ ਜਿੰਦ ਨੂੰ) ਲੈ ਜਾਣ ਵਾਲਾ (ਭੀ) ਤੂੰ ਹੈਂ (ਤੇ) ਸਭ ਨੂੰ ਪੈਦਾ ਕਰਨ ਵਾਲਾ (ਭੀ) ਤੂੰ ਹੈਂ। ਤੂੰ ਹੀ ਸਭ ਦੀ ਜਿੰਦ ਜਾਨ

ਹੈਂ, ਤੂੰ ਹੀ ਸਭ ਦੀ ਸੱਤਿਆ ਹੈਂ ॥੧੪੩॥

**ਸਰਬੰ ਕਰਮੰ ॥ ਸਰਬੰ ਧਰਮੰ ॥**
**ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥**

***ਪਦ ਅਰਥ :*** ਕਰਮ–ਕੰਮ। ਧਰਮ–ਫ਼ਰਜ਼। ਜੁਗਤਾ–ਮਿਲਿਆ ਹੋਇਆ, ਸਭ ਜੀਵਾਂ ਵਿਚ ਮੌਜੂਦ। ਮੁਕਤ–ਅਜ਼ਾਦ, ਵੱਖਰਾ, ਨਿਰਲੇਪ।

***ਅਰਥ :*** (ਹੇ ਪ੍ਰਭੂ!) ਸਭ ਜੀਵਾਂ ਵਿਚ ਵਿਆਪਕ ਹੋ ਕੇ ਤੂੰ ਆਪ ਹੀ ਸਭ ਕੰਮ ਕਰਦਾ ਹੈਂ ਤੇ ਫ਼ਰਜ਼ ਨਿਬਾਹੁੰਦਾ ਹੈਂ। ਇਹ ਕਰਦਾ ਹੋਇਆ (ਭੀ) ਤੂੰ ਸਭ ਤੋਂ ਵੱਖਰਾ ਹੈਂ ॥੧੪੪॥

**ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥**

**ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥**
**ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥**

***ਪਦ ਅਰਥ :*** ਨਮੋ–(ਸੰ: ਨਮਹ) ਨਮਸਕਾਰ। ਨਰਕ–ਦੋਜ਼ਖ਼, ਉਹ ਅਸਥਾਨ ਜਿਥੇ ਪਾਪੀਆਂ ਨੂੰ ਮੌਤ ਤੋਂ ਪਿਛੋਂ ਕਈ ਕਿਸਮ ਦੇ ਤਸੀਹੇ ਦਿਤੇ ਮੰਨੇ ਜਾਂਦੇ ਹਨ।[ਨੋਟ–ਪਰ ਸਿੱਖ ਧਰਮ ਅਨੁਸਾਰ ਪਰਮਾਤਮਾ ਨੂੰ ਵਿਸਾਰਨਾ ਹੀ ਅਸਲ ਨਰਕ ਹੈ]। ਸਦੈਵੰ–ਸਦਾ+ਏਵ, ਸਦਾ ਹੀ। ਪ੍ਰਕਾਸੇ–ਚਾਨਣ। ਅਨੰਗ–ਅਨ+ਅੰਗ, ਅੰਗਾਂ ਤੋਂ ਰਹਿਤ। ਅਭੰਗ–ਅ+ਭੰਗ, ਨਾਸ-ਰਹਿਤ। ਬਿਭੂਤਿ–ਐਸ਼੍ਵਰਜ, ਪ੍ਰਤਾਪ, ਤੇਜ।

***ਅਰਥ :*** (ਹੇ ਪ੍ਰਭੂ!) ਤੈਨੂੰ (ਅਸਾਡੀ) ਨਮਸਕਾਰ ਹੈ, ਤੂੰ (ਜੀਵਾਂ ਦੇ) ਨਰਕ ਦਾ ਨਾਸ ਕਰਨ ਵਾਲਾ ਹੈਂ, ਤੂੰ ਸਦਾ ਹੀ ਚਾਨਣ-ਸਰੂਪ ਹੈਂ। ਹੇ ਅੰਗਾਂ ਤੋਂ ਰਹਿਤ ਸਰੂਪ ਵਾਲੇ! (ਤੈਨੂੰ ਨਮਸਕਾਰ ਹੈ), ਤੇਰਾ ਪ੍ਰਤਾਪ ਕਦੇ ਨਾਸ ਨਹੀਂ ਹੁੰਦਾ ॥੧੪੫॥

**ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥**
**ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥**

***ਪਦ ਅਰਥ :*** ਮਥ–ਰਿੜਕਣਾ। ਪ੍ਰਮਥ–ਤੰਗ ਕਰਨਾ, ਤਸੀਹੇ ਦੇਣੇ, ਦੁੱਖ ਦੇਣਾ। ਪ੍ਰਮਾਥ–[ਸੰ: ਪ੍ਰਮਾਥਿ] ਜੋ ਹੋਰਨਾਂ ਨੂੰ ਦੁਖੀ ਕਰੇ। ਅਗਾਧ–ਅਥਾਹ।

ਸਰੂਪ—ਹਸਤੀ। ਨ੍ਰਿਬਾਧ—ਨਿਰ+ਬਾਧ। ਨਿਰ—ਬਿਨਾ। ਨ੍ਰਿਬਾਧ—ਜਿਸ ਵਿਚ ਕੋਈ ਰੋਕ ਨਾ ਪਾਈ ਜਾ ਸਕੇ (ਵੇਖੋ ਨੰ: ੬੪, ੧੨੭)। ਬਿਭੂਤਿ—ਪ੍ਰਤਾਪ।

***ਅਰਥ :*** (ਹੇ ਪ੍ਰਭੂ ! ਤੈਨੂੰ ਨਮਸਕਾਰ ਹੈ) ਤੂੰ ਉਹਨਾਂ ਦਾ (ਭੀ) ਨਾਸ ਕਰਨ ਵਾਲਾ ਹੈਂ ਜੋ (ਦੂਜਿਆਂ ਨੂੰ) ਦੁਖੀ ਕਰਦੇ ਹਨ, ਕਿਉਂਕਿ ਹੇ ਪ੍ਰਭੂ ! ਤੂੰ ਸਭ ਦਾ (ਕਮਜ਼ੋਰਾਂ ਦਾ ਭੀ) ਸਹਾਈ ਹੈਂ, ਤੇਰੀ ਹਸਤੀ ਅਥਾਹ ਹੈ (ਤੇ) ਤੇਰੇ ਪ੍ਰਤਾਪ ਨੂੰ ਕੋਈ ਰੋਕ ਨਹੀਂ ਸਕਦਾ ॥੧੪੬॥

**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥**
**ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥੧੪੭॥**

***ਪਦ ਅਰਥ :*** ਅਨੰਗੀ ਅਨਾਮੇ—[ਵੇਖੋ ਛੰਦ ਨੰ: ੪੯]। ਨ੍ਰਿਭੰਗੀ—ਨਿਰ-ਭੰਗੀ, ਨਾਸ-ਰਹਿਤ। ਸਰਬੰਗੀ—ਸਰਬ+ਅੰਗੀ। ਸਰਬ—ਮੁਕੰਮਲ। ਅੰਗ—ਸਰੀਰ। ਅਨੂਪ—ਬੇ-ਮਿਸਾਲ, ਜਿਸ ਵਰਗਾ ਹੋਰ ਕੋਈ ਨਾ ਹੋਵੇ।

***ਅਰਥ :*** ਹੇ ਪ੍ਰਭੂ ! (ਤੈਨੂੰ ਨਮਸਕਾਰ ਹੈ, ਤੇਰੀ ਰਚੀ ਸ੍ਰਿਸ਼ਟੀ ਵਾਂਗ) ਤੇਰੇ ਕੋਈ ਅੰਗ ਨਹੀਂ ਹਨ, ਤੇਰਾ ਕੋਈ ਇਕ ਨਾਮ ਨਹੀਂ ਹੈ। ਤੂੰ ਤਿੰਨਾਂ ਹੀ ਭਵਨਾਂ ਦਾ ਨਾਸ ਕਰਨ ਵਾਲਾ ਹੈਂ ਅਤੇ ਤਿੰਨਾਂ ਹੀ ਭਵਨਾਂ ਦੇ ਜੀਵਾਂ ਦੀ ਕਾਮਨਾ ਭੀ ਪੂਰੀ ਕਰਨ ਵਾਲਾ ਹੈਂ। ਹੇ ਪ੍ਰਭੂ ! ਤੇਰਾ ਸਰੂਪ ਨਾਸ-ਰਹਿਤ ਹੈ, (ਕਿਉਂਕਿ) ਤੇਰੀ ਹਸਤੀ ਮੁਕੰਮਲ ਹੈ (ਅਤੇ) ਕੋਈ ਤੇਰੇ ਵਰਗਾ ਨਹੀਂ ਹੈ ॥੧੪੭॥

**ਨ ਪੋਤ੍ਰੈ ਨ ਪੁਤ੍ਰੈ ॥ ਨ ਸਤ੍ਰੈ ਨ ਮਿਤ੍ਰੈ ॥**
**ਨ ਤਾਤੇ ਨ ਮਾਤੇ ॥ ਨ ਜਾਤੇ ਨ ਪਾਤੇ ॥੧੪੮॥**

***ਪਦ ਅਰਥ :*** ਸਤ੍ਰ—ਵੈਰੀ। ਤਾਤ—ਪਿਉ। ਪਾਤਿ—ਕੁਲ।

***ਅਰਥ :*** (ਹੇ ਪ੍ਰਭੂ ! ਜਗਤ ਦੇ ਜੀਵਾਂ ਦੀ 'ਮੇਰ ਤੇਰ' ਤੇ 'ਅਪਣੱਤ' ਵਾਂਗ) ਨਾ ਤੇਰਾ ਕੋਈ ਪੁੱਤਰ ਹੈ ਨਾ ਕੋਈ ਪੋਤਰਾ; ਨਾ ਤੇਰਾ ਕੋਈ ਵੈਰੀ ਹੈ ਨਾ ਸੱਜਣ; ਨਾ ਤੇਰਾ ਕੋਈ ਪਿਉ ਹੈ ਨਾ ਤੇਰੀ ਕੋਈ ਮਾਂ ਹੈ; ਨਾ ਤੇਰੀ ਕੋਈ ਜਾਤਿ ਹੈ ਤੇ ਨਾ ਹੀ ਤੇਰੀ ਕੋਈ ਕੁਲ ਹੈ ॥੧੪੮॥

**ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥**
**ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥**

***ਪਦ ਅਰਥ :*** ਨ੍ਰਿਸਾਕ—ਨਿਰ-ਸਾਕ। ਸਰੀਕ—(ਭਾਵ, ਨਿਰ-) ਸ਼ਰੀਕ। ਅਮਿਤੋ—ਅਮਿਤ, ਅ+ਮਿਤ। ਮਿਤ—ਮਿਣਿਆ ਹੋਇਆ, ਜੋ ਮਿਣਿਆ ਜਾ ਸਕੇ। ਅਮਿਤ—ਜੋ ਮਿਣਿਆ ਨਾ ਜਾ ਸਕੇ, ਬੇਅੰਤ। ਅਮੀਕ—[ਅਰਬੀ ਲਫ਼ਜ਼] ਡੂੰਘਾ। ਪ੍ਰਭਾ—ਪ੍ਰਕਾਸ਼, ਚਾਨਣ। ਸਦੈਵ—ਸਦਾ+ਏਵ, ਸਦਾ ਹੀ। ਅਜੈ—ਅ+ਜੈ, ਅਜਿੱਤ। ਅਜਾ—ਅ+ਜਾ, ਜਨਮ-ਰਹਿਤ।

***ਅਰਥ :*** (ਹੇ ਪ੍ਰਭੂ !) ਦੁਨੀਆ ਦੇ ਬੰਦਿਆਂ ਵਾਂਗ ਨਾ ਤੇਰਾ ਕੋਈ ਸਨਬੰਧੀ ਹੈ ਤੇ ਨਾ ਤੇਰਾ ਕੋਈ ਸ਼ਰੀਕ ਹੈ; ਤੂੰ ਇਕ ਐਸੀ ਡੂੰਘੀ ਹਸਤੀ ਹੈਂ ਜਿਸ ਦਾ ਥਹੁ ਨਹੀਂ ਪਾਇਆ ਜਾ ਸਕਦਾ। (ਹੇ ਪ੍ਰਭੂ !) ਤੂੰ ਸਦਾ ਹੀ ਚਾਨਣ-ਸਰੂਪ ਹੈਂ; ਨਾ ਤੈਨੂੰ ਕੋਈ ਜਿੱਤ ਸਕਦਾ ਹੈ ਤੇ ਨਾ ਤੂੰ ਜਨਮ ਵਿਚ ਆਉਂਦਾ ਹੈ ॥੧੪੯॥

## ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥

**ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥**
**ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥**

***ਪਦ ਅਰਥ :*** ਜ਼ਹੂਰ—ਪ੍ਰਕਾਸ਼। ਜ਼ਾਹਰ ਜ਼ਹੂਰ—ਜਿਸ ਦਾ ਪ੍ਰਕਾਸ਼ ਪਰਤੱਖ ਹੈ। ਸਲਾਮ—ਸਲਾਮਤ, ਥਿਰ ਰਹਿਣ ਵਾਲਾ। ਸਮਸਤ—ਸਾਰੇ। ਕਲਾਮ—ਬੋਲੀ। ਸਮਸਤੁਲ ਕਲਾਮ—ਜੋ ਸਾਰਿਆਂ ਦੀ ਬੋਲੀ (ਦਾ ਵਿਸ਼ਾ) ਹੈ, ਭਾਵ, ਜਿਸ ਦਾ ਜ਼ਿਕਰ ਸਾਰੇ ਜੀਵ ਕਰਦੇ ਹਨ।

***ਅਰਥ :*** ਹੇ ਪ੍ਰਭੂ ! ਤੇਰਾ ਪ੍ਰਕਾਸ਼ ਪਰਤੱਖ ਦਿੱਸਦਾ ਹੈ, (ਕਿਉਂਕਿ) ਤੂੰ (ਹਰ ਥਾਂ) ਮੌਜੂਦ ਹੈਂ ਤੇ (ਹਰੇਕ ਦੇ) ਅੰਗ-ਸੰਗ ਹੈਂ। ਹੇ ਪ੍ਰਭੂ ! ਤੂੰ ਸਦਾ ਥਿਰ ਰਹਿਣ ਵਾਲਾ ਹੈਂ, ਸਾਰੇ ਜੀਵ ਤੇਰੇ ਹੀ ਗੁਣਾਂ ਦਾ ਜ਼ਿਕਰ ਕਰਦੇ ਹਨ ॥੧੫੦॥

**ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨੁਲ ਚਰਾਗ਼ ਹੈਂ ॥**
**ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥੧੫੧॥**

***ਪਦ ਅਰਥ :*** ਸਾਹਿਬ—ਮਾਲਕ। ਦਿਮਾਗ਼—ਸਮਝ, ਬੁੱਧ। ਹੁਸਨੁਲ—ਹੁਸਨ ਦਾ, ਸੁੰਦਰਤਾ ਦਾ। ਚਰਾਗ—ਦੀਵਾ। ਕਾਮਲ—ਮੁਕੰਮਲ, ਪੂਰਨ। ਕਰੀਮ—ਬਖ਼ਸ਼ਸ਼ ਕਰਨ ਵਾਲਾ। ਰਾਜ਼ਕ—ਰਿਜ਼ਕ ਦੇਣ ਵਾਲਾ। ਰਹੀਮ—ਰਹਿਮ ਕਰਨ ਵਾਲਾ।

***ਅਰਥ :*** ਹੇ ਪ੍ਰਭੂ ! ਤੂੰ (ਉੱਚੀ) ਸਮਝ ਦਾ ਮਾਲਕ ਹੈਂ ਤੇ ਸੁੰਦਰਤਾ ਦਾ

ਸ਼ੋਮਾ ਹੈਂ (ਜਿਵੇਂ ਦੀਵਾ ਚਾਨਣ ਦੇਣ ਵਾਲਾ ਹੈ)। ਹੇ ਪ੍ਰਭੂ! ਤੂੰ (ਸਭ ਜੀਵਾਂ ਉਤੇ) ਪੂਰਨ ਬਖ਼ਸ਼ਸ਼ ਕਰਨ ਵਾਲਾ ਹੈਂ; ਤੂੰ ਸਭ ਨੂੰ ਰਿਜ਼ਕ ਦੇਣ ਵਾਲਾ ਹੈਂ ਅਤੇ ਸਭ ਉਤੇ ਮਿਹਰ ਕਰਨ ਵਾਲਾ ਹੈਂ ॥੧੫੧॥

**ਕਿ ਰੋਜ਼ੀ ਦਿਹਿੰਦ ਹੈਂ॥ ਕਿ ਰਾਜ਼ਕ ਰਹਿੰਦ ਹੈਂ॥**
**ਕਰੀਮੁਲ ਕਮਾਲ ਹੈਂ॥ ਕਿ ਹੁਸਨੁਲ ਜਮਾਲ ਹੈਂ॥੧੫੨॥**

***ਪਦ ਅਰਥ :*** ਦਿਹਿੰਦ—ਦੇਣ ਵਾਲਾ। ਰਹਿੰਦ—ਰਿਹਾਈ ਦੇਣ ਵਾਲਾ, ਮੁਕਤੀ-ਦਾਤਾ। ਕਮਾਲ—ਪੂਰਨਤਾ, ਸਭ ਤੋਂ ਉੱਚੀ ਹੱਦ। ਜਮਾਲ—ਕੋਮਲ ਸੁੰਦਰਤਾ (ਜਿਵੇਂ ਚੰਦ੍ਰਮਾ ਦੀ ਹੈ)। ਹੁਸਨ—ਸੁੰਦਰਤਾ।

***ਅਰਥ :*** ਹੇ ਪ੍ਰਭੂ! ਤੂੰ (ਸਭ ਨੂੰ) ਰਿਜ਼ਕ ਦੇਣ ਵਾਲਾ ਹੈਂ, ਰੋਜ਼ੀ ਦੇਣ ਵਾਲਾ ਹੈਂ ਤੇ ਮੁਕਤੀ-ਦਾਤਾ ਭੀ ਹੈਂ। ਤੂੰ ਪੂਰਨ (ਭਾਵ, ਸਭ ਜੀਵਾਂ ਉਤੇ) ਬਖ਼ਸ਼ਸ਼ ਕਰਨ ਵਾਲਾ ਹੈਂ, ਤੇ ਕੋਮਲ ਸੁੰਦਰਤਾ ਵਾਲਾ ਹੈਂ॥੧੫੨॥

**ਗ਼ਨੀਮੁਲ ਖ਼ਿਰਾਜ ਹੈਂ॥ ਗ਼ਰੀਬੁਲ ਨਿਵਾਜ ਹੈਂ॥**
**ਹਰੀਫ਼ੁਲ ਸ਼ਿਕੰਨ ਹੈਂ॥ ਹਿਰਾਸੁਲ ਫ਼ਿਕੰਨ ਹੈਂ॥੧੫੩॥**

***ਪਦ ਅਰਥ :*** ਗ਼ਨੀਮ—ਵੈਰੀ। ਖ਼ਿਰਾਜ—ਹਾਲਾ (ਵੇਖੋ ਨੰ: ੧੨੪)। ਨਿਵਾਜ—ਵਡਿਆਉਣ ਵਾਲਾ। ਹਰੀਫ਼—ਵੈਰੀ। ਸ਼ਿਕੰਨ—ਤੋੜਨ ਵਾਲਾ। ਹਿਰਾਸ—ਡਰ। ਫ਼ਿਕੰਨ—ਪਰੇ ਸਿੱਟਣ ਵਾਲਾ।

***ਅਰਥ :*** ਹੇ ਪ੍ਰਭੂ! ਤੂੰ ਵੈਰੀਆਂ ਤੋਂ ਹਾਲਾ ਭਰਨ ਵਾਲਾ ਹੈਂ ਅਤੇ ਗ਼ਰੀਬਾਂ ਨੂੰ ਵਡਿਆਉਣ ਵਾਲਾ ਹੈਂ (ਭਾਵ, ਜੋ ਤੇਰੇ ਅੱਗੇ ਅੜਦੇ ਹਨ ਉਹ ਆਖ਼ਰ ਸ਼ਰਮ-ਸਾਰ ਹੁੰਦੇ ਹਨ; ਪਰ ਜੋ ਤੇਰੀ ਸ਼ਰਨ ਆਉਂਦੇ ਹਨ, ਤੂੰ ਉਹਨਾਂ ਨੂੰ ਮਾਣ ਦੇਂਦਾ ਹੈਂ)। ਹੇ ਪ੍ਰਭੂ! ਤੂੰ ਵੈਰੀਆਂ ਦੇ (ਸਿਰ) ਤੋੜਨ ਵਾਲਾ ਹੈਂ, ਕੋਈ ਡਰ ਤੇਰੇ ਨੇੜੇ ਨਹੀਂ ਢੁਕ ਸਕਦਾ॥੧੫੩॥

**ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ ਹੈਂ॥**
**ਅਗੰਜੁਲ ਗ਼ਨੀਮ ਹੈਂ॥ ਰਜ਼ਾਇਕ ਰਹੀਮ ਹੈਂ॥੧੫੪॥**

***ਪਦ ਅਰਥ :*** ਕਲੰਕ—ਧੱਬਾ, ਦਾਗ਼, ਬਦਨਾਮੀ। ਅਗੰਜ—ਅ+ਗੰਜ। ਗੰਜਨ—(putting to shame, surpassing, defeating) ਹਰਾ ਦੇਣਾ,

(ਕਿਸੇ ਤੋਂ) ਵਧ ਜਾਣਾ। ਅਗੰਜ—ਅਜਿੱਤ। ਗ਼ਨੀਮ—ਵੈਰੀ। ਰਜ਼ਾਇਕ—ਰੋਜ਼ੀ ਦੇਣ ਵਾਲਾ।

**ਅਰਥ** : ਹੇ ਪ੍ਰਭੂ! ਤੂੰ (ਆਪਣੇ ਬੰਦਿਆਂ ਦੇ) ਕਲੰਕ ਦੂਰ ਕਰਨ ਵਾਲਾ ਹੈਂ, ਸਭ ਜੀਵਾਂ ਵਿਚ ਮੌਜੂਦ ਹੈਂ। ਵੈਰੀ ਤੈਨੂੰ ਜਿੱਤ ਨਹੀਂ ਸਕਦੇ, ਤੂੰ ਸਭ ਨੂੰ ਰਿਜ਼ਕ ਦੇਣ ਵਾਲਾ ਹੈਂ, ਸਭ ਤੇ ਰਹਿਮ ਕਰਨ ਵਾਲਾ ਹੈਂ ॥੧੫੪॥

**ਸਮਸਤੁਲ ਜ਼ੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥**
**ਕਿ ਨਰਕੰ ਪ੍ਰਣਾਸ ਹੈਂ ॥ ਬਹਿਸ਼ਤੁਲ ਨਿਵਾਸ ਹੈਂ ॥੧੫੫॥**

**ਪਦ ਅਰਥ** : ਜ਼ੁਬਾਂ—ਜੀਭ। ਸਮਸਤ—ਸਾਰੇ (ਜੀਵ)। ਕਿਰਾਂ—ਐਸ਼੍ਵਰਜ, ਪ੍ਰਤਾਪ।

**ਅਰਥ** : ਹੇ ਪ੍ਰਭੂ! ਤੂੰ ਸਾਰੇ ਜੀਵਾਂ ਦੀ ਜੀਭ ਹੈਂ (ਭਾਵ, ਸਭ ਜੀਵਾਂ ਦੇ ਅੰਦਰ ਤੂੰ ਆਪ ਹੀ ਬੋਲ ਰਿਹਾ ਹੈਂ), ਤੂੰ ਵੱਡੇ ਪ੍ਰਤਾਪ ਵਾਲਾ ਹੈਂ। ਤੂੰ ਨਰਕਾਂ ਦਾ ਨਾਸ ਕਰਨ ਵਾਲਾ ਹੈਂ, ਅਤੇ ਤੂੰ ਆਪ ਸੁਰਗ ਵਿਚ ਰਹਿੰਦਾ ਹੈਂ (ਭਾਵ, ਹੇ ਪ੍ਰਭੂ! ਜਿਥੇ ਤੂੰ ਹੈਂ ਉਥੇ ਨਰਕ ਦਾ ਦੁਖ ਨੇੜੇ ਨਹੀਂ ਢੁਕ ਸਕਦਾ, ਉਥੇ ਸਦਾ ਸੁਰਗ ਦਾ ਸੁਖ ਹੈ) ॥੧੫੫॥

**ਕਿ ਸਰਬੁਲ ਗਵੰਨ ਹੈਂ ॥ ਹਮੇਸ਼ੁਲ ਰਵੰਨ ਹੈਂ ॥**
**ਤਮਾਮੁਲ ਤਮੀਜ਼ ਹੈਂ ॥ ਸਮਸਤੁਲ ਅਜ਼ੀਜ਼ ਹੈਂ ॥੧੫੬॥**

**ਪਦ ਅਰਥ** : ਗਵੰਨ—ਗਵਨ, ਗਮਨ, ਪਹੁੰਚ। ਰਵੰਨ—ਰਵਨ, ਰਮਣ, ਖ਼ੁਸ਼ੀ, ਅਨੰਦ। ਹਮੇਸ਼—ਸਦਾ। ਤਮਾਮ—ਸਾਰੇ ਜੀਵ। ਤਮੀਜ਼—ਪਛਾਣ। ਅਜ਼ੀਜ਼—ਪਿਆਰਾ।

**ਅਰਥ** : ਹੇ ਪ੍ਰਭੂ! ਸਭ ਜੀਵਾਂ ਵਿਚ ਤੇਰੀ ਪਹੁੰਚ ਹੈ (ਭਾਵ, ਤੂੰ ਸਭ ਜੀਵਾਂ ਵਿਚ ਮੌਜੂਦ ਹੈਂ) ਅਤੇ ਤੂੰ ਸਦਾ ਹੀ ਅਨੰਦ (ਸਰੂਪ) ਹੈਂ। ਹੇ ਪ੍ਰਭੂ! ਤੂੰ ਸਭ ਜੀਵਾਂ ਦੀ ਪਛਾਣ (ਸੰਭਾਲ) ਕਰਦਾ ਹੈਂ, ਅਤੇ ਸਭ ਜੀਵਾਂ ਦਾ ਪਿਆਰਾ ਹੈਂ ॥੧੫੬॥

**ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥**
**ਅਦੇਸੁਲ ਅਲੇਖ ਹੈਂ ॥ ਹਮੇਸ਼ੁਲ ਅਭੇਖ ਹੈਂ ॥੧੫੭॥**

**ਪਦ ਅਰਥ :** ਪਰੰ—ਸਭ ਤੋਂ ਵੱਡਾ। ਪਰਮ—ਸਭ ਤੋਂ ਵੱਡਾ। ਈਸ—ਈਸ਼ੂਰ, ਮਾਲਕ। ਅਦੀਸ—ਆਦਿ+ਈਸ, ਸ਼ੁਰੂ ਤੋਂ ਹੀ ਮਾਲਕ। ਅਦੇਸ—ਅ+ਦੇਸ, ਦੇਸ-ਰਹਿਤ। ਅਲੇਖ—ਅ+ਲੇਖ, ਚਿੱਤ੍ਰ-ਰਹਿਤ।

**ਅਰਥ :** ਹੇ ਪ੍ਰਭੂ! ਤੂੰ ਸਭ ਤੋਂ ਵੱਡਾ ਮਾਲਕ ਹੈਂ, (ਜਗਤ ਦੇ) ਸ਼ੁਰੂ ਤੋਂ ਹੀ ਸਭ ਦਾ ਮਾਲਕ ਹੈਂ, ਤੇਰਾ ਕੋਈ ਖ਼ਾਸ ਟਿਕਾਣਾ ਨਹੀਂ ਦਸਿਆ ਜਾ ਸਕਦਾ, ਨਾ ਹੀ ਤੇਰਾ ਕੋਈ ਚਿੱਤ੍ਰ ਬਣਾਇਆ ਜਾ ਸਕਦਾ ਹੈ ਅਤੇ ਕਦੇ ਭੀ ਤੇਰਾ ਕੋਈ ਖ਼ਾਸ ਲਿਬਾਸ ਨਹੀਂ ਹੋਇਆ ॥੧੫੭॥

**ਜ਼ਮੀਨੁਲ ਜ਼ਮਾਂ ਹੈਂ॥ ਅਮੀਕੁਲ ਇਮਾ ਹੈਂ॥**
**ਕਰੀਮੁਲ ਕਮਾਲ ਹੈਂ॥ ਕਿ ਜੁਰਅਤਿ ਜਮਾਲ ਹੈਂ॥੧੫੮॥**

**ਪਦ ਅਰਥ :** ਜ਼ਮੀਨ—ਧਰਤੀ। ਜ਼ਮਾਂ—ਜ਼ਮਾਨ, ਸਮਾ (ਵੇਖੋ ਛੰਦ ਨੰ: ੧੨੨)। ਅਮੀਕ—ਡੂੰਘਾ। ਇਮਾ—ਇਸ਼ਾਰਾ, ਰਮਜ਼। ਕਰੀਮ—ਬਖ਼ਸ਼ਸ਼ (ਕਰਮ) ਕਰਨ ਵਾਲਾ। ਜੁਰਅਤਿ—ਦਲੇਰੀ, ਬੀਰਤਾ। ਜਮਾਲ—ਸੁੰਦਰਤਾ, ਖ਼ੂਬਸੂਰਤੀ।

**ਅਰਥ :** ਹੇ ਪ੍ਰਭੂ! ਤੂੰ ਧਰਤੀ ਉਤੇ (ਭਾਵ, ਹਰ ਥਾਂ) ਅਤੇ ਹਰ ਸਮੇ ਮੌਜੂਦ ਹੈਂ, ਤੇਰੀ ਰਮਜ਼ ਬੜੀ ਡੂੰਘੀ ਹੈ (ਭਾਵ, ਤੇਰਾ ਭੇਦ ਕੋਈ ਪਾ ਨਹੀਂ ਸਕਦਾ)। ਤੂੰ ਪੂਰਨ ਬਖ਼ਸ਼ਸ਼ ਕਰਨ ਵਾਲਾ ਹੈਂ ਅਤੇ ਤੇਰੀ ਬੀਰਤਾ ਤੇਰੀ ਸੁੰਦਰਤਾ ਹੈ (ਭਾਵ ਤੂੰ ਬੀਰ ਬਾਂਕਾ ਹੈਂ)॥੧੫੮॥

**ਕਿ ਅਚਲੰ ਪ੍ਰਕਾਸ਼ ਹੈਂ॥ ਕਿ ਅਮਿਤੋ ਸੁਬਾਸ ਹੈਂ॥**
**ਕਿ ਅਜਬ ਸਰੂਪ ਹੈਂ॥ ਕਿ ਅਮਿਤੋ ਬਿਭੂਤਿ ਹੈਂ॥੧੫੯॥**

**ਪਦ ਅਰਥ :** ਅਚਲ—ਅ+ਚਲ, ਅਹਿੱਲ। ਅਮਿਤੋ—ਅਮਿਤ, ਅ+ਮਿਤ, ਅਮਿਣਵੀਂ। ਸੁਬਾਸ—ਸੁਗੰਧੀ। ਅਜਬ—ਅਸਚਰਜ। ਬਿਭੂਤਿ—ਐਸ਼ੂਰਜ, ਪ੍ਰਤਾਪ।

**ਅਰਥ :** ਹੇ ਪ੍ਰਭੂ! ਤੇਰੀ ਜੋਤਿ ਕਦੇ ਡੋਲਣ ਵਾਲੀ ਨਹੀਂ, ਤੂੰ ਅਮਿਣਵੀਂ (ਬੇਅੰਤ) ਸੁਗੰਧੀ ਵਾਲਾ ਹੈਂ। ਅਸਚਰਜ ਤੇਰਾ ਰੂਪ ਹੈ ਤੇ ਬੇਅੰਤ ਤੇਰਾ ਪ੍ਰਤਾਪ ਹੈ॥੧੫੯॥

**ਕਿ ਅਮਿਤੋ ਪਸਾ ਹੈਂ॥ ਕਿ ਆਤਮ ਪ੍ਰਭਾ ਹੈਂ॥**
**ਕਿ ਅਚਲੰ ਅਨੰਗ ਹੈਂ॥ ਕਿ ਅਮਿਤੋ ਅਭੰਗ ਹੈਂ॥੧੬੦॥**

**ਪਦ ਅਰਥ :** ਅਮਿਤੋ—ਅਮਿਣਵਾਂ। ਪਸਾ—ਪਸਾਰਾ। ਅਮਿਤੋ ਪਸਾ—ਬੇਅੰਤ ਖਿਲਾਰੇ ਵਾਲਾ। ਪ੍ਰਭਾ—ਚਾਨਣ, ਪ੍ਰਕਾਸ਼। ਆਤਮ—ਆਪਾ। ਆਤਮ ਪ੍ਰਭਾ—ਜਿਸ ਦਾ ਆਪਾ (ਭਾਵ, ਸਰੂਪ) ਪ੍ਰਕਾਸ਼ ਹੀ ਪ੍ਰਕਾਸ਼ ਹੈ। ਅਚਲ—ਅਡੋਲ, ਨਾ ਡੋਲਣ ਵਾਲਾ। ਅਨੰਗ—ਅਨ+ਅੰਗ, ਸਰੀਰ-ਰਹਿਤ। ਅਭੰਗ—ਅ+ਭੰਗ, ਨਾਸ-ਰਹਿਤ।

**ਅਰਥ :** ਹੇ ਪ੍ਰਭੂ ! ਤੂੰ (ਜਗਤ-ਰੂਪ) ਬੇਅੰਤ ਖਿਲਾਰੇ ਦਾ ਮਾਲਕ ਹੈਂ, (ਫਿਰ ਭੀ) ਤੇਰਾ ਆਪਾ (ਭਾਵ, ਸਰੂਪ) ਨਿਰਾ ਚਾਨਣ ਹੀ ਚਾਨਣ ਹੈ। ਤੂੰ ਕਦੇ ਡੋਲਦਾ ਨਹੀਂ ਹੈਂ, (ਜੀਵਾਂ ਵਾਂਗ) ਤੇਰਾ ਕੋਈ ਸਰੀਰ ਨਹੀਂ ਹੈ; ਤੂੰ ਬੇਅੰਤ ਹੈਂ ਅਤੇ ਕਦੇ ਨਾਸ ਹੋਣ ਵਾਲਾ ਨਹੀਂ ਹੈਂ ॥੧੬੦॥

## ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

**ਮੁਨਿ ਮਨਿ ਪ੍ਰਣਾਮ ॥ ਗੁਣ ਗਣ ਮੁਦਾਮ ॥**
**ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥**

**ਪਦ ਅਰਥ :** ਮੁਨਿ—ਰਿਸ਼ੀ, ਤਪੀ। ਮਨਿ—ਮਨ ਵਿਚ। ਗਣ—ਸਮੂੰਹ। ਗੁਣ ਗਣ—ਗੁਣਾਂ ਦੇ ਸਮੂੰਹ (ਦਾ ਮਾਲਕ), ਜਿਸ ਵਿਚ ਸਾਰੇ ਹੀ ਗੁਣ ਹਨ, ਵੇਖੋ ਛੰਦ ਨੰ: ੮੭। ਮੁਦਾਮ—ਸਦਾ। ਅਰਿ—ਵੈਰੀ। ਅਰਿ ਬਰ—ਅਰਿ ਵਰ, ਵੱਡੇ ਵੱਡੇ ਵੈਰੀ। ਅਗੰਜ—(conquering, defeating) ਅਜਿੱਤ, ਜੋ ਨਾ ਜਿੱਤਿਆ ਜਾਏ। ਪ੍ਰਭੰਜ—(to break down, frustrate, to conquer) ਨਾਸ ਕਰਨ ਵਾਲਾ। ਹਰਿ ਨਰ—ਨਰ ਹਰਿ, ਨਰਸਿੰਘ, ਨਰਾਂ ਦਾ ਰਾਜਾ, ਸਭ ਬੰਦਿਆਂ ਦਾ ਮਾਲਕ।

**ਅਰਥ :** (ਹੇ ਪ੍ਰਭੂ !) ਤਪੀ ਲੋਕ ਤੈਨੂੰ ਆਪਣੇ ਮਨ ਵਿਚ ਨਮਸਕਾਰ ਕਰਦੇ ਹਨ, ਤੂੰ ਸਦਾ ਬੇਅੰਤ ਗੁਣਾਂ ਦਾ ਮਾਲਕ ਹੈਂ। (ਹੇ ਪ੍ਰਭੂ !) ਤੂੰ ਵੱਡੇ ਵੱਡੇ ਵੈਰੀਆਂ ਤੋਂ ਭੀ ਅਜਿੱਤ ਹੈਂ। ਤੂੰ ਸਭ ਬੰਦਿਆਂ ਦਾ ਮਾਲਕ ਹੈਂ ਅਤੇ ਸਭ ਦਾ ਨਾਸ ਕਰਨ ਵਾਲਾ ਹੈਂ ॥੧੬੧॥

**ਅਨਗਣ ਪ੍ਰਣਾਮ ॥ ਮੁਨਿ ਮਨਿ ਸਲਾਮ ॥**
**ਹਰਿ ਨਰ ਅਖੰਡ ॥ ਬਰ ਨਰ ਅਮੰਡ ॥੧੬੨॥**

**ਪਦ ਅਰਥ :** ਅਨਗਣ—ਅਨਗਿਣਤ। ਸਲਾਮ—ਪ੍ਰਣਾਮ, ਨਮਸਕਾਰ।

ਹਰਿ ਨਰ–ਨਰ ਹਰਿ, ਨਰਸਿੰਘ, ਨਰਾਂ ਵਿਚ ਸਿੰਘ। ਅਖੰਡ–ਮੁਕੰਮਲ, ਸੰਪੂਰਨ। ਬਰ ਨਰ–ਮਨੁੱਖਾਂ ਵਿਚ ਸ੍ਰੇਸ਼ਟ। ਅਮੰਡ–ਜਿਸ ਨੂੰ ਕਿਸੇ ਸਜਾਵਟ ਦੀ ਲੋੜ ਨਹੀਂ।

**ਅਰਥ :** (ਹੇ ਪ੍ਰਭੂ !) ਅਨਗਿਣਤ ਜੀਵ ਤੈਨੂੰ ਪਰਣਾਮ ਕਰਦੇ ਹਨ, ਤਪੀ ਲੋਕ ਤੈਨੂੰ ਹੀ ਆਪਣੇ ਮਨ ਵਿਚ ਬੰਦਨਾ ਕਰਦੇ ਹਨ। (ਸਾਰੀ ਕਾਇਨਾਤ ਦੀ ਸਰਦਾਰ) ਮਨੁੱਖ (ਜਾਤੀ) ਵਿਚ ਤੂੰ ਸ਼ੇਰ (ਰੂਪ) ਹੈਂ ਅਤੇ ਸੰਪੂਰਨ (ਗੁਣਾਂ ਵਾਲਾ) ਹੈਂ; ਮਨੁੱਖਾਂ ਤੋਂ ਸ੍ਰੇਸ਼ਟ ਹੈਂ ਅਤੇ ਤੈਨੂੰ ਕਿਸੇ ਸੁਹੱਪਣ ਦੀ ਲੋੜ ਨਹੀਂ ਹੈ ॥੧੬੨॥

**ਅਨੁਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥**
**ਗੁਣ ਗਣ ਪ੍ਰਣਾਮ ॥ ਜਲਿ ਥਲਿ ਮੁਦਾਮ ॥੧੬੩॥**

**ਪਦ ਅਰਥ :** ਅਨਾਸ–ਹੇ ਨਾਸ-ਰਹਿਤ ! ਅਨੁਭਵ–ਆਪਣੇ ਆਪ ਤੋਂ ਪ੍ਰਾਪਤ ਹੋਇਆ ਗਿਆਨ। ਪ੍ਰਕਾਸ਼–ਚਾਨਣ। ਜਲਿ–ਜਲ ਵਿਚ। ਥਲਿ–ਧਰਤੀ ਤੇ। ਮੁਦਾਮ–ਸਦਾ। ਗੁਣ ਗਣ–ਸਮੂੰਹ ਗੁਣਾਂ ਵਾਲਾ।

**ਅਰਥ :** ਹੇ ਅਬਿਨਾਸ਼ੀ ਪ੍ਰਭੂ ! ਤੂੰ ਆਪ ਗਿਆਨ-ਰੂਪ ਹੈਂ (ਗਿਆਨ ਵਾਸਤੇ ਤੈਨੂੰ ਕਿਸੇ ਦੀ ਮੁਥਾਜੀ ਨਹੀਂ, ਸਗੋਂ) ਤਪੀ ਲੋਕਾਂ ਦੇ ਮਨ ਵਿਚ ਤੂੰ ਹੀ ਚਾਨਣ (ਕਰਨ ਵਾਲਾ) ਹੈਂ। ਹੇ ਸਰਬ-ਗੁਣ ਪ੍ਰਭੂ ! ਤੈਨੂੰ ਨਮਸਕਾਰ ਹੈ; ਜਲ ਵਿਚ, ਧਰਤੀ ਉਤੇ (ਹਰ ਥਾਂ, ਤੂੰ ਹੀ) ਸਦਾ ਮੌਜੂਦ ਹੈਂ ॥੧੬੩॥

**ਅਨਛਿਜ ਅੰਗ ॥ ਆਸਣ ਅਭੰਗ ॥**
**ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੬੪॥**

**ਪਦ ਅਰਥ :** ਅਨਛਿਜ–ਨਾ ਛਿੱਜਣ ਵਾਲਾ, ਪੁਰਾਣਾ ਨਾ ਹੋਣ ਵਾਲਾ। ਅੰਗ–ਸਰੀਰ, ਸਰੂਪ। ਆਸਣ–ਤਖ਼ਤ। ਅਭੰਗ–ਨਾ ਟੁੱਟਣ ਵਾਲਾ, ਅਤੁੱਟ, ਅਡੋਲ। ਉਪਮਾ–(equality) ਬਰਾਬਰੀ। ਅਪਾਰ–ਪਹੁੰਚ ਤੋਂ ਪਰੇ। ਗਤਿ–ਹਾਲਤ, ਅਵਸਥਾ। ਮਿਤਿ–ਮਾਪ, ਅੰਦਾਜ਼ਾ। ਉਦਾਰ–(large, grand, extensive) ਬਹੁਤ ਵੱਡੀ।

**ਅਰਥ :** ਤੇਰਾ ਸਰੂਪ ਕਦੇ ਪੁਰਾਣਾ ਹੋਣ ਵਾਲਾ ਨਹੀਂ ਹੈ, ਤੇਰਾ ਆਸਣ

ਭੀ ਅਡੋਲ ਹੈ, ਤੇਰੀ ਬਰਾਬਰ ਦੀ ਕੋਈ ਹਸਤੀ ਲੱਭਣੀ ਜੀਵ ਦੀ ਪਹੁੰਚ ਤੋਂ ਪਰੇ ਹੈ, ਤੂੰ ਕਿਹੋ ਜਿਹਾ ਹੈਂ ਤੇ ਕੇਡਾ ਵੱਡਾ ਹੈਂ, ਇਹ ਦੱਸਣਾ (ਤੇਰੇ ਪੈਦਾ ਕੀਤੇ ਜੀਵਾਂ ਵਾਸਤੇ) ਬਹੁਤ ਵੱਡੀ ਗੱਲ ਹੈ॥੧੬੪॥

**ਜਲਿ ਥਲਿ ਅਮੰਡ ॥ ਦਿਸ ਵਿਸ ਅਭੰਡ ॥**
**ਜਲਿ ਥਲਿ ਮਹੰਤ ॥ ਦਿਸ ਵਿਸ ਬਿਅੰਤ ॥੧੬੫॥**

***ਪਦ ਅਰਥ :*** ਅਮੰਡ—ਜਿਸ ਨੂੰ ਕਿਸੇ ਸਜਾਵਟ ਦੀ ਲੋੜ ਨਾ ਪਏ। ਦਿਸ—[ਸੰ: ਦਿਸ਼ ਵਿਦਿਸ਼]। ਦਿਸ—ਤਰਫ਼, ਪਾਸਾ (ਚਾਰ ਪਾਸੇ ਹਨ : ਉੱਤਰ, ਦੱਖਣ, ਪੂਰਬ, ਪੱਛਮ)। ਵਿਸ—ਵਿਦਿਸ, ਦੋ ਦਿਸ਼ਾਂ ਦੀ ਵਿਚਕਾਰਲੀ ਥਾਂ, ਨੁੱਕਰ। ਅਭੰਡ—ਅ+ਭੰਡ, ਜੋ ਭੰਡ ਵਿਚ ਨਹੀਂ। ਭੰਡ—ਇਸਤ੍ਰੀ (ਵੇਖੋ ਆਸਾ ਦੀ ਵਾਰ ਸਟੀਕ)। ਅਭੰਡ—ਜੋ ਇਸਤ੍ਰੀ ਤੋਂ ਨਹੀਂ ਹੋਇਆ। ਮਹੰਤ—ਮਹਾਂਤ, ਸਭ ਤੋਂ ਵੱਡਾ।

***ਅਰਥ :*** (ਹੇ ਪ੍ਰਭੂ!) ਤੂੰ ਜਲ ਵਿਚ, ਧਰਤੀ ਉਤੇ (ਹਰ ਥਾਂ) ਹੈਂ, ਤੈਨੂੰ ਕਿਸੇ ਸਜਾਵਟ ਦੀ ਲੋੜ ਨਹੀਂ; ਤੂੰ ਹਰ ਪਾਸੇ ਤੇ ਹਰ ਨੁੱਕਰੇ ਮੌਜੂਦ ਹੈਂ, ਤੂੰ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ। ਹੇ ਪ੍ਰਭੂ! ਤੂੰ ਜਲ ਵਿਚ, ਧਰਤੀ ਉਤੇ (ਹਰ ਥਾਂ) ਹੈਂ, ਤੂੰ ਸਭ ਤੋਂ ਵੱਡਾ ਹੈਂ, ਹਰ ਪਾਸੇ, ਹਰ ਨੁੱਕਰੇ ਤੂੰ ਮੌਜੂਦ ਹੈਂ, ਅਤੇ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ॥੧੬੫॥

**ਅਨੁਭਵ ਅਨਾਸ ॥ ਧ੍ਰਿਤਿ ਧਰ ਧੁਰਾਸ ॥**
**ਆਜਾਨ ਬਾਹ ॥ ਏਕੈ ਸਦਾਹੁ ॥੧੬੬॥**

***ਪਦ ਅਰਥ :*** ਅਨੁਭਵ—(ਵੇਖੋ ਨੰ: ੧੬੩) ਆਪਣੇ ਆਪ ਤੋਂ ਪ੍ਰਾਪਤ ਹੋਇਆ ਗਿਆਨ। ਧ੍ਰਿਤਿ—ਧਰਤੀ। ਧਰ ਧੁਰਾਸ—[ਸੰ: ਧੁਰੰਧਰ, chief, head pre-eminent] ਸਰਦਾਰ, ਧੁਰੰਧਰ। ਆਜਾਨ—(ਵੇਖੋ ਨੰ: ੮੮) ਪੈਦਾ ਕਰਨ ਦਾ ਵਸੀਲਾ, ਜਗਤ-ਰਚਨਾ ਦਾ ਮੁੱਢ। ਬਾਹ—ਵਾਹ, ਲੈ ਜਾਣ ਵਾਲਾ, ਰੱਖਣ ਵਾਲਾ। ਆਜਾਨ ਬਾਹ—ਉਹ ਜੋ ਜਗਤ-ਰਚਨਾ ਦੇ ਵਸੀਲਿਆਂ ਨੂੰ ਆਪਣੇ ਵੱਸ ਵਿਚ ਰੱਖਦਾ ਹੈ।

***ਅਰਥ :*** ਹੇ ਅਬਿਨਾਸ਼ੀ ਪ੍ਰਭੂ! (ਤੈਨੂੰ ਗਿਆਨ ਵਾਸਤੇ ਕਿਸੇ ਦੀ ਮੁਥਾਜੀ ਨਹੀਂ) ਤੂੰ ਆਪ ਗਿਆਨ-ਰੂਪ ਹੈਂ ਅਤੇ ਧਰਤੀ ਦਾ ਸਰਦਾਰ ਹੈਂ, ਜਗਤ-ਰਚਨਾ

ਦੇ ਸਭ ਵਸੀਲੇ ਤੇਰੇ ਆਪਣੇ ਵੱਸ ਵਿਚ ਹਨ; ਤੂੰ ਸਦਾ ਇਕ ਆਪ ਹੀ ਆਪ ਹੈਂ ॥੧੬੬॥

**ਓਅੰਕਾਰ ਆਦਿ ॥ ਕਥਨੀ ਅਨਾਦਿ ॥**
**ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥੧੬੭॥**

***ਪਦ ਅਰਥ :*** ਓਅੰ—ਪਰਮਾਤਮਾ (ਵੇਖੋ ਨੰ: ੧੨੮)। ਓਅੰਕਾਰ—ਹਰ ਥਾਂ ਇਕ-ਰਸ ਵਿਆਪਕ ਪ੍ਰਭੂ। ਕਾਰ—(ਸੰ: ਕਾਰ) ਸੰਸਕ੍ਰਿਤ ਦਾ ਇਕ 'ਪਿਛੇਤਰ' ਹੈ। ਆਮ ਤੌਰ ਤੇ ਇਹ 'ਨਾਂਵ' (noun) ਦੇ ਅਖ਼ੀਰ ਤੇ ਵਰਤਿਆ ਜਾਂਦਾ ਹੈ। ਇਸ ਦਾ ਅਰਥ ਹੈ ਇਕ-ਰਸ, ਜਿਸ ਵਿਚ ਤਬਦੀਲੀ ਨਾ ਆਵੇ। [ਇਸ ਨੂੰ ਵਧੀਕ ਸਮਝਣ ਵਾਸਤੇ, ਵੇਖੋ ਮੇਰਾ 'ਜਪੁਜੀ ਸਟੀਕ' ਪੰਨਾ ੩੭ ਤੋਂ ੩੯]। ਕਥਨੀ—ਕਥਨੀ ਨਾਲ, ਬਿਆਨ ਕਰਨ ਦਾ ਜਤਨ ਕੀਤਿਆਂ। ਖਲ—ਦੁਸ਼ਟ। ਖੰਡ—ਨਾਸ। ਖਿਆਲ—ਫੁਰਨਾ। ਗੁਰ ਬਰ—ਸਭ ਤੋਂ ਵੱਡਾ (ਲਫ਼ਜ਼ 'ਵਰ' ਜਦੋਂ ਕਿਸੇ 'ਸਮਾਸ' ਦੇ ਅੰਤ ਵਿਚ ਵਰਤਿਆ ਜਾਏ ਤਾਂ ਇਸ ਦਾ ਅਰਥ ਹੁੰਦਾ ਹੈ 'ਚੋਣਵਾਂ, ਵਧੀਆ')। ਬਰ—ਵਰ।

***ਅਰਥ :*** ਹੇ ਪ੍ਰਭੂ ! ਤੂੰ ਹਰ ਥਾਂ ਇਕ-ਰਸ ਵਿਆਪਕ ਹੈਂ, (ਸਾਰੇ ਜਗਤ ਦਾ) ਮੂਲ ਹੈਂ, ਬਿਆਨ ਕਰਨ ਦੇ ਜਤਨ ਕੀਤਿਆਂ ਭੀ ਤੇਰਾ 'ਆਦਿ' ਨਹੀਂ ਲੱਭ ਸਕਦਾ। ਹੇ ਪ੍ਰਭੂ ! ਤੂੰ ਇਕ ਫੁਰਨੇ ਵਿਚ ਦੁਸ਼ਟਾਂ ਦਾ ਨਾਸ ਕਰ ਸਕਦਾ ਹੈਂ, ਤੂੰ ਸਭ ਤੋਂ ਵੱਡਾ ਹੈਂ ਤੇ ਮੌਤ-ਰਹਿਤ ਹੈਂ ॥੧੬੭॥

**ਘਰਿ ਘਰਿ ਪ੍ਰਣਾਮ ॥ ਚਿਤਿ ਚਰਨ ਨਾਮੁ ॥**
**ਆਛਿਜ ਗਾਤ ॥ ਆਜਿਜ਼ ਨ ਬਾਤ ॥੧੬੮॥**

***ਪਦ ਅਰਥ :*** ਚਿਤਿ—ਚਿਤ ਵਿਚ। ਆਛਿਜ (ਵੇਖੋ ਨੰ: ੧੦੩) ਅਛਿੱਜ, ਪੁਰਾਣਾ ਨਾ ਹੋਣ ਵਾਲਾ। ਗਾਤ—ਸਰੀਰ। ਆਜਿਜ਼—ਮੁਥਾਜ। ਨ ਬਾਤ—ਨਹੀਂ ਕਿਸੇ ਗੱਲੇ।

***ਅਰਥ :*** ਹੇ ਪ੍ਰਭੂ ! ਘਰ ਘਰ ਵਿਚ ਜੀਵ ਤੈਨੂੰ ਨਮਸਕਾਰ ਕਰਦੇ ਹਨ, ਜੀਵਾਂ ਦੇ ਚਿਤ ਵਿਚ ਤੇਰੇ ਚਰਨ ਅਤੇ ਤੇਰਾ ਨਾਮ ਵੱਸ ਰਹੇ ਹਨ। ਹੇ ਪ੍ਰਭੂ ! ਤੇਰਾ ਸਰੀਰ ਕਦੇ ਪੁਰਾਣਾ ਹੋਣ ਵਾਲਾ ਨਹੀਂ ਅਤੇ ਤੂੰ ਕਿਸੇ ਗੱਲੇ ਕਿਸੇ ਦਾ ਮੁਥਾਜ ਨਹੀਂ ॥੧੬੮॥

ਅਨਝੰਜ ਗਾਤ ॥ ਅਨਰੰਜ ਬਾਤ ॥
ਅਨਟੁਟ ਭੰਡਾਰ ॥ ਅਨਠਟ ਅਪਾਰ ॥੧੬੯॥

**ਪਦ ਅਰਥ :** ਝੰਜ—ਝਗੜਾ, ਬਖੇੜਾ। ਗਾਤ—ਸਰੀਰ, ਹਸਤੀ, ਸਰੂਪ। ਅਨਰੰਜ—ਰੰਜ-ਰਹਿਤ। ਬਾਤ—ਗੱਲਾਂ। ਅਨਟੁਟ—ਅਤੁੱਟ, ਨਾ ਮੁੱਕਣ ਵਾਲੇ। ਅਨਠਟ—ਥਾਪਣ ਤੋਂ ਰਹਿਤ।

**ਅਰਥ :** ਹੇ ਪ੍ਰਭੂ ! ਤੇਰੀ ਹਸਤੀ ਝਗੜੇ-ਬਖੇੜਿਆਂ ਤੋਂ ਉਤਾਂਹ ਹੈ, ਤੂੰ (ਜੀਵਾਂ ਦੀ ਕਿਸੇ) ਗੱਲ 'ਤੇ ਗੁੱਸੇ ਨਹੀਂ ਹੁੰਦਾ (ਤਾਹੀਏਂ ਜੀਵਾਂ ਲਈ) ਤੇਰੇ ਕਦੇ ਨਾ ਮੁੱਕਣ ਵਾਲੇ ਭੰਡਾਰ ਖੁਲ੍ਹੇ ਪਏ ਹਨ। ਤੈਨੂੰ ਕੋਈ ਮੂਰਤੀ ਵਾਂਗ (ਮੰਦਰਾਂ ਵਿਚ) ਥਾਪ ਨਹੀਂ ਸਕਦਾ, ਤੂੰ ਬੇਅੰਤ ਹੈਂ ॥੧੬੯॥

ਆਡੀਠ ਧਰਮ ॥ ਅਤਿ ਢੀਠ ਕਰਮ ॥
ਅਣਬ੍ਰਣ ਅਨੰਤ ॥ ਦਾਤਾ ਮਹੰਤ ॥੧੭੦॥

**ਪਦ ਅਰਥ :** ਆਡੀਠ—ਅਡੀਠ, ਅਡਿੱਠ [ਸੰ: ਅਦ੍ਰਿਸ਼ unforeseen, not observed or thought of ] ਜੋ ਕਿਤੇ ਵੇਖਣ ਵਿਚ ਨਹੀਂ ਆਇਆ। ਧਰਮ—(ਵੇਖੋ ਨੰ: ੯੩) ਫ਼ਰਜ਼-ਸ਼ਿਨਾਸੀ। ਢੀਠ—(bold, courageous, confident) ਦਲੇਰ, ਸਾਹਸ ਵਾਲਾ, ਸਾਹਸੀ। ਬ੍ਰਣ—ਜ਼ਖ਼ਮ, ਚੋਟ। ਅਣ-ਬ੍ਰਣ—ਜੋ ਜ਼ਖ਼ਮੀ ਨਾ ਕੀਤਾ ਜਾ ਸਕੇ, ਜਿਸ ਉਤੇ ਚੋਟ ਨਾ ਚਲਾਈ ਜਾ ਸਕੇ। ਮਹੰਤ—ਮਹਾਂਤ, ਸਭ ਤੋਂ ਵੱਡਾ।

**ਅਰਥ :** ਹੇ ਪ੍ਰਭੂ ! ਤੇਰੀ ਫ਼ਰਜ਼-ਸ਼ਿਨਾਸੀ ਕਿਸੇ ਹੋਰ ਥਾਂ ਵੇਖਣ ਵਿਚ ਨਹੀਂ ਆਉਂਦੀ, ਤੇਰੇ ਸਾਰੇ ਕੰਮ ਬੜੇ ਸਾਹਸ-ਭਰੇ ਹਨ (ਭਾਵ, ਤੂੰ ਜਗਤ-ਮਰਯਾਦਾ ਨੂੰ ਚਲਾਣ ਦਾ ਫ਼ਰਜ਼ ਇਤਨੇ ਗਹੁ ਨਾਲ ਪੂਰਾ ਕਰ ਰਿਹਾ ਹੈਂ ਕਿ ਇਸ ਦੀ ਮਿਸਾਲ ਨਹੀਂ ਮਿਲਦੀ, ਅਤੇ ਇਹ ਸਾਰਾ ਕੰਮ ਕਰਦਾ ਭੀ ਸਾਹਸ ਉਤਸ਼ਾਹ ਨਾਲ ਹੈਂ, ਬੱਧਾ ਰੁੱਧਾ ਨਹੀਂ)। ਹੇ ਪ੍ਰਭੂ ! ਤੇਰੇ ਉਤੇ ਕੋਈ ਚੋਟ ਨਹੀਂ ਚਲਾ ਸਕਦਾ, ਤੂੰ ਬੇਅੰਤ ਹੈਂ, (ਸਭ ਨੂੰ ਦਾਤਾਂ) ਦੇਣ ਵਾਲਾ ਹੈਂ ਅਤੇ ਸਭ ਤੋਂ ਵੱਡਾ ਹੈਂ ॥੧੭੦॥

ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥
ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥
ਖਲਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥

**ਪਦ ਅਰਥ :** ਕਰੁਣਾ—ਤਰਸ। ਆਲਯ—ਘਰ। ਅਰਿ—ਵੈਰੀ। ਘਾਲਯ—ਨਾਸ ਕਰਨ ਵਾਲਾ। ਖਲ—ਦੁਸ਼ਟ। ਖੰਡਨ—ਨਾਸ ਕਰਨ ਵਾਲਾ। ਮਹਿ—ਧਰਤੀ। ਮੰਡਨ—ਸਜਾਵਟ। ਮੰਡ—ਸਜਾਣਾ।

**ਅਰਥ :** (ਹੇ ਪ੍ਰਭੂ!) ਤੂੰ ਤਰਸ ਦਾ ਘਰ ਹੈਂ, ਵੈਰੀਆਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈਂ (ਅਤੇ) ਧਰਤੀ ਨੂੰ ਸਜਾਉਣ ਵਾਲਾ ਹੈਂ ॥੧੭੧॥

**ਜਗਤੇਸੁਰ ਹੈਂ ॥ ਪਰਮੇਸੁਰ ਹੈਂ ॥**
**ਕਲਿ ਕਾਰਨ ਹੈਂ ॥ ਸਰਬ ਉਬਾਰਨ ਹੈਂ ॥੧੭੨॥**

**ਪਦ ਅਰਥ :** ਜਗਤੇਸੁਰ—ਜਗਤ+ਈਸੁਰ, ਜਗਤ ਦਾ ਮਾਲਕ। ਪਰਮੇਸੁਰ—ਪਰਮ+ਈਸੁਰ, ਸਭ ਤੋਂ ਵੱਡਾ ਮਾਲਕ। ਕਲਿ—ਜੰਗ, ਜੁੱਧ। ਸਰਬ—ਸਾਰੇ। ਕਾਰਨ—ਮੂਲ, ਰਚਾਣ ਵਾਲਾ।

**ਅਰਥ :** (ਹੇ ਪ੍ਰਭੂ!) ਤੂੰ ਜਗਤ ਦਾ ਮਾਲਕ ਹੈਂ (ਅਤੇ) ਸਭ ਤੋਂ ਵੱਡਾ ਮਾਲਕ ਹੈਂ। ਤੂੰ ਜੁੱਧ ਰਚਾਣ ਵਾਲਾ (ਭੀ ਆਪ) ਹੈਂ ਅਤੇ (ਜੁੱਧਾਂ ਵਿਚ) ਸਭ ਨੂੰ ਬਚਾਣ ਵਾਲਾ (ਭੀ ਆਪ) ਹੈਂ ॥੧੭੨॥

**ਧ੍ਰਿਤ ਕੇ ਧਰਨ ਹੈਂ ॥ ਜਗ ਕੇ ਕਰਨ ਹੈਂ ॥**
**ਮਨਿ ਮਾਨਿਯ ਹੈਂ ॥ ਜਗਿ ਜਾਨਿਯ ਹੈਂ ॥੧੭੩॥**

**ਪਦ ਅਰਥ :** ਧ੍ਰਿਤ—ਧਰਤੀ। ਧਰਨ—ਆਸਰਾ। ਮਨਿ—ਮਨ ਵਿਚ। ਮਾਨਿਯ—ਮੰਨਣ-ਯੋਗ। ਜਗਿ—ਜਗਤ ਵਿਚ। ਜਾਨਿਯ—ਜਾਣਨ-ਯੋਗ।

**ਅਰਥ :** (ਹੇ ਪ੍ਰਭੂ!) ਤੂੰ ਧਰਤੀ ਦਾ ਆਸਰਾ ਹੈਂ, (ਤੇ) ਜਗਤ ਦਾ ਬਣਾਣ ਵਾਲਾ ਹੈਂ। (ਤੂੰ ਹੀ ਜੀਵਾਂ ਦੇ) ਮਨ ਵਿਚ ਮੰਨਣ-ਯੋਗ ਹੈਂ (ਅਤੇ) ਜਗਤ ਵਿਚ ਤੂੰ ਹੀ (ਸਭ ਦੇ) ਜਾਣਨ-ਯੋਗ ਹੈਂ (ਭਾਵ, ਜਗਤ ਦੇ ਜੀਵ ਆਪਣੇ ਮਨਾਂ ਵਿਚ ਤੈਨੂੰ ਹੀ ਨਮਸਕਾਰ ਕਰਦੇ ਹਨ ਤੇ ਤੈਨੂੰ ਹੀ ਜਾਣਨ ਦਾ ਜਤਨ ਕਰਦੇ ਹਨ) ॥੧੭੩॥

**ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥**
**ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥੧੭੪॥**

**ਪਦ ਅਰਥ :** ਭਰ—ਪਾਲਣ ਵਾਲਾ। ਕਰ—ਪੈਦਾ ਕਰਨ ਵਾਲਾ। ਪਾਸਿਯ—ਪਾਸ, ਨੇੜੇ। ਨਾਸਿਯ—ਨਾਸ ਕਰਨ ਵਾਲਾ।

**ਅਰਥ :** (ਹੇ ਪ੍ਰਭੂ !) ਤੂੰ ਸਭ ਨੂੰ ਪਾਲਣ ਵਾਲਾ ਤੇ ਪੈਦਾ ਕਰਨ ਵਾਲਾ ਹੈਂ। ਤੂੰ ਸਭ ਜੀਵਾਂ ਦੇ ਨੇੜੇ (ਵੱਸ ਰਿਹਾ) ਹੈਂ (ਅਤੇ) ਸਭ ਦਾ ਨਾਸ ਕਰਨ ਵਾਲਾ ਹੈਂ ॥੧੭੪॥

**ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥**
**ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥੧੭੫॥**

**ਪਦ ਅਰਥ :** ਕਰੁਣਾਕਰ—ਕਰੁਣਾ+ਆਕਰ। ਆਕਰ—ਖਾਣ, ਸੋਮਾ। ਬਿਸ੍ਵੰ—ਸਾਰੇ ਜਗਤ ਨੂੰ। ਸਰਬੇਸ੍ਵਰ—ਸਰਬ+ਈਸ਼੍ਵਰ।

**ਅਰਥ :** (ਹੇ ਪ੍ਰਭੂ !) ਤੂੰ ਤਰਸ ਦਾ ਸੋਮਾ ਹੈਂ, ਸਾਰੇ ਜਗਤ ਨੂੰ ਪਾਲਣ ਵਾਲਾ ਹੈਂ, ਸਭ ਦਾ ਮਾਲਕ ਹੈਂ, ਸਾਰੇ ਜਗਤ ਦਾ ਮਾਲਕ ਹੈਂ ॥੧੭੫॥

**ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥**
**ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥੧੭੬॥**

**ਪਦ ਅਰਥ :** ਬ੍ਰਹਮੰਡਸ—ਬ੍ਰਹਮੰਡੱਸ, ਬ੍ਰਹਮੰਡਸਜ, ਬ੍ਰਹਿਮੰਡ ਦਾ (ਮਾਲਕ)। ਖਲ—ਦੁਸ਼ਟ। ਖੰਡਸ—ਟੋਟੇ, ਟੁਕੜੇ (ਕਰਨ ਵਾਲਾ)। ਕਰੁਣਾਕਰ—ਕਰੁਣਾ+ਆਕਰ, ਤਰਸ ਦਾ ਸੋਮਾ। ਪਰ—(highest) ਵੱਡਾ।

**ਅਰਥ :** ਹੇ ਪ੍ਰਭੂ ! ਤੂੰ ਸਾਰੇ ਜਗਤ ਦਾ (ਮਾਲਕ) ਹੈਂ (ਤੇ) ਦੁਸ਼ਟਾਂ ਦੇ ਟੋਟੇ ਕਰਨ ਵਾਲਾ ਹੈਂ। ਹੇ ਪ੍ਰਭੂ ! ਤੂੰ ਵੱਡਿਆਂ ਤੋਂ ਵੱਡਾ ਹੈਂ (ਅਤੇ) ਤਰਸ ਦਾ ਸੋਮਾ ਹੈਂ ॥੧੭੬॥

**ਅਜਪਾਜਪ ਹੈਂ ॥ ਅਥਪਾਥਪ ਹੈਂ ॥**
**ਅਕ੍ਰਿਤਾਕ੍ਰਿਤਿ ਹੈਂ ॥ ਅਮ੍ਰਿਤਾਮ੍ਰਿਤ ਹੈਂ ॥੧੭੭॥**

**ਪਦ ਅਰਥ :** ਅਜਪਾਜਪ—ਅਜਪ+ਅਜਪ। ਜਪ—ਹੌਲੇ ਹੌਲੇ ਸੁਰ ਨਾਲ ਧਾਰਮਿਕ ਪੁਸਤਕਾਂ ਦੇ ਮੰਤ੍ਰ ਉਚਾਰਨੇ। ਅਜਪ—ਅ+ਜਪ, ਜਪਾਂ ਦੀ ਪਹੁੰਚ ਤੋਂ ਪਰੇ, ਜੋ 'ਜਪਾਂ' ਨਾਲ ਵੱਸ ਵਿਚ ਨਾ ਆ ਸਕੇ। ਅਥਪਾਥਪ—ਅਥਪ+ਅਥਪ।

ਥਪ—ਥਾਪ, ਮੂਰਤੀ ਨੂੰ ਮੰਦਰ ਵਿਚ ਪੂਜਾ ਲਈ ਟਿਕਾਣਾ। ਅਥਪ—ਅ+ਥਪ, ਜੋ ਮੂਰਤੀ ਵਾਂਗ ਮੰਦਰ ਵਿਚ ਟਿਕਾਇਆ ਨਾ ਜਾ ਸਕੇ। ਅਕ੍ਰਿਤਾਕ੍ਰਿਤਿ—ਅਕ੍ਰਿਤ+ਆਕ੍ਰਿਤ। ਕ੍ਰਿਤ—ਕੀਤਾ ਹੋਇਆ, ਬਣਾਇਆ ਹੋਇਆ। ਅਕ੍ਰਿਤ—ਨਾ ਰਚਿਆ ਹੋਇਆ। ਆਕ੍ਰਿਤਿ—ਸਰੂਪ, ਸ਼ਕਲ, ਮੂਰਤੀ। ਅਕ੍ਰਿਤਾਕ੍ਰਿਤ—ਜਿਸ ਦੀ ਮੂਰਤੀ ਬਣਾਈ ਨਾ ਜਾ ਸਕੇ। ਅਮ੍ਰਿਤਾਮ੍ਰਿਤ—ਅਮ੍ਰਿਤ+ਅਮ੍ਰਿਤ। ਅਮ੍ਰਿਤ—ਨਾ ਮਰਨ ਵਾਲਾ।

***ਅਰਥ :*** ਹੇ ਪ੍ਰਭੂ! (ਲੋਕ ਮੰਤ੍ਰਾਂ ਦੇ ਜ਼ੋਰ ਦੇਵਤਿਆਂ ਨੂੰ ਵੱਸ ਵਿਚ ਲਿਆਉਂਦੇ ਹਨ, ਪਰ ਤੂੰ) ਮੰਤ੍ਰਾਂ ਦੀ ਪਹੁੰਚ ਤੋਂ ਪਰੇ ਹੈਂ ਤੇ ਨਾ ਹੀ ਤੈਨੂੰ (ਦੇਵਤਿਆਂ ਦੀਆਂ ਮੂਰਤੀਆਂ ਵਾਂਗ ਕਿਸੇ ਮੰਦਰ ਵਿਚ) ਟਿਕਾਇਆ ਜਾ ਸਕਦਾ ਹੈ; (ਕਿਉਂਕਿ) ਤੇਰੀ ਮੂਰਤੀ (ਐਸੀ ਹੈ ਜੋ) ਘੜੀ ਨਹੀਂ ਜਾ ਸਕਦੀ, (ਅਤੇ) ਤੂੰ ਸਦਾ ਅਮਰ ਹੈਂ॥੧੭੭॥

**ਅਮ੍ਰਿਤਾਮ੍ਰਿਤ ਹੈਂ॥ ਕਰੁਣਾਕ੍ਰਿਤਿ ਹੈਂ॥**
**ਅਕ੍ਰਿਤਾਕ੍ਰਿਤਿ ਹੈਂ॥ ਧਰਣੀ ਧ੍ਰਿਤਿ ਹੈਂ॥੧੭੮॥**

***ਪਦ ਅਰਥ :*** ਅਮ੍ਰਿਤਾਮ੍ਰਿਤ—ਅਮ੍ਰਿਤ+ਅਮ੍ਰਿਤ, ਸਦਾ ਅਮਰ। ਕਰੁਣਾਕ੍ਰਿਤ—ਕਰੁਣਾ+ਆਕ੍ਰਿਤ, ਤਰਸ ਦੀ ਮੂਰਤੀ। ਅਕ੍ਰਿਤਾਕ੍ਰਿਤ—ਅਕ੍ਰਿਤ+ਆਕ੍ਰਿਤ। ਧਰਣੀ—ਧਰਤੀ। ਧ੍ਰਿਤਿ—ਆਸਰਾ।

***ਅਰਥ :*** ਹੇ ਪ੍ਰਭੂ! ਤੂੰ ਸਦਾ ਅਮਰ ਹੈਂ (ਤੇ) ਤਰਸ ਦੀ ਮੂਰਤੀ ਹੈਂ। ਹੇ ਪ੍ਰਭੂ! (ਕੋਈ ਬੰਦਾ) ਤੇਰੀ ਮੂਰਤੀ ਘੜ ਨਹੀਂ ਸਕਿਆ, ਤੂੰ ਧਰਤੀ ਦਾ ਆਸਰਾ ਹੈਂ॥੧੭੮॥

**ਅਮਿਤੇਸੁਰ ਹੈਂ॥ ਪਰਮੇਸੁਰ ਹੈਂ॥**
**ਅਕ੍ਰਿਤਾਕ੍ਰਿਤਿ ਹੈਂ॥ ਅਮ੍ਰਿਤਾਮ੍ਰਿਤਿ ਹੈਂ॥੧੭੯॥**

***ਪਦ ਅਰਥ :*** ਅਮਿਤੇਸੁਰ—ਅਮਿਤ+ਈਸ਼੍ਵਰ। ਮਿਤਿ—ਮਿਣਿਆ ਹੋਇਆ। ਅਮਿਤ—ਜੋ ਮਿਣਿਆ ਨਾ ਜਾ ਸਕੇ (ਮਾ—ਮਿਣਨਾ)।

***ਅਰਥ :*** ਹੇ ਪ੍ਰਭੂ! ਤੂੰ (ਅਜਿਹਾ) ਮਾਲਕ ਹੈਂ (ਕਿ ਤੇਰੀ ਤਾਕਤ) ਮਿਣੀ ਨਹੀਂ ਜਾ ਸਕਦੀ; ਤੂੰ ਸਭ ਤੋਂ ਵੱਡਾ ਮਾਲਕ ਹੈਂ। ਹੇ ਪ੍ਰਭੂ! ਕੋਈ ਤੇਰੀ ਮੂਰਤੀ ਘੜ ਨਹੀਂ ਸਕਦਾ, ਤੂੰ ਸਦਾ ਹੀ ਅਮਰ ਹੈਂ॥੧੭੯॥

**ਅਜਬਾਕ੍ਰਿਤਿ ਹੈਂ॥ ਅਮ੍ਰਿਤਾਮ੍ਰਿਤ ਹੈਂ॥**
**ਨਰ ਨਾਇਕ ਹੈਂ॥ ਖਲ ਘਾਇਕ ਹੈਂ॥੧੮੦॥**

***ਪਦ ਅਰਥ :*** ਅਜਬਾਕ੍ਰਿਤਿ—ਅਜਬ+ਆਕ੍ਰਿਤ। ਅਜਬ—ਅਚਰਜ। ਆਕ੍ਰਿਤ—ਸਰੂਪ, ਮੂਰਤੀ। ਨਾਇਕ—ਆਗੂ, ਸਰਦਾਰ, ਮਾਲਕ, ਪ੍ਰੇਰਿਕ। ਨਰ—ਮਨੁੱਖ। ਖਲ—ਦੁਸ਼ਟ। ਘਾਇਕ—ਨਾਸ ਕਰਨ ਵਾਲਾ।

***ਅਰਥ :*** ਹੇ ਪ੍ਰਭੂ! ਤੇਰਾ ਅਚਰਜ ਸਰੂਪ ਹੈ, ਤੂੰ ਸਦਾ ਹੀ ਅਮੀਰ ਹੈਂ। ਤੂੰ ਮਨੁੱਖਾਂ ਦਾ ਮਾਲਕ ਹੈਂ ਤੇ ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈਂ॥੧੮੦॥

**ਬਿਸੰਭਰ ਹੈਂ॥ ਕਰੁਣਾਲਯ ਹੈਂ॥**
**ਨ੍ਰਿਪ ਨਾਇਕ ਹੈਂ॥ ਸਰਬ ਪਾਇਕ ਹੈਂ॥੧੮੧॥**

***ਪਦ ਅਰਥ :*** ਬਿਸ੍ਵ—ਜਗਤ। ਭਰ—ਪਾਲਣ ਵਾਲਾ। ਕਰੁਣਾਲਯ—ਕਰੁਣਾ+ਆਲਯ, ਤਰਸ ਦਾ ਘਰ। ਨ੍ਰਿਪ—ਰਾਜਾ। ਨਾਇਕ—ਮਾਲਕ। ਪਾਇਕ—ਰੱਖਿਆ ਕਰਨ ਵਾਲਾ (ਪਾ—ਰੱਖਿਆ ਕਰਨਾ)।

***ਅਰਥ :*** ਹੇ ਪ੍ਰਭੂ! ਤੂੰ ਸਾਰੇ ਜਗਤ ਨੂੰ ਪਾਲਣ ਵਾਲਾ ਹੈਂ, (ਤੇ) ਤਰਸ ਦਾ ਘਰ ਹੈਂ। ਤੂੰ ਰਾਜਿਆਂ ਦਾ (ਭੀ) ਮਾਲਕ ਹੈਂ, ਸਭ ਦੀ ਰੱਖਿਆ ਕਰਨ ਵਾਲਾ ਹੈਂ॥੧੮੧॥

**ਭਵ ਭੰਜਨ ਹੈਂ॥ ਅਰਿ ਗੰਜਨ ਹੈਂ॥**
**ਰਿਪੁ ਤਾਪਨ ਹੈਂ॥ ਜਪ ਜਾਪਨ ਹੈਂ॥੧੮੨॥**

***ਪਦ ਅਰਥ :*** ਭਵ—ਜਨਮ, ਦੁਨਿਆਵੀ ਜੀਵਨ। ਭੰਜਨ—ਨਾਸ ਕਰਨਾ। ਅਰਿ—ਵੈਰੀ। ਗੰਜਨ—ਜਿੱਤਣਾ, ਹਾਰ ਦੇਣੀ। ਰਿਪੁ—ਵੈਰੀ। ਜਾਪਨ—ਜਪਾਣ ਵਾਲਾ।

***ਅਰਥ :*** ਹੇ ਪ੍ਰਭੂ! ਤੂੰ ਜਨਮਾਂ (ਦੇ ਗੇੜ) ਤੋਂ ਬਚਾਣ ਵਾਲਾ ਹੈਂ, ਤੇ ਵੈਰੀਆਂ ਨੂੰ ਜਿੱਤਣ ਵਾਲਾ ਹੈਂ। ਤੂੰ ਵੈਰੀਆਂ ਨੂੰ ਤਪਾਉਣ ਵਾਲਾ ਹੈਂ ਤੇ ਆਪਣਾ ਜਾਪ ਆਪ ਜਪਾਉਂਦਾ ਹੈਂ॥੧੮੨॥

**ਅਕਲੰਕਿਤ ਹੈਂ॥ ਸਰਬਾਕ੍ਰਿਤਿ ਹੈਂ॥**
**ਕਰਤਾ ਕਰ ਹੈਂ॥ ਹਰਤਾ ਹਰ ਹੈਂ॥੧੮੩॥**

**ਪਦ ਅਰਥ :** ਅਕਲੰਕਿਤ—ਅ+ਕਲੰਕਿਤ, ਜੋ ਕਲੰਕਿਤ ਨਹੀਂ ਹੈ। ਕਲੰਕ—ਦਾਗ, ਦੋਸ਼, ਧੱਬਾ। ਕਲੰਕਿਤ—ਦਾਗੀ, ਦੋਸ਼ੀ। ਸਰਬਾਕ੍ਰਿਤਿ—ਸਰਬ+ਆਕ੍ਰਿਤਿ। ਸਰਬ—ਮੁਕੰਮਲ, ਸੰਪੂਰਨ। ਆਕ੍ਰਿਤ—ਸਰੂਪ, ਮੂਰਤੀ। ਕਰਤਾ—ਪੈਦਾ ਕਰਨ ਵਾਲਾ, ਬ੍ਰਹਮਾ [ਕਈ ਮਨੁੱਖਾਂ ਦਾ ਮੱਤ ਹੈ ਕਿ ਸ੍ਰਿਸ਼ਟੀ ਨੂੰ ਬ੍ਰਹਮਾ ਨੇ ਰਚਿਆ]। ਹਰਤਾ—ਨਾਸ ਕਰਨ ਵਾਲਾ, ਸ਼ਿਵ [ਸ਼ਿਵ ਨੂੰ ਜਗਤ ਦਾ ਨਾਸ ਕਰਨ ਵਾਲਾ ਦੇਵਤਾ ਸਮਝਿਆ ਜਾਂਦਾ ਹੈ]। ਹਰ—ਨਾਸ ਕਰਨ ਵਾਲਾ।

**ਅਰਥ :** ਹੇ ਪ੍ਰਭੂ ! ਤੇਰੇ (ਸਰੂਪ) ਵਿਚ ਕੋਈ ਕਲੰਕ ਨਹੀਂ ਲੱਭ ਸਕਦਾ, (ਕਿਉਂਕਿ) ਤੇਰਾ ਸਰੂਪ ਮੁਕੰਮਲ ਹੈ। ਤੂੰ ਬ੍ਰਹਮਾ (ਆਦਿਕ) ਦਾ ਭੀ ਪੈਦਾ ਕਰਨ ਵਾਲਾ ਹੈਂ, (ਅਤੇ) ਸ਼ਿਵ (ਆਦਿਕ) ਦਾ ਭੀ ਨਾਸ ਕਰਨ ਵਾਲਾ ਹੈਂ ॥੧੮੩॥

**ਪਰਮਾਤਮ ਹੈਂ ॥ ਸਰਬਾਤਮ ਹੈਂ ॥**
**ਆਤਮ ਬਸਿ ਹੈਂ ॥ ਜਸ ਕੇ ਜਸ ਹੈਂ ॥੧੮੪॥**

**ਪਦ ਅਰਥ :** ਪਰਮ—ਸਭ ਤੋਂ ਉੱਚਾ। ਸਰਬਾਤਮ—ਸਰਬ+ਆਤਮ, ਸਾਰਿਆਂ ਦਾ ਆਤਮਾ। ਆਤਮ—ਆਪਾ, ਆਪਣਾ ਆਪ। ਬਸਿ—ਵੱਸ ਵਿਚ, ਅਧੀਨ। ਜਸ—ਜੈਸਾ, ਜਿਹੋ ਜਿਹਾ।

**ਅਰਥ :** ਤੂੰ ਸਭ ਤੋਂ ਉੱਚੀ ਆਤਮਾ ਵਾਲਾ ਹੈਂ, ਸਭ ਜੀਵਾਂ ਦੀ ਆਤਮਾ ਤੂੰ ਆਪ ਹੀ ਹੈਂ। ਤੂੰ ਆਪਣੇ ਆਪ ਦੇ ਵੱਸ ਵਿਚ ਹੈਂ (ਕਿਉਂਕਿ) ਜਿਹੋ ਜਿਹਾ ਤੂੰ ਹੈਂ ਉਹੋ ਜਿਹਾ ਤੂੰ ਆਪ ਹੀ ਹੈਂ ॥੧੮੪॥

**ਭੁਯੰਗ ਪ੍ਰਯਾਤ ਛੰਦ ॥**

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥**
**ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥**
**ਨਮੋ ਅੰਧਕਾਰੇ ਨਮੋ ਤੇਜ ਤੇਜੇ ॥**
**ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥੧੮੫॥**

**ਪਦ ਅਰਥ :** ਸੂਰਜ ਸੂਰਜੇ—ਸੂਰਜਾਂ ਦਾ ਸੂਰਜ, ਸੂਰਜ ਨੂੰ ਜਲਾਲ (ਤੇਜ, ਪ੍ਰਕਾਸ਼) ਦੇਣ ਵਾਲਾ। ਚੰਦ੍ਰ ਚੰਦ੍ਰੇ—ਚੰਦ੍ਰਮਾ ਨੂੰ ਸੀਤਲ ਚਾਨਣੀ ਦੇਣ ਵਾਲਾ। ਇੰਦ੍ਰ—ਰਾਜਾ, ਦੇਵਤਿਆਂ ਦਾ ਰਾਜਾ। ਅੰਧਕਾਰ—ਘੁੱਪ ਹਨੇਰਾ। ਤੇਜ ਤੇਜ—ਮਹਾਨ ਚਮਕ ਵਾਲਾ ਤੇਜ। ਤੇਜ—ਪ੍ਰਕਾਸ਼। ਬ੍ਰਿੰਦ—ਸਮੂੰਹ, ਬਹੁਤਿਆਂ

ਦਾ ਇਕੱਠ, ਲੋਕਾਂ ਦਾ ਮੇਲਾ। ਬ੍ਰਿੰਦ ਬ੍ਰਿੰਦ—ਬੇਅੰਤ ਜੀਵਾਂ ਦਾ ਇਕੱਠ। ਬੀਜ—ਮੂਲ। ਬੀਜ ਬੀਜ—ਬੀਜ ਦਾ ਬੀਜ, ਸੂਖਮ ਤੋਂ ਸੂਖਮ।

**ਅਰਥ :** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਸੂਰਜ ਨੂੰ ਜਲਾਲ (ਤੇਜ-ਮਈ ਪ੍ਰਕਾਸ਼) ਦੇਣ ਵਾਲਾ ਹੈਂ ਅਤੇ ਚੰਦਰਮਾ ਨੂੰ ਸੀਤਲ ਚਾਨਣੀ ਦੇਣ ਵਾਲਾ ਹੈਂ (ਭਾਵ, ਤੂੰ ਜਲਾਲ ਅਤੇ ਜਮਾਲ ਦੋਹਾਂ ਦਾ ਮਾਲਕ ਹੈਂ)। ਤੂੰ ਰਾਜਿਆਂ ਦਾ ਭੀ ਰਾਜਾ ਹੈਂ, ਤੂੰ ਦੇਵਤਿਆਂ ਦੇ ਰਾਜੇ ਦਾ ਭੀ ਰਾਜਾ ਹੈਂ।

ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਘੁੱਪ ਹਨੇਰਾ ਭੀ ਤੂੰ ਹੀ ਹੈਂ ਅਤੇ ਮਹਾਨ ਚਮਕ ਵਾਲਾ ਪ੍ਰਕਾਸ਼ ਭੀ ਤੂੰ ਹੀ ਹੈਂ।

ਤੈਨੂੰ ਨਮਸਕਾਰ ਹੈ; ਜੀਵਾਂ ਦਾ ਬੇਅੰਤ ਇਕੱਠ ਭੀ ਤੂੰ ਹੀ ਹੈਂ ਅਤੇ ਸੂਖਮ ਤੋਂ ਸੂਖਮ ਰੂਪ ਭੀ ਤੂੰ ਆਪ ਹੀ ਹੈਂ (ਭਾਵ, ਇਹ ਦਿੱਸਦਾ ਬੇਅੰਤ ਜਗਤ ਤੇਰਾ ਹੀ ਰੂਪ ਹੈ ਅਤੇ ਇਸ ਜਗਤ ਦਾ ਅਦ੍ਰਿਸ਼ਟ ਸੂਖਮ ਮੂਲ ਭੀ ਤੂੰ ਹੀ ਹੈਂ)॥੧੯੫॥

**ਨਮੋ ਰਾਜਸੰ ਤਾਮਸੰ ਸਾਂਤ ਰੂਪੇ॥**
**ਨਮੋ ਪਰਮ ਤੱਤੰ ਅਤੱਤੰ ਸਰੂਪੇ॥**
**ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ॥**
**ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ॥੧੯੬॥**

**ਪਦ ਅਰਥ :** ਰਾਜਸ ਰੂਪ—ਰਜੋਗੁਣ ਦਾ ਰੂਪ, 'ਰਜਸ' ਦਾ ਰੂਪ। ਰਜਸ—ਪਰਮਾਤਮਾ ਦੀ ਰਚੀ ਹੋਈ ਮਾਇਆ ਦੇ ਤਿੰਨ ਗੁਣ ਮਿਥੇ ਗਏ ਹਨ, ਇਹ ਸਾਰਾ ਜਗਤ ਇਹਨਾਂ ਤਿੰਨਾਂ ਗੁਣਾਂ ਤੋਂ ਬਣਿਆ ਹੈ। ਇਹ ਗੁਣ ਹਨ—ਸਤ੍ਵ, ਰਜਸ ਅਤੇ ਤਮਸ। 'ਰਜਸ' ਉਹ 'ਗੁਣ' ਹੈ ਜਿਸ ਦੀ ਪ੍ਰੇਰਨਾ ਨਾਲ ਜਗਤ ਦੇ ਸਾਰੇ ਜੀਵ 'ਉੱਦਮ' ਵਿਚ ਲੱਗੇ ਪਏ ਹਨ। ਇਹ ਗੁਣ ਮਨੁੱਖ-ਜਾਤੀ ਵਿਚ ਪ੍ਰਧਾਨ ਹੈ। ਤਾਮਸ—'ਤਮਸ' ਦਾ। ਤਮਸ—'ਸਾਂਖ' ਸ਼ਾਸਤ੍ਰ ਦੇ ਅਨੁਸਾਰ ਜਗਤ ਦੀ ਰਚਨਾ ਦੇ ਜੋ ਤਿੰਨ 'ਗੁਣ' ਮੂਲ ਕਾਰਨ ਹਨ, ਉਹਨਾਂ ਵਿਚੋਂ ਇਕ ਹੈ 'ਤਮਸ', ਇਸ ਦਾ ਅਰਥ ਹੈ 'ਹਨੇਰਾ', 'ਮਨ ਦਾ ਹਨੇਰਾ'। ਸਤ੍ਵ—'ਸਾਂਖ' ਦੇ ਅਨੁਸਾਰ ਇਹ ਜਗਤ ਮਾਇਆ ਦਾ ਤੀਜਾ 'ਗੁਣ' ਹੈ ਅਤੇ ਤਿੰਨਾਂ ਵਿਚੋਂ ਉੱਚਾ ਹੈ, ਇਸ ਦਾ ਅਰਥ ਹੈ ਭਲਾਈ, ਪਵਿਤ੍ਰਤਾ। ਤੱਤ—[ਸੰ: ਤਤ੍ਵ] ਪਰਮ ਆਤਮਾ, ਮਾਇਆ ਦੇ ਤਿੰਨ ਗੁਣ—ਰਜਸ, ਤਮਸ ਅਤੇ ਸੱਤ੍ਵ।

ਅਤੱਤ—ਅ+ਤੱਤ, ਜੋ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਹੈ। ਜੋਗ ਜੋਗ—ਜੋਗ ਦਾ ਜੋਗ, ਸਭ ਤੋਂ ਕਠਨ ਜੋਗ। ਗਿਆਨ ਗਿਆਨ—ਸਭ ਤੋਂ ਉੱਚਾ ਗਿਆਨ। ਮੰਤ੍ਰ ਮੰਤ੍ਰ—ਮਹਾ ਮੰਤ੍ਰ। ਧਿਆਨ ਧਿਆਨ—ਸਭ ਤੋਂ ਡੂੰਘੀ ਸਮਾਧੀ।

**ਅਰਥ :** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; (ਜਗਤ-ਰਚਨਾ ਦੇ ਤਿੰਨ 'ਗੁਣ') ਰਜਸ, ਤਮਸ ਅਤੇ ਸੱਤ੍ਵ ਤੈਥੋਂ ਹੀ ਬਣੇ ਹਨ; (ਪਰ) ਤੂੰ ਪਰਮ ਆਤਮਾ ਹੈਂ ਅਤੇ ਤੇਰਾ ਸਰੂਪ (ਜਗਤ-ਰਚਨਾ ਦੇ ਇਹਨਾਂ ਤਿੰਨ) ਤੱਤਾਂ (ਗੁਣਾਂ) ਤੋਂ ਨਹੀਂ ਬਣਿਆ।

ਤੈਨੂੰ ਨਮਸਕਾਰ ਹੈ; ਸਭ ਤੋਂ ਕਠਨ ਜੋਗ, ਸਭ ਤੋਂ ਉੱਚਾ ਗਿਆਨ ਤੂੰ ਹੀ ਹੈਂ, ਤੂੰ ਹੀ ਮਹਾਂ ਮੰਤ੍ਰ ਹੈਂ ਅਤੇ ਤੂੰ ਹੀ ਸਭ ਤੋਂ ਡੂੰਘੀ ਸਮਾਧੀ ਹੈਂ (ਭਾਵ, ਤੇਰਾ 'ਨਾਮ' ਹੀ ਅਸਾਡੇ ਲਈ ਕਠਨ ਤਪ, ਗਿਆਨ, ਮੰਤ੍ਰ ਅਤੇ ਸਮਾਧੀ ਹੈ) ॥੧੮੬॥

**ਨਮੋ ਜੁੱਧ ਜੁੱਧੇ ਨਮੋ ਗਿਆਨ ਗਿਆਨੇ ॥**
**ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥**
**ਨਮੋ ਕਲਹ ਕਰਤਾ ਨਮੋ ਸਾਂਤਿ ਰੂਪੇ ॥**
**ਨਮੋ ਇੰਦ੍ਰ ਇੰਦਰੇ ਅਨਾਦੰ ਬਿਭੂਤੇ ॥੧੮੭॥**

**ਪਦ ਅਰਥ :** ਜੁੱਧ—ਜੰਗ, ਲੜਾਈ। ਜੁੱਧ—(to conquer in fight) ਲੜਾਈ ਵਿਚ ਜਿੱਤਣਾ। ਜੁੱਧ—ਲੜਾਈ ਵਿਚ ਜਿਤਿਆ ਹੋਇਆ। ਜੁੱਧ ਜੁੱਧ—ਜੋ ਲੜਾਈ ਵਿਚ (ਵੈਰੀਆਂ ਨੂੰ) ਜਿੱਤ ਲੈਂਦਾ ਹੈ। ਭੋਜ—ਭੋਜਨ, ਖ਼ੁਰਾਕ, ਜੀਵਾਂ ਦੀ ਰੋਜ਼ੀ। ਪਾਨ—ਪਾਣਿ, ਹੱਥ। ਭੋਜ ਪਾਨ—ਭੋਜਨ ਪਾਣਿ, ਜਿਸ ਦੇ ਹੱਥ ਵਿਚ ਜੀਵਾਂ ਦਾ ਆਹਾਰ ਹੈ। ਭੋਜ ਭੋਜ, ਪਾਨ ਪਾਨ—ਭੋਜ ਪਾਨ, ਭੋਜ ਪਾਨ (ਵੇਖੋ ਨੰ: ੪੮)। ਕਲਹ—ਝਗੜਾ। ਕਰਤਾ—ਕਰਨ ਵਾਲਾ। ਸਾਂਤਿ—ਠੰਢ। ਅਨਾਦਿ—ਅਨ+ਆਦਿ, ਜਿਸ ਦਾ ਮੁੱਢ ਨਾ ਲੱਭ ਸਕੇ। ਬਿਭੂਤਿ—ਤੇਜ ਪ੍ਰਤਾਪ।

**ਅਰਥ :** ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਹੀ (ਵੈਰੀਆਂ ਨੂੰ) ਜੁੱਧਾਂ ਵਿਚ ਜਿੱਤਣ ਵਾਲਾ ਹੈਂ, ਤੂੰ ਹੀ (ਭਾਵ, ਤੇਰਾ ਨਾਮ ਹੀ, ਜੀਵਾਂ ਵਾਸਤੇ) ਸਭ ਤੋਂ ਸ੍ਰੇਸ਼ਟ ਗਿਆਨ ਹੈ; ਸਭ ਜੀਵਾਂ ਦੀ ਖ਼ੁਰਾਕ ਸਦਾ ਤੇਰੇ ਹੀ ਹੱਥ ਹੈ, ਸਦਾ ਤੇਰੇ ਹੀ ਅਧੀਨ ਹੈ।

ਤੂੰ (ਜਗਤ ਵਿਚ) ਝਗੜੇ ਪੈਦਾ ਕਰਨ ਵਾਲਾ (ਭੀ) ਹੈਂ ਅਤੇ ਸ਼ਾਂਤੀ-ਸਰੂਪ ਭੀ ਹੈਂ (ਭਾਵ, ਠੰਢ ਵਰਤਾਣ ਵਾਲਾ ਭੀ ਹੈਂ)। ਤੂੰ ਦੇਵਤਿਆਂ ਦੇ ਰਾਜੇ ਦਾ ਭੀ ਰਾਜਾ ਹੈਂ, ਤੇਰੇ ਤੇਜ ਪ੍ਰਤਾਪ ਦਾ ਮੁੱਢ ਨਹੀਂ ਲੱਭ ਸਕਦਾ ॥੧੮੭॥

**ਕਲੰਕਾਰਿ ਰੂਪੇ ਅਲੰਕਾਰ ਅਲੰਕੇ ॥**
**ਨਮੋ ਆਸ ਆਸੇ ਨਮੋ ਬਾਂਕ ਬੰਕੇ ॥**
**ਅਭੰਗੀ ਸਰੂਪੇ ਅਨੰਗੀ ਅਨਾਮੇ ॥**
**ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੮੮॥**

***ਪਦ ਅਰਥ :*** ਕਲੰਕਾਰਿ—ਕਲੰਕ+ਅਰਿ, ਕਲੰਕਾਂ ਦਾ ਵੈਰੀ, ਜਿਸ ਵਿਚ ਕੋਈ ਐਬ ਨਹੀਂ ਹੈ। ਅਲੰਕਾਰ—ਗਹਿਣੇ। ਅਲੰਕ—ਗਹਿਣੇ। ਅਲੰਕਾਰ ਅਲੰਕ—ਗਹਿਣਿਆਂ ਦਾ ਗਹਿਣਾ, ਸੋਹਣਿਆਂ ਦਾ ਸੋਹਣਾ, ਸੁੰਦਰ ਵਿਅਕਤੀਆਂ ਨੂੰ ਸੁੰਦਰਤਾ ਦੇਣ ਵਾਲਾ। ਆਸ ਆਸ—ਆਸਾਂ ਦਾ ਆਸਰਾ। ਬਾਂਕ ਬੰਕੇ—ਬਾਂਕਿਆਂ ਦਾ ਬਾਂਕਾ, ਸਭ ਤੋਂ ਸੋਹਣਾ। ਤ੍ਰਿਭੰਗੀ—ਤਿੰਨਾਂ ਭਵਨਾਂ ਨੂੰ ਨਾਸ ਕਰਨ ਵਾਲਾ (ਵੇਖੋ ਨੰ: ੭੧)। ਤ੍ਰਿਕਾਲ—ਤਿੰਨਾਂ ਹੀ ਸਮਿਆਂ (ਭੂਤ, ਵਰਤਮਾਨ ਅਤੇ ਭਵਿੱਖਤ) ਵਿਚ ਮੌਜੂਦ।

***ਅਰਥ :*** ਹੇ ਪ੍ਰਭੂ ! ਤੈਨੂੰ ਸਾਡੀ ਨਮਸਕਾਰ ਹੈ; ਤੇਰਾ ਸਰੂਪ ਐਸਾ ਹੈ ਜਿਸ ਵਿਚ ਕੋਈ ਐਬ ਨਹੀਂ ਹੈ; ਸੁੰਦਰ ਵਿਅਕਤੀਆਂ ਨੂੰ ਸੁੰਦਰਤਾ ਦੇਣ ਵਾਲਾ ਤੂੰ ਹੀ ਹੈਂ। (ਜੀਵਾਂ ਦੀਆਂ) ਆਸਾਂ ਦਾ ਆਸਰਾ ਤੂੰ ਹੀ ਹੈਂ, ਤੂੰ ਸਭ ਤੋਂ ਸੋਹਣਾ ਹੈਂ।

ਹੇ ਪ੍ਰਭੂ ! ਤੇਰਾ ਵਜੂਦ ਨਾਸ-ਰਹਿਤ ਹੈ, ਤੂੰ ਅੰਗ-ਰਹਿਤ ਹੈਂ, ਤੇਰਾ ਕੋਈ ਇਕ ਨਾਮ ਨਹੀਂ ਹੈ।

ਤੂੰ ਤਿੰਨਾਂ ਭਵਨਾਂ ਦਾ ਨਾਸ ਕਰਨ ਵਾਲਾ ਹੈਂ, ਤਿੰਨਾਂ ਹੀ ਸਮਿਆਂ ਵਿਚ ਤੂੰ ਕਾਇਮ ਰਹਿਣ ਵਾਲਾ ਹੈਂ, ਤੇਰਾ ਕੋਈ ਅੰਗ ਨਹੀਂ ਹੈ, ਤੈਨੂੰ ਕੋਈ ਕਾਮਨਾ ਪੋਹ ਨਹੀਂ ਸਕਦੀ ॥੧੮੮॥

**ਏਕ ਅਛਰੀ ਛੰਦ ॥**
**ਅਜੈ ॥ ਅਲੈ ॥ ਅਭੈ ॥ ਅਬੈ ॥੧੮੯॥**
**ਅਭੂ ॥ ਅਜੂ ॥ ਅਨਾਸ ॥ ਅਕਾਸ ॥੧੯੦॥**

**ਪਦ ਅਰਥ :** ਅਲੈ—ਅ+ਲੈ। ਲੈ—ਨਾਸ, (ਜਿਵੇਂ 'ਪ੍ਰਲਯ')। ਅਬੈ—ਅ+ਬੈ। ਬੈ—ਨਾਸ, ਮੌਤ। ਅਭੂ—ਅ+ਭੂ। ਭੂ—ਜਨਮ। ਅਜੂ—ਅ+ਜੂ। ਜੂ—(to hurry on, move on quickly) ਚਲਣਾ। ਅਕਾਸ—ਅਕਾਸ਼ (ਵਾਂਗ ਸਰਬ ਵਿਆਪਕ)।

**ਅਰਥ :** ਹੇ ਪ੍ਰਭੂ! ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੂੰ ਅਬਿਨਾਸ਼ੀ ਹੈਂ; ਤੈਨੂੰ ਕਿਸੇ ਤੋਂ ਡਰ ਨਹੀਂ, (ਕਿਉਂਕਿ) ਤੈਨੂੰ ਮੌਤ ਨਹੀਂ ਪੋਹ ਸਕਦੀ ॥੧੮੯॥

ਹੇ ਪ੍ਰਭੂ! ਤੂੰ ਅਜਨਮਾ ਅਤੇ ਅਚੱਲ ਹੈਂ, ਤੂੰ ਨਾਸ-ਰਹਿਤ ਹੈਂ ਅਤੇ ਅਕਾਸ਼ ਵਾਂਗ ਹਰ ਥਾਂ ਮੌਜੂਦ ਹੈ ॥੧੯੦॥

**ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥੧੯੧॥**
**ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥੧੯੨॥**

**ਪਦ ਅਰਥ :** ਅਲੱਖ—(invisible) ਅਦ੍ਰਿਸ਼ਟ। ਅਭੱਖ—(not eating anything) ਜਿਸ ਨੂੰ ਕਿਸੇ ਖ਼ੁਰਾਕ ਦੀ ਲੋੜ ਨਾ ਪਏ।

**ਅਰਥ :** ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੈਨੂੰ ਕੋਈ ਤੋੜ ਨਹੀਂ ਸਕਦਾ; ਤੂੰ ਅਦ੍ਰਿਸ਼ਟ ਹੈਂ, ਤੈਨੂੰ ਕਿਸੇ ਖ਼ੁਰਾਕ ਦੀ ਲੋੜ ਨਹੀਂ ਹੈ ॥੧੯੧॥

ਹੇ ਪ੍ਰਭੂ! ਤੂੰ ਮੌਤ ਤੋਂ ਪਰੇ ਹੈਂ ਅਤੇ ਤਰਸ ਦਾ ਘਰ ਹੈਂ। ਤੇਰਾ ਕੋਈ ਚਿੱਤ੍ਰ ਨਹੀਂ ਬਣਾਇਆ ਜਾ ਸਕਦਾ, (ਕਿਉਂਕਿ) ਤੇਰਾ ਕੋਈ ਖ਼ਾਸ ਲਿਬਾਸ ਨਹੀਂ ਹੈ ॥੧੯੨॥

**ਅਨਾਮ ॥ ਅਕਾਮ ॥ ਅਢਾਹ ॥ ਅਗਾਹ ॥੧੯੩॥**
**ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥੧੯੪॥**

**ਪਦ ਅਰਥ :** ਅਨਾਮ—ਅ+ਨਾਮ, ਖ਼ਾਸ ਨਾਮ-ਰਹਿਤ। ਅਕਾਮ—ਕਾਮਨਾ-ਰਹਿਤ। ਅਗਾਹ—ਅਥਾਹ। ਅਢਾਹ—ਜੋ ਡੇਗਿਆ ਨਾ ਜਾ ਸਕੇ। ਅਨਾਥ—ਅ+ਨਾਥ, ਜਿਸ ਦਾ ਕੋਈ ਖਸਮ ਨਹੀਂ। ਪ੍ਰਮਾਥ—(ਸਭ ਦਾ) ਨਾਸ ਕਰਨ ਵਾਲਾ। ਅਮੋਨੀ—ਅ+ਮੋਨੀ। ਮੋਨੀ—(ਸੰ: ਮੌਨੀ—observing a vow of silence) ਸੁੰਨ-ਮੁੰਨ।

**ਅਰਥ :** ਹੇ ਪ੍ਰਭੂ! ਤੇਰਾ ਕੋਈ ਇਕ ਨਾਮ ਨਹੀਂ, ਤੈਨੂੰ ਕੋਈ ਕਾਮਨਾ

ਪੋਹ ਨਹੀਂ ਸਕਦੀ, ਤੇਰਾ ਨਾ ਕੋਈ ਥਾਹ ਪਾ ਸਕਦਾ ਹੈ, ਨਾ ਹੀ ਤੈਨੂੰ ਕੋਈ ਡੇਗ ਸਕਦਾ ਹੈ ॥੧੯੩॥

ਹੇ ਪ੍ਰਭੂ ! ਤੇਰੇ ਉਪਰ ਕੋਈ ਖਸਮ ਨਹੀਂ ਹੈ, ਤੂੰ ਸਭ ਦਾ ਨਾਸ ਕਰਨ ਵਾਲਾ ਹੈਂ। ਹੇ ਪ੍ਰਭੂ ! ਨਾ ਤੂੰ ਜਨਮਾਂ ਵਿਚ ਆਉਂਦਾ ਹੈਂ ਅਤੇ ਨਾ ਹੀ ਤੂੰ ਸੁੰਨ-ਮੁੰਨ ਹੋਈ ਬੈਠਾ ਹੈਂ ॥੧੯੪॥

**ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥**
**ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥੧੯੬॥**

***ਪਦ ਅਰਥ :*** ਰਾਗ—ਮੋਹ। ਰੇਖ—ਚਿੰਨ੍ਹ।

***ਅਰਥ :*** ਹੇ ਪ੍ਰਭੂ ! ਤੈਨੂੰ ਮੋਹ ਨਹੀਂ ਵਿਆਪਦਾ (ਕਿਉਂਕਿ ਮਾਇਕ ਜੀਵਾਂ ਵਾਂਗ ਤੇਰਾ ਕੋਈ ਸਰੂਪ ਨਹੀਂ ਹੈ), ਤੇਰਾ ਨਾ ਕੋਈ ਰੰਗ ਹੈ ਨਾ ਰੂਪ ਹੈ ਅਤੇ ਨਾ ਕੋਈ ਚਿੰਨ੍ਹ ਹੈ ॥੧੯੫॥

ਹੇ ਪ੍ਰਭੂ ! ਕੋਈ ਭਰਮ-ਭੁਲੇਖਾ ਤੈਨੂੰ ਪੋਹ ਨਹੀਂ ਸਕਦਾ, (ਅਤੇ) ਨਾ ਹੀ ਤੈਨੂੰ ਕਿਸੇ ਧਾਰਮਿਕ ਰਸਮਾਂ ਦੀ ਲੋੜ ਹੈ। ਤੈਨੂੰ ਕੋਈ ਜਿੱਤ ਨਹੀਂ ਸਕਦਾ ਅਤੇ ਤੇਰਾ ਕੋਈ ਚਿੱਤ੍ਰ ਨਹੀਂ ਬਣਾਇਆ ਜਾ ਸਕਦਾ ॥੧੯੬॥

**ਭੁਜੰਗ ਪ੍ਰਯਾਤ ਛੰਦ ॥**
**ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥**
**ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥**
**ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥**
**ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧੯੭॥**

***ਪਦ ਅਰਥ :*** ਸਮਸਤ—(all, whole, entire) ਸਾਰੇ। ਅਨਾਮ—ਅ+ਨਾਮ, ਜਿਸ ਦਾ ਕੋਈ ਇਕ ਨਾਮ ਨਹੀਂ। ਸਮਸਤੁਲ ਨਿਵਾਸੇ—ਜਿਸ ਦਾ ਸਭ (ਜੀਵਾਂ) ਵਿਚ ਟਿਕਾਣਾ ਹੈ। ਨ੍ਰਿਕਾਮੰ—ਕਾਮਨਾ-ਰਹਿਤ। ਬਿਭੂਤਿ—ਐਸ਼੍ਵਰਜ, ਪ੍ਰਤਾਪ। ਨ੍ਰਿਕਾਮੰ ਬਿਭੂਤੇ—(ਉਸ ਪ੍ਰਭੂ ਨੂੰ) ਜਿਸ ਦਾ ਐਸਾ ਪ੍ਰਤਾਪ ਹੈ ਕਿ ਕੋਈ ਕਾਮਨਾ ਉਸ ਉਤੇ ਪ੍ਰਭਾਵ ਨਹੀਂ ਪਾ ਸਕਦੀ। ਸਮਸਤੁਲ ਸਰੂਪੇ—(ਜਗਤ ਦੇ ਇਹ) ਸਾਰੇ (ਜੀਅ-ਜੰਤ) ਜਿਸ ਦਾ ਸਰੂਪ ਹਨ।

ਪ੍ਰਣਾਸੀ—ਨਾਸ ਕਰਨ ਵਾਲਾ। ਸੁਧਰਮੰ ਬਿਭੂਤ—ਉਸ ਨੂੰ ਕਿ 'ਸੁਧਰਮ' ਜਿਸ ਦੀ ਸੰਪਦਾ ਹੈ। ਪ੍ਰਣਾਮ—ਬੰਦਨਾ-ਯੋਗ, ਪ੍ਰਣਾਮਜ। ਸੁਧਰਮ—(attentive to duties) ਫ਼ਰਜ਼-ਸ਼ਿਨਾਸ, ਫ਼ਰਜ਼ ਨੂੰ ਨਿਭਾਉਣ ਵਾਲਾ।

***ਅਰਥ :*** ਉਸ ਬੰਦਨਾ-ਯੋਗ (ਪ੍ਰਭੂ) ਨੂੰ ਮੇਰੀ ਨਮਸਕਾਰ ਹੈ ਜੋ ਸਭ (ਜੀਵਾਂ) ਦਾ ਨਾਸ ਕਰਨ ਵਾਲਾ ਹੈ, ਜੋ ਅਜਿੱਤ ਹੈ, ਜਿਸ ਦਾ ਕੋਈ ਇਕ ਨਾਮ ਨਹੀਂ ਅਤੇ ਜੋ ਸਭ ਜੀਵਾਂ ਵਿਚ ਟਿਕਿਆ ਹੋਇਆ ਹੈ।

(ਮੇਰੀ ਨਮਸਕਾਰ ਉਸ ਪ੍ਰਭੂ ਨੂੰ ਹੈ) 'ਨਿਸਕਾਮਤਾ' ਜਿਸ ਦਾ ਪ੍ਰਤਾਪ ਹੈ, ਜਗਤ ਦੇ ਸਾਰੇ ਜੀਅ-ਜੰਤ ਜਿਸ ਦਾ ਸਰੂਪ ਹਨ, ਜੋ ਬਦੀਆਂ ਦਾ ਨਾਸ ਕਰਨ ਵਾਲਾ ਹੈ ਅਤੇ ਫ਼ਰਜ਼ਾਂ ਨੂੰ ਚੰਗੀ ਤਰ੍ਹਾਂ ਨਿਭਾਉਣਾ ਜਿਸ ਦਾ ਐਸ਼੍ਵਰਜ ਹੈ (ਭਾਵ, ਜਿਸ ਦੇ ਪ੍ਰਤਾਪ ਦੇ ਲੱਛਣ ਇਹ ਹਨ ਕਿ ਕੋਈ ਕਾਮਨਾ ਉਸ ਨੂੰ ਪੋਹ ਨਹੀਂ ਸਕਦੀ ਅਤੇ ਜਗਤ ਦੀ ਰਚਨਾ, ਪਾਲਣਾ ਆਦਿਕ ਸਾਰੇ ਫ਼ਰਜ਼ ਠੀਕ ਨਿਭਾ ਰਿਹਾ ਹੈ)॥੧੯੭॥

**ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ॥**
**ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ॥**
**ਅਜਾਇਬ ਬਿਭੂਤੇ ਗ਼ਜ਼ਾਇਬ ਗ਼ਨੀਮੇ॥**
**ਹਰੀਅੰ ਕਰੀਅੰ ਕਰੀਮੁਲ ਰਹੀਮੇ॥੧੯੮॥**

***ਪਦ ਅਰਥ :*** ਸੱਚਿਦਾਨੰਦ—ਸਤ+ਚਿਤ+ਅਨੰਦ। ਸਤ—ਹਸਤੀ ਵਾਲਾ, ਸੱਚ-ਮੁੱਚ ਮੌਜੂਦ। ਚਿਤ—ਸਮਝ, ਗਿਆਨ-ਰੂਪ। ਅਨੰਦ—ਖ਼ੁਸ਼ੀ, ਖਿੜਾਉ। ਸੱਤ੍ਰ—ਵੈਰੀ। ਕਰੀਮ—(ਕਰਮ) ਬਖ਼ਸ਼ਸ਼ ਕਰਨ ਵਾਲਾ। ਕੁਨਿੰਦਾ—ਪੈਦਾ ਕਰਨ ਵਾਲਾ। ਗ਼ਨੀਮ—ਵੈਰੀ। ਗ਼ਜ਼ਾਇਬ—ਗ਼ਜ਼ਬ ਕਰਨ ਵਾਲਾ, ਕਹਿਰ ਕਰਨ ਵਾਲਾ। ਹਰੀਅੰ—ਹਰ ਲੈਣ ਵਾਲਾ, ਨਾਸ ਕਰਨ ਵਾਲਾ। ਕਰੀਅੰ—ਪੈਦਾ ਕਰਨ ਵਾਲਾ। ਰਹੀਮ—ਰਹਿਮ ਕਰਨ ਵਾਲਾ।

***ਅਰਥ :*** ਹੇ ਪ੍ਰਭੂ! ਤੈਨੂੰ ਨਮਸਕਾਰ ਹੈ; ਜੋ ਤੂੰ ਸੱਚ-ਮੁੱਚ ਹੋਂਦ ਵਾਲਾ ਹੈਂ, ਚੇਤਨ ਹੈਂ ਅਤੇ ਅਨੰਦ ਸਰੂਪ ਹੈਂ; ਤੂੰ ਵੈਰੀਆਂ ਦਾ ਨਾਸ ਕਰਨ ਵਾਲਾ ਹੈਂ; ਸਭ ਤੇ ਬਖ਼ਸ਼ਸ਼ ਕਰਨ ਵਾਲਾ ਹੈਂ, ਸਭ ਨੂੰ ਪੈਦਾ ਕਰਨ ਵਾਲਾ ਹੈਂ ਅਤੇ ਸਭ ਜੀਵਾਂ ਵਿਚ ਤੂੰ ਵੱਸਦਾ ਹੈਂ। ਹੇ ਪ੍ਰਭੂ! ਤੇਰਾ ਅਚਰਜ ਪ੍ਰਤਾਪ ਹੈ, (ਖ਼ਲਕਤ ਦੇ) ਵੈਰੀਆਂ ਉਤੇ ਤੂੰ ਹੀ ਕਹਿਰ ਲਿਆਉਣ ਵਾਲਾ ਹੈਂ; ਤੂੰ ਆਪ

ਹੀ ਨਾਸ ਕਰਨ ਵਾਲਾ ਹੈਂ, ਆਪ ਹੀ ਪੈਦਾ ਕਰਨ ਵਾਲਾ ਹੈਂ, ਤੂੰ ਬਖ਼ਸ਼ਸ਼ ਕਰਨ ਵਾਲਾ ਹੈਂ ਅਤੇ ਰਹਿਮ ਕਰਨ ਵਾਲਾ ਹੈਂ॥੧੯੮॥

**ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥**
**ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥**
**ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ॥**
**ਸਦਾ ਅੰਗ ਸੰਗੇ ਅਭੰਗੰ ਬਿਭੂਤੇ॥੧੯੯॥**

***ਪਦ ਅਰਥ***: ਚੱਤ੍ਰ–ਚਤੁਰ, ਚਾਰ। ਚੱਕ੍ਰ–(a realm, range) ਕੂਟ, ਪਾਸਾ। ਵਰਤੀ–ਮੌਜੂਦ। ਭੁਗਤਾ–ਹੁਕਮ ਕਰਨ ਵਾਲਾ, ਰਾਜਾ (ਵੇਖੋ ਨੰ: ੭੭)। ਸੁਯੰਭਵ–(self existent) ਸੁਤੇ ਪ੍ਰਕਾਸ਼, ਆਪਣੇ ਆਪ ਤੋਂ ਪਰਗਟ ਹੋਣ ਵਾਲਾ। ਸੁਭ–ਸੋਹਣਾ। ਸਰਬਦਾ–ਸਦਾ, ਹਮੇਸ਼ਾ। ਸਰਬ ਜੁਗਤ–ਸਭ ਜੀਵਾਂ ਨਾਲ ਮਿਲਿਆ ਹੋਇਆ। ਦੁਕਾਲ–ਦੋ ਸਮੇ, ਦੋ ਕਾਲ, ਜਨਮ ਤੇ ਮਰਨ। ਅਭੰਗੰ ਬਿਭੂਤੇ–ਜਿਸ ਦਾ ਪ੍ਰਤਾਪ ਨਾਸ-ਰਹਿਤ ਹੈ। ਬਿਭੂਤਿ–ਪ੍ਰਤਾਪ।

***ਅਰਥ*** : ਹੇ ਪ੍ਰਭੂ ! ਤੈਨੂੰ ਨਮਸਕਾਰ ਹੈ; ਤੂੰ ਚਹੁੰ ਕੂਟਾਂ ਵਿਚ (ਭਾਵ, ਸਾਰੇ ਜਗਤ ਵਿਚ) ਮੌਜੂਦ ਹੈਂ, ਚਹੁੰ ਕੂਟਾਂ ਵਿਚ ਤੇਰਾ ਹੀ ਹੁਕਮ ਚੱਲ ਰਿਹਾ ਹੈ। ਤੂੰ ਆਪਣੇ ਆਪ ਤੋਂ ਪਰਗਟ ਹੋਇਆ ਹੈਂ, ਸੋਹਣਾ ਹੈਂ ਅਤੇ ਹਰ ਵੇਲੇ ਸਭ ਜੀਵਾਂ ਨਾਲ ਮਿਲਿਆ ਹੋਇਆ ਹੈਂ।

ਹੇ ਪ੍ਰਭੂ ! ਤੂੰ (ਜੀਵਾਂ ਦੇ) ਜਨਮ ਮਰਨ ਦੇ (ਦੁੱਖ) ਨਾਸ ਕਰਨ ਵਾਲਾ ਹੈਂ ਅਤੇ ਦਇਆ ਦਾ ਰੂਪ ਹੈਂ, ਤੂੰ ਸਦਾ ਸਭ ਜੀਵਾਂ ਨਾਲ ਹੈਂ, ਤੇਰਾ ਪ੍ਰਤਾਪ ਕਦੇ ਨਾਸ ਹੋਣ ਵਾਲਾ ਨਹੀਂ ਹੈ॥੧੯੯॥

***ਨੋਟ***: ਛੰਦ ਨੰ: ੧੮੩ ਵਿਚ 'ਅਕਲੰਕਿਤ' ਦਾ ਦੂਜਾ ਪਾਠ 'ਅਕਲੰਕ੍ਰਿਤ' ਵੀ ਕੀਤਾ ਜਾਂਦਾ ਹੈ।

੧ੳ ਸਤਿਗੁਰਪ੍ਰਸਾਦਿ॥

## ਪਾਤਿਸਾਹੀ ੧੦

੧੦–ਦਸਵੀਂ। ਪਾਤਿਸਾਹੀ ੧੦–ਦਸਵੇਂ ਗੁਰੂ ਦੀ (ਉਚਾਰੀ ਹੋਈ ਬਾਣੀ)।

## ਤ੍ਵ ਪ੍ਰਸਾਦਿ

ਤ੍ਵ–ਤਵ, ਤੇਰੀ। ਪ੍ਰਸਾਦਿ–ਕਿਰਪਾ ਨਾਲ।

ਤ੍ਵ ਪ੍ਰਸਾਦਿ–ਤੇਰੀ ਕਿਰਪਾ ਨਾਲ (ਇਹ ਬਾਣੀ ਉਚਾਰਦਾ ਹਾਂ)।

# ਸ੍ਵਈਏ

ਜਪੁ ਜੀ, ਜਾਪੁ ਸਾਹਿਬ, ਤੇ ੧੦ ਸਵਈਏ–ਹਰੇਕ ਸਿੱਖ ਨੂੰ ਹੁਕਮ ਹੈ ਕਿ ਉਹ ਹਰ ਰੋਜ਼ ਸਵੇਰੇ ਘਟ ਤੋਂ ਘਟ ਇਹਨਾਂ ੩ ਬਾਣੀਆਂ ਦਾ ਪਾਠ ਕਰਿਆ ਕਰੇ। 'ਅੰਮ੍ਰਿਤ' ਤਿਆਰ ਕਰਨ ਵੇਲੇ ਜੋ ਪੰਜ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ, ਉਹਨਾਂ ਵਿਚ ਭੀ ਇਕ ਬਾਣੀ ਇਹੀ ੧੦ ਸਵਈਏ ਹਨ; ਬਾਕੀ ਦੀਆਂ ਚਾਰ ਇਹ ਹਨ–ਜਪੁ ਜੀ, ਜਾਪੁ ਸਾਹਿਬ, ਚੌਪਈ ਤੇ ਅਨੰਦੁ। ਜਪੁ ਜੀ ਗੁਰੂ ਨਾਨਕ ਸਾਹਿਬ ਦੀ ਬਾਣੀ ਹੈ, ਜਾਪੁ, ੧੦ ਸਵਈਏ ਤੇ ਚੌਪਈ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਹਨ, ਅਤੇ 'ਅਨੰਦੁ' ਗੁਰੂ ਅਮਰਦਾਸ ਜੀ ਦੀ ਬਾਣੀ ਹੈ।

ਜਿਨ੍ਹਾਂ ਪੰਜ ਬਾਣੀਆਂ ਦਾ ਹਰ ਰੋਜ਼ ਪਾਠ ਕਰਨ ਦੀ ਹਿਦਾਇਤ ਹੈ ਉਹ ਇਹ ਹਨ–ਜਪੁ ਜੀ, ਜਾਪੁ ਸਾਹਿਬ, ੧੦ ਸਵਈਏ (ਸਵੇਰ ਵੇਲੇ ਦਾ ਪਾਠ); ਰਹਿਰਾਸਿ (ਸ਼ਾਮ ਵੇਲੇ ਦਾ ਪਾਠ), ਸੋਹਿਲਾ (ਸੌਣ ਵੇਲੇ ਦਾ ਪਾਠ)।

### ਸਵਈਆਂ ਦਾ ਭਾਵ ਸਿਲਸਿਲੇ-ਵਾਰ

(੧) ਹਰੇਕ ਮਤ ਦਾ ਮੁੱਖ ਪ੍ਰਯੋਜਨ ਇਹ ਚਾਹੀਦਾ ਹੈ ਕਿ ਉਹ ਪਰਮਾਤਮਾ ਨਾਲ ਪਿਆਰ ਕਰਨ ਦਾ ਰਾਹ ਦੱਸੇ; ਜੇ ਇਹ ਨਹੀਂ ਤਾਂ ਉਸ ਦਾ ਮੁੱਲ ਰਤੀ ਮਾਤਰ ਹੀ ਸਮਝੋ।

(੨) ਦੁਨੀਆ ਵਿਚ ਚਾਹੇ ਕਿਤਨਾ ਹੀ ਵੱਡਾ ਪ੍ਰਤਾਪ ਬਣ ਜਾਏ, ਇਸ ਦਾ ਮਾਣ ਕੂੜਾ ਹੈ, ਕਿਉਂਕਿ ਅਖ਼ੀਰ ਵੇਲੇ ਹਰੇਕ ਜੀਵ ਏਥੋਂ ਖ਼ਾਲੀ ਹੀ ਜਾਂਦਾ ਹੈ।

(੩) ਦੁਨੀਆ ਦੇ ਪ੍ਰਤਾਪ ਦੇ ਮਾਣ ਤੇ ਜੇ ਪਰਮਾਤਮਾ ਦੇ ਸਿਮਰਨ ਤੋਂ ਵਾਂਜੇ ਰਹੇ ਤਾਂ ਆਖ਼ਰ ਜਮਾਂ ਦੇ ਵੱਸ ਪੈਣਾ ਹੁੰਦਾ ਹੈ, ਇਹ ਐਸ਼੍ਵਰਜ ਦੇ ਸਾਮਾਨ ਏਥੇ ਹੀ ਧਰੇ ਰਹਿ ਜਾਂਦੇ ਹਨ।

(੪) ਤੀਰਥ-ਇਸ਼ਨਾਨ ਆਦਿਕ ਸਾਧਨ, ਧਰਮ-ਪੁਸਤਕਾਂ ਦਾ ਨਿਰਾ ਪੜ੍ਹਨਾ, ਬ੍ਰਹਮਚਾਰੀ ਆਦਿਕਾਂ ਵਾਲੇ ਕਠਨ ਤਪ—ਇਹ ਸਾਰੇ ਉੱਦਮ ਨਿਸਫਲ ਹਨ ਜੇ ਪਰਮਾਤਮਾ ਨਾਲ ਪਿਆਰ ਕਰਨ ਦੀ ਜਾਚ ਨਹੀਂ ਸਿੱਖੀ।

(੫) ਜਗਤ ਵਿਚ ਬੜੇ ਸੂਰਮੇ ਜੋਧੇ ਅਖਵਾ ਲਿਆ, ਪਰ ਪਰਮਾਤਮਾ ਦੀ ਭਗਤੀ ਤੋਂ ਖ਼ਾਲੀ ਰਹਿ ਕੇ ਉਸ ਮਾਲਕ ਨੂੰ ਖ਼ੁਸ਼ ਨਾ ਕਰ ਸਕੇ, ਤਾਂ ਭੀ ਆਖ਼ਰ ਜੱਗ ਤੋਂ ਖ਼ਾਲੀ ਹੱਥ ਹੀ ਗਏ।

(੬) ਬੇ-ਪਰਵਾਹੀ ਨਾਲ ਸ਼ਸਤ੍ਰਾਂ ਦੀ ਚੋਟ ਸਹਾਰਨ ਵਾਲੇ, ਆਕੀਆਂ ਨੂੰ ਲਿਫਾ ਲੈਣ ਵਾਲੇ, ਤੇ ਵੱਡੇ ਵੱਡੇ ਕਿਲ੍ਹਿਆਂ ਨੂੰ ਸਰ ਕਰ ਲੈਣ ਵਾਲੇ ਬੰਦੇ ਜਗਤ ਵਿਚ ਤਾਂ ਭਾਵੇਂ ਬਹਾਦਰ ਜਾਪਦੇ ਹੋਣ, ਪਰ ਮਾਲਕ ਸਿਰਜਨਹਾਰ ਦੇ ਦਰ ਤੇ ਅਜਿਹੇ, ਅਨੇਕਾਂ ਮੰਗਤਿਆਂ ਸਮਾਨ ਹੀ ਹਨ।

(੭) ਜਿਹੜੇ ਭੀ ਬੰਦੇ ਕਰਤਾਰ ਸਿਰਜਨਹਾਰ ਦਾ ਸਿਮਰਨ ਕਰਦੇ ਹਨ, ਜਗਤ ਵਿਚ ਉਹਨਾਂ ਦੀ ਸੋਭਾ ਹੁੰਦੀ ਹੈ, ਉਹਨਾਂ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ, ਤੇ ਉਹ ਸਦਾ ਖਿੜੇ-ਮੱਥੇ ਰਹਿੰਦੇ ਹਨ।

(੮) ਰਾਜ-ਐਸ਼੍ਵਰਜ, ਤੀਰਥ-ਇਸ਼ਨਾਨ ਤੇ ਦਾਨ-ਪੁੰਨ, ਦੇਵਤਿਆਂ ਵਾਲੀ ਪਦਵੀ—ਇਹਨਾਂ ਵਿਚੋਂ ਕੋਈ ਭੀ ਜੀਵ ਨੂੰ ਮੌਤ ਦੇ ਗੇੜ ਤੋਂ ਨਹੀਂ ਬਚਾਅ ਸਕਦਾ, ਜੇ ਜੀਵ ਪਰਮਾਤਮਾ ਦੀ ਬੰਦਗੀ ਤੋਂ ਵਾਂਜਿਆ ਹੋਇਆ ਹੈ।

(੯) ਨਾ ਤਾਂ ਬਗੁਲ-ਸਮਾਧੀਆਂ ਤੇ ਤੀਰਥ-ਇਸ਼ਨਾਨਾਂ ਨਾਲ ਰੱਬ ਮਿਲਦਾ ਹੈ, ਨਾ ਹੀ ਵਿਸ਼ੇ-ਵਿਕਾਰਾਂ ਵਿਚ ਪਏ ਰਹਿਣਾ ਜੀਵਨ-ਮਨੋਰਥ ਹੈ; ਪਰਮਾਤਮਾ ਨਾਲ ਪਿਆਰ ਕਰਨਾ ਸਿੱਖੋ, 'ਪਿਆਰ' ਹੀ ਰੱਬ ਨਾਲ ਮਿਲਾ ਸਕਦਾ ਹੈ।

(੧੦) ਸਾਲਗ੍ਰਾਮ, ਸ਼ਿਵ-ਲਿੰਗ, ਬੁੱਤ ਜਾਂ ਕਬਰਾਂ ਦੀ ਪੂਜਾ, ਰੱਬ ਨੂੰ ਕਿਸੇ ਖ਼ਾਸ ਇੱਕੋ ਥਾਂ ਵੱਸਦਾ ਸਮਝ ਕੇ ਉਸ ਪਾਸੇ ਹੀ ਸਿਰ ਨਿਵਾਈ ਜਾਣਾ—ਇਹਨੀਂ ਗੱਲੀਂ ਭੀ ਪਰਮਾਤਮਾ ਦੇ ਮਿਲਣ ਦਾ ਭੇਤ ਨਹੀਂ ਮਿਲਦਾ।

### ਸਮੁੱਚਾ ਭਾਵ

(੧) ਦੁਨੀਆ ਵਿਚ ਚਾਹੇ ਕਿਤਨਾ ਹੀ ਉੱਚਾ ਪ੍ਰਤਾਪ ਬਣ ਜਾਏ, ਅੰਤ ਵੇਲੇ ਇਹ ਏਥੇ ਹੀ ਰਹਿ ਜਾਂਦਾ ਹੈ। ਸੋ ਦੁਨੀਆ ਵਾਲਾ ਵਡੱਪਣ ਜੀਵਨ ਦਾ ਮਨੋਰਥ ਨਹੀਂ।

(੨) ਤੀਰਥ-ਇਸ਼ਨਾਨ, ਦਾਨ-ਪੁੰਨ, ਅਨ-ਪੂਜਾ ਆਦਿਕ ਕਰਮ ਭੀ ਰੱਬ ਨਾਲ ਨਹੀਂ ਮਿਲਾ ਸਕਦੇ।

(੩) ਰੱਬ ਨੂੰ ਕਿਸੇ ਖ਼ਾਸ ਇਕ ਅਸਥਾਨ ਵਿਚ ਵੱਸਦਾ ਮਿਥ ਲੈਣਾ ਵੀ ਗ਼ਲਤੀ ਹੈ।

(੪) ਜੀਵਨ ਦਾ ਸਹੀ ਰਸਤਾ ਕੇਵਲ ਉਹੀ ਮਤ ਦੱਸ ਸਕਦਾ ਹੈ ਜੋ ਸਿਮਰਨ ਦੇ ਰਾਹ 'ਤੇ ਤੋਰ ਕੇ ਪਰਮਾਤਮਾ ਨਾਲ ਪਿਆਰ ਕਰਨ ਦੀ ਜਾਚ ਸਿਖਾਂਦਾ ਹੈ, ਜੋ ਸਾਰੀ ਹੀ ਸ੍ਰਿਸ਼ਟੀ ਦਾ ਕਰਤਾ ਹੈ।

### ਮੁੱਖ ਭਾਵ

ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ 'ਸਰਬ ਵਿਆਪਕ ਪਰਮਾਤਮਾ ਨਾਲ ਪਿਆਰ ਕਰਨਾ'। ਇਹ ਪਿਆਰ 'ਸਿਮਰਨ' ਰਾਹੀਂ ਹੀ ਬਣ ਸਕਦਾ ਹੈ, ਹੋਰ ਕੋਈ ਸਾਧਨ ਕਾਮਯਾਬ ਨਹੀਂ ਹੋ ਸਕਦਾ।

## ਸ੍ਵਈਏ

ਸ੍ਰਾਵਗ ਸੁੱਧ ਸਮੂਹ ਸਿੱਧਾਨ ਕੇ
ਦੇਖਿ ਫਿਰਿਓ ਘਰ ਜੋਗਿ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ ॥

ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥

***ਪਦ ਅਰਥ :*** ਸ੍ਰਾਵਗ—(ਸੰ: ਸ਼੍ਰਾਵਕ) ਬੋਧੀ ਭਿਖਸ਼ੂ। ਸੁੱਧ—ਪੁੰਨਾਤਮਾ। ਸਮੂਹ—ਟੋਲੇ। ਸਿੱਧ—ਪੁੱਗੇ ਹੋਏ ਜੋਗੀ। ਘਰ—ਮਠ, ਡੇਰੇ। ਜਤੀ—ਬ੍ਰਹਮਚਾਰੀ।

ਸੂਰ—ਸੂਰਮੇ। ਸੁਰਾਰਦਨ—(ਸੁਰ+ਆਰਦਨ) ਦੇਵਤਿਆਂ ਨੂੰ ਮਾਰਨ ਵਾਲੇ, ਮਲੇਛ, ਦੈਂਤ। ਸੁੱਧ—ਪਵਿਤ੍ਰ। ਸੁਧਾਦਿਕ—(ਸੁਧਾ + ਆਦਿਕ) ਅੰਮ੍ਰਿਤ ਪੀਣ ਵਾਲੇ, ਦੇਵਤੇ। ਅਨੇਕ ਮਤੀ ਕੇ—ਹੋਰ ਕਈ ਮਤਾਂ ਦੇ। ਸੰਤ ਸਮੂਹ—ਸੰਤਾਂ ਦੇ ਟੋਲੇ।

ਸਾਰੇ ਹੀ ਦੇਸ ਕੋ ਮਤ—ਸਾਰੇ ਹੀ ਦੇਸਾਂ ਦੇ ਧਰਮ। ਪ੍ਰਾਨਪਤੀ—ਜਿੰਦ ਦਾ ਮਾਲਕ, ਪਰਮਾਤਮਾ। ਭਾਇ—ਸ਼ਰਧਾ। ਰਤੀ—ਪਿਆਰ, ਪ੍ਰੇਮ। ਰਤੀ—ਰੱਤੀ ਭਰ। ਰਤੀ ਕੇ—ਰੱਤੀ ਭਰ ਦੇ, ਰੱਤੀ ਭਰ ਮੁੱਲ ਦੇ।

***ਅਰਥ :*** (ਮੈਂ) ਪੁੰਨਾਤਮਾ ਬੋਧੀ ਭਿਖਸ਼ੂ, ਪੁੱਗੇ ਹੋਏ ਜੋਗੀਆਂ ਦੇ ਟੋਲੇ, ਜੋਗੀਆਂ ਤੇ ਬ੍ਰਹਮਚਾਰੀਆਂ ਦੇ ਡੇਰੇ ਵੇਖ ਚੁੱਕਾ ਹਾਂ;

ਸੂਰਮੇ, ਦੈਂਤ, ਪਵਿਤ੍ਰ ਅੰਮ੍ਰਿਤ ਪੀਣ ਵਾਲੇ (ਦੇਵਤੇ) ਤੇ ਹੋਰ ਕਈ ਮਤਾਂ ਦੇ ਸੰਤਾਂ ਦੇ ਟੋਲੇ ਭੀ ਵੇਖ ਆਇਆ ਹਾਂ;

ਸਾਰੇ ਹੀ ਦੇਸਾਂ ਦੇ ਮਤ-ਮਤਾਂਤਰ ਵੇਖ ਚੁੱਕਾ ਹਾਂ, ਪਰ ਕੋਈ ਮਤ ਐਸਾ ਨਹੀਂ ਵੇਖਿਆ ਜੋ ਇਸ ਜਿੰਦ ਦੇ ਮਾਲਕ ਪ੍ਰਭੂ ਦਾ (ਬਣਨ ਦੀ ਜਾਚ ਸਿਖਾਏ);

ਜੇ ਭਗਵਾਨ ਵਿਚ ਸ਼ਰਧਾ ਨਹੀਂ ਬਣੀ, ਜੇ ਪ੍ਰਭੂ ਦੀ ਮਿਹਰ ਦੀ ਨਜ਼ਰ ਨਹੀਂ ਹੋਈ, ਜੇ ਇੱਕ ਪ੍ਰਭੂ ਦੇ ਪਿਆਰ ਤੋਂ ਵਾਂਜੇ ਰਹੇ, ਤਾਂ ਇਹਨਾਂ ਸਾਰੇ ਹੀ ਮਤ-ਮਤਾਂਤਰਾਂ ਦਾ ਮੁੱਲ ਇਕ ਰੱਤੀ ਜਿਤਨਾ ਸਮਝੋ ॥੧॥੨੧॥

ਮਾਤੇ ਮਤੰਗ ਜਰੇ ਜਰ ਸੰਗਿ
ਅਨੂਪ ਉਤੰਗ ਸੁਰੰਗ ਸਵਾਰੇ ॥

**ਕੋਟਿ ਤੁਰੰਗ ਕੁਰੰਗ ਸੇ ਕੂਦਤ**
**ਪਉਨ ਕੇ ਗਉਨ ਕੋ ਜਾਤ ਨਿਵਾਰੇ ॥**
**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ**
**ਨਿਆਵਤ ਸੀਸ ਨ ਜਾਤ ਬਿਚਾਰੇ ॥**
**ਏਤੇ ਭਏ ਤਉ ਕਹਾ ਭਏ ਭੂਪਤਿ**
**ਅੰਤ ਕਉ ਨਾਂਗੇ ਹੀ ਪਾਇ ਪਧਾਰੇ ॥੨॥੨੨॥**

***ਪਦ ਅਰਥ :*** ਮਾਤੇ—ਮਸਤੇ ਹੋਏ। ਮਤੰਗ—ਹਾਥੀ। ਜਰੇ—ਜੜੇ ਹੋਏ, ਸਜਾਏ ਹੋਏ। ਜਰ—ਸੋਨਾ। ਜਰ ਸੰਗਿ—ਸੋਨੇ (ਦੇ ਗਹਿਣਿਆਂ) ਨਾਲ। ਅਨੂਪ—ਬੇਮਿਸਾਲ। ਉਤੰਗ—(ਸੰ: ਉੱਤੁਗ) ਉੱਚੇ ਕੱਦ ਵਾਲੇ। ਸੁਰੰਗ—ਸੋਹਣੇ ਰੰਗਾਂ ਨਾਲ।

ਕੋਟਿ—ਕਰੋੜਾਂ। ਤੁਰੰਗ—ਘੋੜੇ। ਕੁਰੰਗ—ਹਰਨ। ਸੇ—ਵਾਂਗ। ਪਉਨ—ਹਵਾ। ਗਉਨ—ਚਾਲ, ਰਫ਼ਤਾਰ, ਵੇਗ। ਜਾਤ ਨਿਵਾਰੇ—ਮਾਤ ਕਰੀ ਜਾਣ।

ਭੁਜ—ਬਾਂਹ। ਭੂਪ—ਰਾਜੇ (ਭੂ—ਧਰਤੀ। ਪਾ—ਪਾਲਣ ਵਾਲਾ)। ਭਲੀ ਬਿਧਿ—ਚੰਗੀ ਤਰ੍ਹਾਂ। ਸੀਸ—ਸਿਰ। ਨ ਜਾਤ ਬਿਚਾਰੇ—ਅੰਦਾਜ਼ਾ ਨਾ ਲਾਇਆ ਜਾ ਸਕੇ।

ਏਤੇ—ਇਤਨੇ ਵੱਡੇ। ਭਏ—ਹੋਏ। ਤਉ—ਤਾਂ ਭੀ। ਕਹਾ ਭਏ—ਕਿਹੇ ਹੋਏ ? ਭੂਪਤਿ—ਧਰਤੀ ਦੇ ਮਾਲਕ, ਰਾਜੇ। ਪਾਇ—ਪੈਰ।

***ਅਰਥ :*** (ਜੇ) ਸੋਨੇ ਦੇ (ਗਹਿਣਿਆਂ) ਨਾਲ ਸਜਾਏ ਹੋਏ ਬੇ-ਮਿਸਾਲ ਉੱਚੇ ਕੱਦ ਵਾਲੇ ਤੇ ਸੋਹਣੇ ਰੰਗਾਂ ਨਾਲ ਸਵਾਰੇ ਹੋਏ ਮਸਤ ਹਾਥੀ ਹੋਣ;

(ਜੇ) ਕਰੋੜਾਂ (ਹੀ) ਘੋੜੇ ਹੋਣ, ਜੋ ਹਰਨਾਂ ਵਾਂਗ ਕੁੱਦਦੇ ਹੋਣ ਤੇ (ਇਤਨੇ ਤੇਜ਼ ਚਲਦੇ ਹੋਣ ਕਿ) ਹਵਾਂ ਦੀ ਚਾਲ ਨੂੰ ਭੀ ਮਾਤ ਕਰੀ ਜਾਣ;

(ਜੇ) ਬਲਵਾਨ ਬਾਹਾਂ ਵਾਲੇ ਰਾਜੇ, ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਨਾ ਲਾਇਆ ਜਾ ਸਕੇ, ਆ ਕੇ ਚੰਗੀ ਤਰ੍ਹਾਂ ਸਲਾਮਾਂ ਕਰਦੇ ਹੋਣ;

—ਇਤਨੇ ਵੱਡੇ ਪ੍ਰਤਾਪ ਵਾਲੇ ਰਾਜੇ ਭੀ ਹੋਣ, ਤਾਂ ਭੀ ਕੀ ਹੋਇਆ ? ਅਖ਼ੀਰ ਵੇਲੇ ਤਾਂ (ਜਗਤ ਤੋਂ) ਨੰਗੀ ਪੈਰੀਂ ਤੁਰ ਜਾਂਦੇ ਹਨ ॥੨॥੨੨॥

ਜੀਤ ਫਿਰੈ ਸਭ ਦੇਸ ਦਿਸਾਨ ਕਉ
ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ੍ਹ ਗਜਾਨ ਕੇ ਸੁੰਦਰ
ਹੰਸਤ ਹੀ ਹਯ ਰਾਜ ਹਜਾਰੇ ॥
ਭੂਤ ਭਵਿੱਖ ਭਵਾਨ ਕੇ ਭੂਪਤਿ
ਕਉਨੁ ਗਨੈ ਨਹੀ ਜਾਤ ਬਿਚਾਰੇ ॥
ਸ੍ਰੀਪਤਿ ਸ੍ਰੀ ਭਗਵਾਨ ਭਜੇ ਬਿਨੁ
ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥੨੩॥

***ਪਦ ਅਰਥ :*** ਦਿਸਾਨ ਕਉ—ਦੇਸਾਨ ਕਉ, ਦੇਸ+ਅੱਨ ਕਉ, ਹੋਰ ਹੋਰ ਦੇਸਾਂ ਨੂੰ। ਮ੍ਰਿਦੰਗ—ਖੱਲ ਨਾਲ ਮੜ੍ਹਿਆ ਹੋਇਆ ਮਿੱਟੀ ਦਾ ਇਕ ਸਾਜ। ਨਗਾਰਾ—ਧੌਂਸਾ।

ਗੁੰਜਤ—ਗੂੰਜ ਰਹੇ ਹੋਣ, ਗੱਜ ਰਹੇ ਹੋਣ। ਗੂੜ੍ਹ—ਟੋਲੇ। ਗਜ—ਹਾਥੀ। ਹੰਸਤ—ਹਿਣਕਦੇ ਹੋਣ। ਹਯ—ਘੋੜੇ। ਹਯ ਰਾਜ—ਵਧੀਆ ਘੋੜੇ, ਘੋੜਿਆਂ ਦੇ ਰਾਜੇ।

ਭੂਤ—ਪਿਛਲੇ ਸਮੇ। ਭਵਿੱਖ—ਅਗਾਂਹ ਆਉਣ ਵਾਲੇ ਸਮੇ। ਭਵਾਨ—ਹੁਣ ਦੇ ਸਮੇ ਦੇ। ਭੂਪਤਿ—ਰਾਜੇ। ਕਉਨੁ ਗਨੈ—ਕੌਣ ਗਿਣ ਸਕੇ, ਕੋਈ ਗਿਣ ਨਾ ਸਕੇ। ਬਿਚਾਰੇ ਜਾਤ—ਗਿਣੇ ਜਾ ਸਕਣ, ਵਿਚਾਰ ਕੀਤੀ ਜਾ ਸਕੇ।

ਅੰਤ ਕਉ—ਆਖ਼ਰ ਨੂੰ। ਅੰਤ—ਮੌਤ। ਧਾਮ—ਘਰ। ਸਿਧਾਰੇ—ਚਲੇ ਜਾਂਦੇ ਹਨ। ਸ੍ਰੀ ਪਤਿ—ਮਾਇਆ ਦਾ ਪਤੀ, ਪਰਮਾਤਮਾ।

***ਅਰਥ :*** ਜੇ ਕਈ ਦੇਸ-ਦੇਸਾਂਤਰਾਂ ਨੂੰ ਜਿੱਤਦੇ ਫਿਰਨ; (ਦਰਵਾਜ਼ੇ ਤੇ) ਢੋਲ, ਮਿਰਦੰਗ ਤੇ ਧੌਂਸੇ ਭੀ ਵੱਜਦੇ ਹੋਣ;

(ਤਬੇਲਿਆਂ ਵਿਚ) ਸੁੰਦਰ ਹਾਥੀਆਂ ਦੇ ਟੋਲਿਆਂ ਦੇ ਟੋਲੇ ਗੜ੍ਹਗੱਜ ਪਾਂਦੇ ਹੋਣ, ਤੇ ਹਜ਼ਾਰਾਂ ਸੁੰਦਰ ਘੋੜੇ ਹਿਣਕਦੇ ਹੋਣ;

(ਅਜਿਹੇ ਪ੍ਰਤਾਪ ਵਾਲੇ) ਰਾਜੇ ਪਿਛਲੇ ਸਮੇ ਵਿਚ ਭੀ (ਇਤਨੇ ਹੋ ਚੁੱਕੇ

ਹੋਣ ਕਿ) ਕੋਈ ਉਹਨਾਂ ਦੀ ਗਿਣਤੀ ਨਾ ਕਰ ਸਕੇ, ਅੰਦਾਜ਼ਾ ਭੀ ਨਾ ਲਗਾ ਸਕੇ; ਐਸ ਵੇਲੇ ਭੀ ਅਜਿਹੇ ਪ੍ਰਤਾਪ ਵਾਲੇ ਬੇਅੰਤ ਰਾਜੇ ਹੋਣ, ਅਗਾਂਹ ਆਉਣ ਵਾਲੇ ਸਮੇ ਵਿਚ ਭੀ ਹੋ ਪੈਣ;

(ਤਾਂ ਭੀ ਕੀ ਹੋਇਆ ?) (ਇਸ ਸਾਰੀ) ਮਾਇਆ ਦੇ ਮਾਲਕ ਪਰਮਾਤਮਾ ਦਾ ਸਿਮਰਨ ਕਰਨ ਤੋਂ ਬਿਨਾਂ (ਆਖ਼ਰ ਇਹ ਰਾਜੇ ਭੀ) ਜਮਪੁਰੀ ਨੂੰ ਜਾਂਦੇ ਹਨ (ਭਾਵ, ਮੌਤ ਦੇ ਵੱਸ ਪੈਂਦੇ ਹਨ ਤੇ ਇਹ ਐਸ਼੍ਵਰਜ ਤੇ ਪ੍ਰਤਾਪ ਦੇ ਸਾਮਾਨ ਏਥੇ ਹੀ ਧਰੇ ਰਹਿ ਜਾਂਦੇ ਹਨ) ॥੩॥੨੩॥

**ਤੀਰਥ ਨਾਨ ਦਇਆ ਦਮ ਦਾਨ**
**ਸੁ ਸੰਜਮ ਨੇਮ ਅਨੇਕ ਬਿਸੇਖੈ ॥**
**ਬੇਦ ਪੁਰਾਨ ਕਤੇਬ ਕੁਰਾਨ**
**ਜ਼ਮੀਨ ਜ਼ਮਾਨ ਸਬਾਨ ਕੇ ਪੇਖੈ ॥**
**ਪਉਨ ਅਹਾਰ ਜਤੀ ਜਤਿਧਾਰਿ**
**ਸਬੈ ਸੁ ਬਿਚਾਰਿ ਹਜਾਰ ਕ ਦੇਖੈ ॥**
**ਸ੍ਰੀ ਭਗਵਾਨ ਭਜੇ ਬਿਨੁ ਭੂਪਤਿ**
**ਏਕ ਰਤੀ ਬਿਨੁ ਏਕੁ ਨ ਲੇਖੈ ॥੪॥੨੪॥**

***ਪਦ ਅਰਥ :*** ਤੀਰਥ ਨਾਨ—ਤੀਰਥਾਂ ਦੇ ਇਸ਼ਨਾਨ। ਦਇਆ—ਤਰਸ। ਦਮ—ਮਨ ਨੂੰ ਵਿਕਾਰਾਂ ਵਲੋਂ ਰੋਕਣਾ। ਸੰਜਮ—ਵਿਕਾਰਾਂ ਉਤੇ ਕਾਬੂ ਪਾਣ ਦੇ ਸਾਧਨ, ਮਨ ਦੀ ਇਕਾਗਰਤਾ, ਜੋਗ-ਮਤ ਅਨੁਸਾਰ 'ਜੋਗ' ਦੇ ਅਖ਼ੀਰਲੇ ਤਿੰਨ ਸਾਧਨਾਂ ਦਾ ਸਮੁੱਚਾ ਨਾਮ 'ਸੰਜਮ' ਹੈ; ਧਾਰਨਾ, ਧਿਆਨ ਤੇ ਸਮਾਧੀ ਦਾ ਇਕੱਠਾ ਸਾਂਝਾ ਨਾਮ। ਬਿਸੇਖੈ—ਉਚੇਚੇ। ਨੇਮ—ਸਾਧਨ।

ਕਤੇਬ ਕੁਰਾਨ—ਕੁਰਾਨ ਆਦਿਕ ਚਾਰੇ ਪੱਛਮੀ ਮੱਤਾਂ ਦੀਆਂ ਧਾਰਮਿਕ ਕਿਤਾਬਾਂ। ਜ਼ਮਾਨ—ਜ਼ਮਾਨਾ, ਸਮਾ। ਪੇਖੈ—ਵੇਖੇ, ਪੜ੍ਹੇ।

ਪਉਨ—ਹਵਾ। ਅਹਾਰ—ਖ਼ੁਰਾਕ। ਅਹਾਰਿ—ਖਾਣ ਵਾਲਾ। ਪਉਨ ਅਹਾਰਿ—ਹਵਾ ਭਖਣ ਵਾਲਾ, ਨਿਰੀ ਹਵਾ ਦੇ ਆਸਰੇ ਜੀਊਣ ਵਾਲਾ। ਜਤੀ—ਬ੍ਰਹਮਚਾਰੀ। ਹਜਾਰ ਕ—ਕਈ ਹਜ਼ਾਰਾਂ। ਬਿਚਾਰਿ ਦੇਖੈ—ਵਿਚਾਰ ਵੇਖੇ, ਵਿਚਾਰਦਾ ਰਹੇ।

ਭੂਪਤਿ—ਰਾਜਾ, ਮਾਲਕ। ਰਤੀ—ਪਿਆਰ। ਏਕੁ—ਇੱਕ (ਸਾਧਨ) ਭੀ। ਨ ਲੇਖੈ—ਲੇਖੇ ਵਿਚ ਨਹੀਂ, ਕਬੂਲ ਨਹੀਂ, ਕਿਸੇ ਕੰਮ ਨਹੀਂ।

**ਅਰਥ** : (ਜੇ ਕੋਈ ਮਨੁੱਖ) ਤੀਰਥਾਂ ਦੇ ਇਸ਼ਨਾਨ, (ਜੀਆਂ ਉਤੇ) ਤਰਸ, ਮਨ ਨੂੰ ਵਿਕਾਰਾਂ ਵਲੋਂ ਰੋਕਣ ਦੇ ਉੱਦਮ, ਦਾਨ-ਪੁੰਨ, ਮਨ ਦੀ ਇਕਾਗਰਤਾ ਦੇ ਸਾਧਨ ਤੇ ਹੋਰ ਅਨੇਕਾਂ ਉਚੇਚੇ ਸਾਧਨ ਕਰਦਾ ਰਹੇ;

(ਜੇ ਕੋਈ ਮਨੁੱਖ) ਵੇਦ, ਪੁਰਾਣ, ਕੁਰਾਨ ਆਦਿਕ ਚਾਰੇ ਕਿਤਾਬਾਂ ਤੇ ਸਾਰੀ ਧਰਤੀ ਦੇ ਸਾਰੇ ਹੀ ਧਰਮ-ਪੁਸਤਕਾਂ ਨੂੰ ਪੜ੍ਹੇ;

ਨਿਰਾ ਹਵਾ ਦੇ ਆਸਰੇ ਜੀਵੇ, ਬ੍ਰਹਮਚਾਰੀਆਂ ਵਾਲਾ ਜੀਵਨ ਬਿਤੀਤ ਕਰੇ ਤੇ ਹੋਰ ਅਨੇਕਾਂ ਅਜਿਹੇ ਸਾਧਨ ਸੋਚਦਾ ਰਹੇ;

(ਤਾਂ ਭੀ) ਸਾਰੀ ਸ੍ਰਿਸ਼ਟੀ ਦੇ ਮਾਲਕ ਪਰਮਾਤਮਾ ਦਾ ਸਿਮਰਨ ਕਰਨ ਤੋਂ ਬਿਨਾ, ਪ੍ਰਭੂ ਦੇ ਪਿਆਰ ਤੋਂ ਬਿਨਾ, ਉਸ ਦਾ ਇਕ ਸਾਧਨ ਭੀ ਕਿਸੇ ਕੰਮ ਨਹੀਂ ਹੈ ॥੪॥੨੪॥

**ਸੁਧ ਸਿਪਾਹ ਦੁਰੰਤ ਦੁਬਾਹ ਸੁ**
**ਸਾਜਿ ਸਨਾਹ ਦੁਰਜਾਨ ਦਲੈਂਗੇ ॥**
**ਭਾਰੀ ਗੁਮਾਨ ਭਰੇ ਮਨ ਮੈ**
**ਕਰਿ ਪਰਬਤ ਪੰਖ ਹਲੇ ਨ ਹਲੈਂਗੇ ॥**
**ਤੋਰਿ ਅਰੀਨ ਮਰੋਰਿ ਮਵਾਸਨ**
**ਮਾਤੇ ਮਤੰਗਨ ਮਾਨੁ ਮਲੈਂਗੇ ॥**
**ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ**
**ਤਿਆਗਿ ਜਹਾਨੁ ਨਿਦਾਨਿ ਚਲੈਂਗੇ ॥੫॥੨੫॥**

**ਪਦ ਅਰਥ** : ਸੁਧ—ਖ਼ਾਲਸ, ਵਧੀਆ, ਸੋਧੇ ਹੋਏ, ਅਜ਼ਮਾਏ ਹੋਏ (ਭਾਵ, ਜਿਨ੍ਹਾਂ ਦੀ ਬਹਾਦਰੀ ਰਣ ਵਿਚ ਅਜ਼ਮਾਈ ਜਾ ਚੁੱਕੀ ਹੋਵੇ) ਬਹਾਦਰ। ਸਿਪਾਹ—ਸਿਪਾਹੀ, ਜੋਧੇ। ਦੁਰੰਤ—ਦੁਰ+ਅੰਤ, (insurmountable) ਅਜਿੱਤ। ਦੁਬਾਹ—(ਸੰ: ਦਰ+ਵਹ) ਜਿਨ੍ਹਾਂ ਦੀ ਝਾਲ ਝੱਲੀ ਨਾ ਜਾ ਸਕੇ। ਸਾਜਿ—ਸਜਾ ਕੇ, ਪਹਿਨ ਕੇ। ਸਨਾਹ—ਜ਼ਿਰਹ ਬਕਤਰ, ਲੋਹੇ ਦੇ ਪੁਸ਼ਾਕੇ।

ਦੂਰਜਾਨ—ਦੂਰਜਨਾਂ ਨੂੰ, ਵੈਰੀਆਂ ਨੂੰ।

ਪੰਖ—ਖੰਭ। ਕਰਿ ਪੰਖ—ਖੰਭ ਲਾ ਕੇ।

ਅਰੀਨ—ਵੈਰੀਆਂ ਨੂੰ। ਮਵਾਸਨ—ਆਕੀਆਂ ਨੂੰ। ਮਤੰਗ—ਹਾਥੀ। ਮਤੰਗਨ ਮਾਨੁ—ਹਾਥੀਆਂ ਦਾ ਹੰਕਾਰ। ਮਲੈਂਗੇ—ਤੋੜ ਦੇਂਦੇ ਹਨ।

ਸ੍ਰੀ ਪਤਿ—ਮਾਇਆ ਦਾ ਖਸਮ, ਪਰਮਾਤਮਾ। ਤਿਆਗਿ—ਛੱਡ ਕੇ। ਨਿਦਾਨਿ—ਅੰਤ ਨੂੰ, ਓੜਕ ਨੂੰ [ਨੋਟ: ਕਈ ਟੀਕਾਕਾਰ ਇਸ ਲਫ਼ਜ਼ ਦਾ ਅਰਥ ਕਰਦੇ ਹਨ 'ਨਾਦਾਨ'। ਲਫ਼ਜ਼ 'ਨਿਦਾਨ' ਅਤੇ 'ਨਾਦਾਨ' ਦਾ ਜੋੜ ਸਾਫ਼ ਪਰਤੱਖ ਦਿਸਦਾ ਹੈ, ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। 'ਨਾਦਾਨ' ਲਫ਼ਜ਼ ਫ਼ਾਰਸੀ ਦਾ ਹੈ, ਇਸ ਦਾ ਅਰਥ ਹੈ 'ਮੂਰਖ'; 'ਨਿਦਾਨ' ਲਫ਼ਜ਼ ਸੰਸਕ੍ਰਿਤ ਦਾ ਹੈ, ਇਸ ਦਾ ਅਰਥ ਹੈ, 'ਖ਼ਾਤਮਾ, ਓੜਕ' (end, termination)]।

***ਅਰਥ :*** ਬਹਾਦਰ ਜੋਧੇ (ਭੀ), ਜੋ ਜਿੱਤੇ ਨਾ ਜਾ ਸਕਣ, ਜਿਨ੍ਹਾਂ ਦੀ ਝਾਲ ਨਾ ਝੱਲੀ ਜਾ ਸਕੇ (ਭਾਵ, ਜਿਨ੍ਹਾਂ ਦੀ ਵਾਹੀ ਹੋਈ ਤਲਵਾਰ ਦਾ ਵਾਰ ਝੱਲਿਆ ਨਾ ਜਾ ਸਕੇ), ਜੋ ਸੰਜੋਅ ਪਹਿਨ ਕੇ (ਰਣ-ਭੂਮੀ ਵਿਚ ਖੰਡਾ ਖੜਕਾ ਕੇ) ਵੈਰੀਆਂ ਦਾ ਨਾਸ ਕਰ ਦੇਂਦੇ ਹਨ;

ਜਿਨ੍ਹਾਂ ਦੇ ਮਨ ਵਿਚ ਇਹ ਮਾਣ ਭਰਿਆ ਹੈ ਕਿ ਭਾਵੇਂ ਪਹਾੜ ਭੀ ਖੰਭ ਲਾ ਕੇ, (ਆਪਣੇ ਪੈਂਤੜੇ ਤੋਂ) ਹਿੱਲ ਜਾਣ, ਪਰ ਅਸੀ (ਰਣ-ਭੂਮੀ ਵਿਚ ਆਪਣੇ ਪੈਂਤੜੇ ਤੋਂ) ਨਹੀਂ ਹਿੱਲਾਂਗੇ;

ਜੋ (ਆਪਣੇ) ਵੈਰੀਆਂ ਨੂੰ ਭੰਨ ਕੇ, ਆਕੀਆਂ (ਦੀ ਧੌਣ) ਨੂੰ ਮਰੋੜ ਕੇ, ਮਸਤੇ ਹੋਏ ਹਾਥੀਆਂ ਦਾ (ਭੀ) ਮਾਣ ਤੋੜ ਸਕਦੇ ਹਨ;

(ਅਜਿਹੇ ਬਹਾਦਰ ਜੋਧੇ ਭੀ) ਮਾਇਆ ਦੇ ਮਾਲਕ ਅਕਾਲ ਪੁਰਖ ਦੀ ਮਿਹਰ (ਦੀ ਨਜ਼ਰ ਦੇ ਭਾਗੀ ਬਣਨ) ਤੋਂ ਬਿਨਾ, ਦੁਨੀਆ ਛੱਡ ਕੇ ਅੰਤ ਨੂੰ (ਖ਼ਾਲੀ ਹੱਥ ਹੀ) ਜਾਂਦੇ ਹਨ ॥੫॥੨੫॥

**ਬੀਰ ਅਪਾਰ ਬਡੇ ਬਰਿਆਰ**
**ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥**
**ਤੋਰਤ ਦੇਸ ਮਲਿੰਦ ਮਵਾਸਨ**
**ਮਾਤੇ ਗਜਾਨ ਕੇ ਮਾਨ ਮਲੱਯਾ ॥**

ਗਾੜੇ ਗੜ੍ਹਾਨ ਕੇ ਤੋੜਨਹਾਰ ਸੁ
ਬਾਤਨ ਹੀ ਚਕ ਚਾਰਿ ਲਵੱਯਾ॥
ਸਾਹਿਬੁ ਸ੍ਰੀ ਸਭ ਕੋ ਸਿਰਿ ਨਾਇਕੁ
ਜਾਚਕ ਅਨੇਕੁ ਸੁ ਏਕੁ ਦਿਵੱਯਾ॥੬॥੨੬॥

***ਪਦ ਅਰਥ :*** ਬੀਰ—ਸੂਰਮੇ, ਜੋਧੇ। ਅਪਾਰ—ਬੇਅੰਤ, ਵੱਡੇ। ਬਰਿਆਰ—(ਬਲ+ਆਲਯ) ਬਲ ਵਾਲੇ, ਬਲੀ। ਅਬਿਚਾਰਹਿ—ਵਿਚਾਰਨ ਤੋਂ ਬਿਨਾ, ਬੇਪਰਵਾਹੀ ਨਾਲ। ਸਾਰ—ਲੋਹਾ, ਸ਼ਸਤ੍ਰ। ਭਛੱਯਾ—ਖਾਣ ਵਾਲੇ, ਸਹਿਣ ਵਾਲੇ।

ਤੋਰਤ—ਤੋੜਨ ਵਾਲੇ, ਜਿੱਤਣ ਵਾਲੇ। ਮਲਿੰਦ—ਮਲਣ ਵਾਲੇ, ਮਤੀਹ ਕਰਨ ਕਾਲੇ। ਮਵਾਸੀ—ਆਕੀ ਮਨੁੱਖ। ਮਵਾਸਨ ਮਲਿੰਦ—ਆਕੀਆਂ ਨੂੰ ਲਿਫ਼ਾਉਣ ਵਾਲੇ। ਮਾਤੇ—ਮਸਤੇ ਹੋਏ। ਮਲੱਯਾ—ਤੋੜਨ ਵਾਲੇ।

ਗਾੜੇ—ਤਕੜੇ। ਗੜ੍ਹ—ਕਿਲ੍ਹਾ। ਬਾਤਨ ਹੀ—ਗੱਲਾਂ ਨਾਲ ਹੀ। ਚਾਰਿ ਚਕ—ਚਾਰੇ ਚੱਕ, ਸਾਰੀ ਧਰਤੀ। ਲਵੱਯਾ—ਮੱਲ ਲੈਣ ਵਾਲੇ।

ਸ੍ਰੀ ਸਾਹਿਬੁ—ਲੱਛਮੀ ਦਾ ਪਤੀ, ਪਰਮਾਤਮਾ। ਸ੍ਰੀ—ਲੱਛਮੀ, ਮਾਇਆ। ਨਾਇਕੁ—(ਸੰ: 'ਨਾਯਕ') ਮਾਲਕ, ਖਸਮ, ਹਾਕਮ। ਸਿਰਿ—ਸਿਰ ਤੇ। ਜਾਚਕ—ਮੰਗਤੇ। ਅਨੇਕ—(ਇਹਨਾਂ ਉਪਰ ਦੱਸੇ ਜੋਧਿਆਂ ਵਰਗੇ) ਬੇਅੰਤ। ਦਿਵੱਯਾ—ਦਾਨੀ, ਦਾਤਾ, ਦੇਣ ਵਾਲਾ।

***ਅਰਥ :*** ਬੜੇ ਬਲ ਵਾਲੇ ਵੱਡੇ ਸੂਰਮੇ ਜੋ ਬੇ-ਪਰਵਾਹੀ ਨਾਲ ਸ਼ਸਤ੍ਰਾਂ ਦੀ ਧਾਰ (ਭਾਵ, ਚੋਟ) ਸਹਿ ਸਕਣ, ਜੋ (ਕਈ) ਦੇਸਾਂ ਨੂੰ ਜਿੱਤ ਲੈਣ, ਆਕੀਆਂ ਨੂੰ ਲਿਫ਼ਾ ਲੈਣ ਤੇ ਮਸਤੇ ਹੋਏ ਹਾਥੀਆਂ ਦਾ ਮਾਣ ਤੋੜ ਦੇਣ, ਜੋ ਤਕੜੇ ਕਿਲ੍ਹਿਆਂ ਨੂੰ ਸਰ ਕਰ ਲੈਣ ਤੇ ਗੱਲਾਂ ਵਿਚ ਹੀ ਸਾਰੀ ਧਰਤੀ ਤੇ ਕਬਜ਼ਾ ਕਰ ਸਕਣ (ਭਾਵ, ਸਾਰੀ ਧਰਤੀ 'ਤੇ ਕਬਜ਼ਾ ਕਰ ਲੈਣਾ ਜਿਨ੍ਹਾਂ ਲਈ ਕੋਈ ਵੱਡੀ ਗੱਲ ਨਾ ਹੋਵੇ), ਅਜਿਹੇ ਅਨੇਕਾਂ ਬੰਦੇ (ਉਸ ਪਰਮਾਤਮਾ ਦੇ) ਦਰ 'ਤੇ ਮੰਗਤੇ ਹਨ, (ਇਹਨਾਂ ਨੂੰ) ਉਹ ਇਕ ਪਰਮਾਤਮਾ ਹੀ ਦੇਣ ਵਾਲਾ ਹੈ, ਜੋ ਮਾਇਆ ਦਾ ਮਾਲਕ ਹੈ ਤੇ ਸਭ ਜੀਆਂ ਦੇ ਸਿਰ ਤੇ ਖਸਮ ਹੈ॥੬॥੨੬॥

ਦਾਨਵ ਦੇਵ ਫਨਿੰਦ ਨਿਸਾਚਰ
ਭੂਤ ਭਵਿੱਖ ਭਵਾਨ ਜਪੈਗੇ॥

ਜੀਵ ਜਿਤੇ ਜਲ ਮੈ ਥਲ ਮੈ
    ਪਲ ਹੀ ਪਲ ਮੈ ਸਭ ਥਾਪ ਥਪੈਗੋ ॥
ਪੁੰਨ ਪ੍ਰਤਾਪਨ ਬਾਢ ਜੈਤ ਧੁਨਿ
    ਪਾਪਨ ਕੇ ਬਹੁ ਪੁੰਜ ਖਪੈਗੋ ॥
ਸਾਧ ਸਮੂਹ ਪ੍ਰਸੰਨ ਫਿਰੈ ਜਗਿ
    ਸੱਤ੍ਰ ਸਭੈ ਅਵਲੋਕਿ ਚਪੈਗੋ ॥੭॥੨੭॥

**ਪਦ ਅਰਥ :** ਦਾਨਵ—ਦੈਂਤ, ਰਾਖ਼ਸ਼। ਫਨਿੰਦ—ਫਣ ਵਾਲਿਆਂ ਦਾ ਰਾਜਾ (ਫਣਿ+ਇੰਦਰ), ਸੱਪਾਂ ਦਾ ਰਾਜਾ, ਸ਼ੇਸ਼ਨਾਗ; ਪੁਰਾਣਾ ਖ਼ਿਆਲ ਚਲਿਆ ਆ ਰਿਹਾ ਹੈ ਕਿ ਸ਼ੇਸ਼ਨਾਗ ਦੇ ਇਕ ਹਜ਼ਾਰ ਸਿਰ ਸਨ, ਵਿਸ਼ਨੂੰ ਨੇ ਆਪਣੀ ਸੇਜ ਇਸ ਦੇ ਸਿਰ ਤੇ ਬਣਾਈ ਹੋਈ ਹੈ, ਸਾਰੀ ਸ੍ਰਿਸ਼ਟੀ ਨੂੰ ਇਸ ਨੇ ਆਪਣੇ ਸਿਰ ਤੇ ਚੁਕਿਆ ਹੋਇਆ ਹੈ। ਨਿਸਾਚਰ—(ਨਿਸਾ—ਰਾਤ) ਰਾਤ ਨੂੰ ਤੁਰਨ ਫਿਰਨ ਵਾਲੇ ਭੂਤ, ਪ੍ਰੇਤ। ਭੂਤ—ਪਿਛਲੇ ਸਮੇ ਵਿਚ। ਭਵਿੱਖ—ਅਗਾਂਹ ਆਉਣ ਵਾਲੇ ਸਮੇ ਵਿਚ। ਭਵਾਨ—ਹੁਣ ਦੇ ਸਮੇ ਵਿਚ। ਜਪੈਗੇ—ਜਪਦੇ ਹਨ।

ਜਿਤੇ—ਜਿਤਨੇ ਭੀ, ਭਾਵ, ਸਾਰੇ ਜੀਵ। ਮੈ—ਵਿਚ। ਪਲ ਹੀ ਪਲ ਮੈ—ਪਲੋ ਪਲੀ ਵਿਚ। ਥਾਪ—ਬਨਾਵਟ। ਥਾਪ ਥਪੈਗੋ—ਬਣਾਂਦਾ ਹੈ, ਰਚਦਾ ਹੈ।

ਪੁੰਨ—ਭਲੇ ਕੰਮ। ਪ੍ਰਤਾਪ—ਤੇਜ। ਬਾਢ—ਬ੍ਰਿਧੀ। ਜੈਤ ਧੁਨਿ—ਜੈ ਜੈ ਕਾਰ ਦੀ ਅਵਾਜ਼। ਪੁੰਜ—ਢੇਰ। ਖਪੈਗੋ—ਨਾਸ ਹੋ ਜਾਂਦੇ ਹਨ।

ਸਾਧ ਸਮੂਹ—ਸਾਰੇ ਭਲੇ ਮਨੁੱਖ। ਜਗਿ—ਜਗਤ ਵਿਚ। ਸੱਤ੍ਰ—ਵੈਰੀ, ਭਲੇ ਮਨੁੱਖਾਂ ਦੇ ਵਿਰੋਧੀ, ਮੰਦ-ਕਰਮੀ ਮਨੁੱਖ। ਅਵਿਲੋਕਿ—ਵੇਖ ਕੇ। ਚਪੈਗੋ—ਦਬੇ ਜਾਂਦੇ ਹਨ।

**ਅਰਥ :** ਜੋ ਪਰਮਾਤਮਾ ਜਲ ਦੇ ਤੇ ਧਰਤੀ (ਭਾਵ, ਸਾਰੀ ਸ੍ਰਿਸ਼ਟੀ) ਦੇ ਸਾਰੇ ਹੀ ਜੀਵਾਂ ਨੂੰ ਪਲੋ ਪਲੀ ਵਿਚ ਬਣਾਣ ਦੀ ਸਮਰੱਥਾ ਰੱਖਦਾ ਹੈ, ਉਸ ਨੂੰ ਜੋ ਜੀਵ ਪਿੱਛੇ ਜਪਦੇ ਰਹੇ ਹਨ, ਹੁਣ ਜਪਦੇ ਹਨ ਜਾਂ ਅਗਾਂਹ ਨੂੰ ਜਪਣਗੇ, (ਚਾਹੇ ਉਹ) ਦੈਂਤ (ਹਨ, ਚਾਹੇ ਉਹ) ਦੇਵਤੇ (ਹਨ, ਚਾਹੇ) ਸ਼ੇਸ਼ਨਾਗ (ਹੈ, ਤੇ ਭਾਵੇਂ) ਭੂਤ ਪ੍ਰੇਤ (ਹਨ), ਉਹਨਾਂ ਸਭਨਾਂ ਦੇ ਭਲੇ ਕੰਮਾਂ ਦੇ ਤੇਜ ਤੇ ਬ੍ਰਿਧੀ ਦੀ ਜੈ ਜੈ ਕਾਰ ਦੀ ਧੁਨੀ ਵਧਦੀ ਹੈ ਤੇ ਉਹਨਾਂ ਦੇ (ਪਿਛਲੇ ਕੀਤੇ ਹੋਏ) ਮੰਦੇ

ਕਰਮਾਂ ਦੇ ਢੇਰਾਂ ਦੇ ਢੇਰ ਨਾਸ ਹੋ ਜਾਂਦੇ ਹਨ।

ਪਰਮਾਤਮਾ ਦੀ ਭਗਤੀ ਕਰਨ ਵਾਲੇ ਮਨੁੱਖ ਜਗਤ ਵਿਚ ਖਿੜੇ ਮੱਥੇ ਫਿਰਦੇ ਹਨ ਤੇ ਵਿਕਾਰੀ ਬੰਦੇ ਉਹਨਾਂ ਨੂੰ ਵੇਖ ਕੇ ਹੌਲੇ ਪੈ ਜਾਂਦੇ ਹਨ ॥੭॥੨੭॥

**ਮਾਨਵ ਇੰਦ੍ਰ ਗਜਿੰਦ੍ਰ ਨਰਾਧਿਪ**
**ਜੌਨ ਤ੍ਰਿਲੋਕ ਕੋ ਰਾਜੁ ਕਰੈਗੇ ॥**
**ਕੋਟਿ ਇਸਨਾਨ ਗਜਾਦਿਕ ਦਾਨ**
**ਅਨੇਕ ਸੁਅੰਬਰ ਸਾਜਿ ਬਰੈਗੇ ॥**
**ਬ੍ਰਹਮ ਮਹੇਸੁਰ ਬਿਸਨ ਸਚੀਪਤਿ**
**ਅੰਤਿ ਫਸੇ ਜਮਫਾਸ ਪਰੈਗੇ ॥**
**ਜੇ ਨਰ ਸ੍ਰੀਪਤਿ ਕੇ ਪ੍ਰਸਿ ਹੈ ਪਗ**
**ਤੇ ਨਰ ਫੇਰਿ ਨ ਦੇਹ ਧਰੈਗੇ ॥੮॥੨੮॥**

***ਪਦ ਅਰਥ :*** ਮਾਨਵ—ਮਨੁੱਖ। ਇੰਦ੍ਰ—ਰਾਜਾ। ਮਾਨਵ ਇੰਦ੍ਰ—ਮਨੁੱਖਾਂ ਦੇ ਰਾਜੇ। ਗਜਿੰਦ੍ਰ—ਗਜ+ਇੰਦ੍ਰ, ਹਾਥੀਆਂ ਦੇ ਰਾਜੇ, ਵੱਡੇ ਵੱਡੇ ਹਾਥੀ। ਨਰਾਧਿਪ—(ਨਰ+ਅਧਿਪ) ਮਨੁੱਖਾਂ ਦੇ ਰਾਖੇ, ਰਾਜੇ। ਤ੍ਰਿਲੋਕ ਕੋ ਰਾਜੁ—ਤਿੰਨਾਂ ਲੋਕਾਂ (ਧਰਤ, ਅਕਾਸ਼, ਪਾਤਾਲ) ਦਾ ਰਾਜ, ਸਾਰੀ ਸ੍ਰਿਸ਼ਟੀ ਦਾ ਰਾਜ। ਕਰੈਗੇ—ਭਾਵ, ਕਰਦੇ ਹਨ। ਜੌਨ—ਜੋ।

ਕੋਟਿ ਇਸਨਾਨ—ਕਰੋੜਾਂ (ਤੀਰਥਾਂ ਦੇ) ਇਸ਼ਨਾਨ। ਗਜਾਦਿਕ—ਹਾਥੀ ਆਦਿਕ। ਸੁਅੰਬਰ—(ਸ੍ਵੰ+ਵਰ) ਆਪਣਾ ਵਰ ਆਪ ਢੂੰਡਣ ਲਈ ਰਸਮ। ਸਾਜਿ—ਸਾਜ ਕੇ, ਰਚ ਕੇ। ਬਰੈਗੇ—ਭਾਵ, ਵਰਦੇ ਹਨ, ਵਿਆਹ ਕਰਦੇ ਹਨ। ਮਹੇਸੁਰ—ਸ਼ਿਵ। ਸਚੀ ਪਤਿ—ਸਚੀ ਦਾ ਖਸਮ, ਇੰਦਰ ('ਸਚੀ' ਇੰਦਰ ਦੇਵਤੇ ਦੀ ਵਹੁਟੀ ਦਾ ਨਾਂ ਹੈ)। ਅੰਤਿ—ਆਖ਼ਰ ਨੂੰ। ਜਮਫਾਸ—ਮੌਤ ਦੀ ਫਾਹੀ, ਮੌਤ ਦੇ ਵੱਸ। ਜੇ ਨਰ—ਜੋ ਮਨੁੱਖ। ਸ੍ਰੀ ਪਤਿ—ਸ੍ਰੀ ਦਾ ਪਤੀ, ਲੱਛਮੀ ਦਾ ਖਸਮ, ਪਰਮਾਤਮਾ। ਪ੍ਰਸਿ ਹੈ—ਛੂੰਹਦੇ ਹਨ। ਪਗ—ਪੈਰ। ਪ੍ਰਸਿ ਹੈ ਪਗ—ਪੈਰ ਪਰਸਦੇ ਹਨ, ਚਰਨੀਂ ਲੱਗਦੇ ਹਨ। ਫੇਰਿ—ਮੁੜ ਕੇ। ਦੇਹ ਨ ਧਰੈਗੇ—ਸਰੀਰ ਧਾਰਨ ਨਹੀਂ ਕਰਦੇ, ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ।

***ਅਰਥ :*** ਜੋ ਮਨੁੱਖ ਵੱਡੇ ਵੱਡੇ ਹਾਥੀਆਂ ਦੇ ਮਾਲਕ ਹੋ ਕੇ ਚਕ੍ਰਵਰਤੀ

ਰਾਜੇ ਬਣਦੇ ਹਨ ਤੇ ਸਾਰੀ ਸ੍ਰਿਸ਼ਟੀ ਦਾ ਭੀ ਰਾਜ ਕਰਦੇ ਹਨ;

ਜੋ ਮਨੁੱਖ ਕਰੋੜਾਂ ਤੀਰਥਾਂ ਤੇ (ਭੀ) ਇਸ਼ਨਾਨ ਕਰ ਕੇ ਹਾਥੀ ਆਦਿਕ ਦਾਨ ਕਰਦੇ ਹਨ, ਤੇ ਕਈ ਸੁਅੰਬਰ ਰਚਾ ਕੇ ਵਿਆਹ ਕਰਦੇ ਹਨ;

(ਇਹ ਸਾਰੇ ਵੱਡੇ ਵੱਡੇ ਲੋਕ ਤਾਂ ਕਿਤੇ ਰਹੇ) ਬ੍ਰਹਮਾ, ਸ਼ਿਵ, ਵਿਸ਼ਨੂੰ ਤੇ ਇੰਦਰ (ਵਰਗੇ ਭੀ) ਆਖ਼ਰ ਮੌਤ ਦੇ ਵੱਸ ਪੈਂਦੇ ਹਨ;

(ਸਿਰਫ਼) ਉਹ ਮਨੁੱਖ ਮੁੜ ਕੇ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ, ਜੋ ਪਰਮਾਤਮਾ ਦੀ ਚਰਨੀਂ ਲੱਗਦੇ ਹਨ (ਭਾਵ, ਪ੍ਰਭੂ ਦੀ ਬੰਦਗੀ ਕਰਦੇ ਹਨ) ॥੮॥੨੮॥

**ਕਹਾ ਭਯੋ ਜੋ ਦੋਊ ਲੋਚਨ ਮੂੰਦਿ ਕੈ**
**ਬੈਠ ਰਹਿਓ ਬਕ ਧਿਆਨੁ ਲਗਾਇਓ ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ**
**ਲੋਕ ਗਇਓ ਪਰਲੋਕ ਗਵਾਇਓ ॥**
**ਬਾਸ ਕੀਓ ਬਿਖਿਆਨ ਸੋ ਬੈਠਿ ਕੈ**
**ਐਸੇ ਹੀ ਐਸੇ ਸੋ ਬੈਸ ਬਿਤਾਇਓ ॥**
**ਸਾਚੁ ਕਹਉ ਸੁਨਿ ਲੇਹੁ ਸਭੈ**
**ਜਿਨਿ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥**

***ਪਦ ਅਰਥ :*** ਕਹਾ ਭਯੋ—ਕੀ ਹੋਇਆ ? ਭਾਵ, ਇਸ ਗੱਲ ਦਾ ਕੋਈ ਲਾਭ ਨਹੀਂ। ਜੋ—ਜੇ। ਲੋਚਨ—ਅੱਖਾਂ। ਮੂੰਦਿ ਕੈ—ਮੀਟ ਕੇ। ਬਕ ਧਿਆਨੁ—ਬਗਲੇ ਵਾਲੀ ਸਮਾਧੀ। ਫਿਰਿਓ—ਫਿਰਿਆ। ਲੀਏ—ਤਕ। ਬਾਸ—ਨਿਵਾਸ। ਕੀਓ—ਕੀਤਾ। ਬਿਖਿਆਨ ਸੋ—ਬਿਖਿਆਨ ਸਿਉਂ, ਵਿਸ਼ਿਆਂ ਨਾਲ। ਐਸੇ ਹੀ ਐਸੇ—ਐਵੇਂ ਹੀ, ਵਿਅਰਥ ਹੀ। ਬੈਸ—(ਵਯਸ), ਉਮਰ। ਕਹਉ—ਮੈਂ ਆਖਦਾ ਹਾਂ। ਸਭੈ—ਸਾਰੇ ਜਣੇ। ਜਿਨਿ—ਜਿਸ ਮਨੁੱਖ ਨੇ। ਸਾਚੁ ਕਹਉ—ਮੈਂ ਸੱਚ ਕਹਿੰਦਾ ਹਾਂ, ਅਸਲ ਗੱਲ ਇਹ ਹੈ। ਬੈਠਿ ਕੈ—ਬਹਿ ਕੇ, ਹੋਰ ਸਭ ਕੁਝ ਛੱਡ ਛਡਾ ਕੇ।

***ਅਰਥ :*** (ਜੇ ਕੋਈ ਮਨੁੱਖ) ਦੋਵੇਂ ਅੱਖਾਂ ਮੀਟ ਕੇ ਬੈਠਾ ਰਿਹਾ ਤੇ (ਉਸ

ਨੇ) ਬਗਲੇ ਵਾਲੀ ਸਮਾਧੀ ਲਾਈ ਰੱਖੀ, ਇਸ ਦਾ ਕੋਈ ਲਾਭ ਨਹੀਂ ਹੋ ਸਕਦਾ। ਜੇ (ਕੋਈ ਮਨੁੱਖ) ਸੱਤਾਂ ਸਮੁੰਦਰਾਂ ਤਕ (ਸਾਰੇ ਤੀਰਥਾਂ 'ਤੇ) ਇਸ਼ਨਾਨ ਕਰਦਾ ਫਿਰਿਆ ਤਾਂ ਉਸ ਨੇ ਇਹ ਲੋਕ (ਭਾਵ, ਮੌਜੂਦਾ ਜੀਵਨ ਦਾ ਸੁਖ) ਭੀ ਗਵਾ ਲਿਆ ਤੇ ਪਰਲੋਕ ਭੀ ਗਵਾਇਆ (ਕਿਉਂਕਿ ਪ੍ਰਭੂ ਦਾ ਸਿਮਰਨ ਨਾ ਕੀਤਾ)।

ਪਰ ਜਿਸ ਮਨੁੱਖ ਨੇ (ਸਮਾਧੀ ਤੇ ਤੀਰਥ-ਇਸ਼ਨਾਨ ਆਦਿਕ ਕਰਮ ਛੱਡ ਕੇ) ਵਿਕਾਰਾਂ ਨਾਲ ਹੀ ਨਿੱਠ ਕੇ ਸੰਗ ਕੀਤਾ, ਉਸ ਨੇ ਭੀ (ਸਾਰੀ) ਉਮਰ ਵਿਅਰਥ ਹੀ ਗਵਾ ਲਈ।

(ਹੇ ਭਾਈ !) ਸਾਰੇ (ਧਿਆਨ ਨਾਲ) ਸੁਣ ਲਉ, ਅਸਲ ਗੱਲ ਇਹ ਹੈ (ਕਿ ਨਾ ਤਾਂ ਬਗਲ-ਸਮਾਧੀਆਂ ਤੇ ਤੀਰਥ-ਇਸ਼ਨਾਨਾਂ ਨਾਲ ਰੱਬ ਮਿਲਦਾ ਹੈ ਤੇ ਨਾ ਹੀ ਵਿਸ਼ੇ-ਵਿਕਾਰਾਂ ਵਿਚ ਪਏ ਰਹਿਣਾ ਜੀਵਨ-ਮਨੋਰਥ ਹੈ)। ਉਸੇ ਮਨੁੱਖ ਨੇ ਪਰਮਾਤਮਾ ਨੂੰ ਲੱਭਾ ਹੈ ਜਿਸ ਨੇ (ਖ਼ਾਲਕ ਤੇ ਖ਼ਲਕਤ ਨਾਲ) ਪਿਆਰ ਕੀਤਾ ਹੈ ॥੯॥੨੯॥

**ਕਾਹੂ ਲੈ ਪਾਹਨੁ ਪੂਜਿ ਧਰ੍ਯੋ ਸਿਰਿ**
**ਕਾਹੂ ਲੈ ਲਿੰਗੁ ਗਰੇ ਲਟਕਾਇਓ ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸ ਨਿਵਾਇਓ ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕਉ ਪੂਜਨ ਧਾਇਓ ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗੁ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥੩੦॥**

***ਪਦ ਅਰਥ :*** ਕਾਹੂ—ਕਿਸੇ (ਮਨੁੱਖ) ਨੇ। ਪਾਹਨੁ—ਪੱਥਰ। ਪੂਜਿ—ਪੂਜ ਕੇ। ਸਿਰਿ—ਸਿਰ ਉਤੇ। ਗਰੇ—ਗਲ ਵਿਚ। ਲਖਿਓ—ਲਖਿਆ, ਵੇਖਿਆ, ਸਮਝਿਆ। ਅਵਾਚੀ—ਦੱਖਣ। ਦਿਸਾ—ਪਾਸਾ, ਤਰਫ਼। ਪਛਾਹ ਕੋ—ਪੱਛਮ ਵਲ। ਨੋਟ : ਟੀਕਾਕਾਰ 'ਪਛਾਹ' ਲਫ਼ਜ਼ ਦੇ ਟਾਕਰੇ ਤੇ ਲਫ਼ਜ਼ 'ਅਵਾਚੀ' ਦਾ ਅਰਥ 'ਚੜ੍ਹਦਾ', ਸੂਰਜ ਚੜ੍ਹਨ ਵਾਲਾ ਪਾਸਾ ਕਰਦੇ ਹਨ; ਇਹ ਗ਼ਲਤ

ਹੈ। ਚਹੁੰਆਂ ਪਾਸਿਆਂ ਵਾਸਤੇ ਸੰਸਕ੍ਰਿਤ ਵਿਚ ਹੇਠ-ਲਿਖੇ ਲਫ਼ਜ਼ ਹਨ:

ਉਦੀਚੀ—ਪਹਾੜ ਪਾਸਾ। ਅਵਾਚੀ—ਦੱਖਣ ਪਾਸਾ।

ਪ੍ਰਾਚੀ—ਚੜ੍ਹਦਾ ਪਾਸਾ। ਪ੍ਰਤੀਚੀ—ਲਹਿੰਦਾ ਪਾਸਾ।

ਅਵਾਚੀ ਦਿਸਾ—ਦੱਖਣ ਪਾਸਾ, ਜਿਧਰ ਦੁਆਰਕਾ ਮੰਦਰ ਹੈ (ਕ੍ਰਿਸ਼ਨ ਜੀ ਦਾ ਨਿਵਾਸ-ਥਾਂ)। ਪਸੁ—ਪਸ਼ੂ, ਮੂਰਖ। ਮ੍ਰਿਤ—ਮੁਰਦਾ (ਭਾਵ, ਕਬਰ, ਜਿਥੇ ਮੁਰਦਾ ਦੱਬਿਆ ਪਿਆ ਹੈ)। ਕੂਰ—ਕੂੜ, ਝੂਠੀ। ਕ੍ਰਿਆ—ਕੰਮ, ਰਸਮ। ਉਰਝਿਓ—ਰੁੱਝਾ ਹੋਇਆ ਹੈ। ਸ੍ਰੀ ਭਗਵਾਨ—ਪਰਮਾਤਮਾ।

***ਅਰਥ*** : ਕਿਸੇ ਮਨੁੱਖ ਨੇ ਪੱਥਰ (ਭਾਵ, ਸਾਲਗਰਾਮ) ਲੈ ਕੇ ਪੂਜਾ ਕਰ ਕੇ ਉਸਨੂੰ ਸਿਰ 'ਤੇ ਰਖਿਆ ਹੈ (ਭਾਵ, ਸਾਲਗਰਾਮ ਨੂੰ ਸਿਰ ਨਿਵਾਇਆ ਹੈ, ਮੱਥਾ ਟੇਕਿਆ ਹੈ), ਕਿਸੇ ਨੇ ਸ਼ਿਵ-ਲਿੰਗ ਲੈ ਕੇ ਗਲ ਵਿਚ ਲਟਕਾਇਆ ਹੋਇਆ ਹੈ (ਭਾਵ, ਪੂਜਾ ਲਈ ਪੱਲੇ ਬੰਨ੍ਹੀ ਫਿਰਦਾ ਹੈ)।

ਕਿਸੇ ਮਨੁੱਖ ਨੇ ਪਰਮਾਤਮਾ ਨੂੰ ਦੱਖਣ ਪਾਸੇ (ਦੁਆਰਕਾ ਵਿਚ) ਹੀ (ਵੱਸਦਾ) ਸਮਝਿਆ ਹੈ, ਕਿਸੇ ਨੇ (ਪੱਛਮ ਪਾਸੇ ਨਿਰਾ ਕਾਅਬੇ ਨੂੰ ਖ਼ੁਦਾ ਦਾ ਘਰ ਸਮਝ ਕੇ) ਪੱਛਮ ਪਾਸੇ ਵਲ ਸਿਰ ਝੁਕਾਇਆ ਹੈ।

ਕੋਈ ਮੂਰਖ ਬੁੱਤਾਂ ਨੂੰ (ਰੱਬ ਸਮਝ ਕੇ) ਪੂਜ ਰਿਹਾ ਹੈ ਤੇ ਕੋਈ ਕਬਰਾਂ ਨੂੰ ਪੂਜਣ ਲਈ ਦੌੜਿਆ ਫਿਰਦਾ ਹੈ।

(ਇਸ ਤਰ੍ਹਾਂ) ਸਾਰਾ ਹੀ ਜਗਤ ਕੂੜੀਆਂ ਰਸਮਾਂ ਵਿਚ ਰੁੱਝਾ ਪਿਆ ਹੈ, ਤੇ ਪਰਮਾਤਮਾ ਦਾ ਭੇਤ (ਇਹਨਾਂ ਵਿਚੋਂ) ਕਿਸੇ ਨੇ ਨਹੀਂ ਪਾਇਆ ॥੧੦॥੩੦॥

ੴ ਵਾਹਿਗੁਰੂ ਜੀ ਕੀ ਫ਼ਤਹ॥

**ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥**

**ਤ੍ਵ ਪ੍ਰਸਾਦਿ॥**

***ਪਦ ਅਰਥ :*** ਤ੍ਵ—ਤਵ, ਤੇਰੀ। ਪ੍ਰਸਾਦਿ—ਪ੍ਰਸਾਦ ਦੁਆਰਾ, ਕਿਰਪਾ ਨਾਲ।

***ਅਰਥ :*** (ਹੇ ਪ੍ਰਭੂ!) ਤੇਰੀ ਕਿਰਪਾ ਨਾਲ (ਮੈਂ ਇਹ ਬਾਣੀ ਉਚਾਰਦਾ ਹਾਂ)।

## ਚੌਪਈ॥

ਚੌਪਈ—ਚੌ+ਪਈ, ਚਾਰ ਪਦਾਂ ਵਾਲੀ, ਚਾਰ ਤੁਕਾਂ ਵਾਲੀ, ਉਹ ਬਾਣੀ ਜਿਸ ਦੇ ਹਰੇਕ ਬੰਦ ਵਿਚ ਚਾਰ ਤੁਕਾਂ ਹਨ।

**ਪ੍ਰਣਵੋ ਆਦਿ ਏਕੰਕਾਰਾ॥**
**ਜਲਿ ਥਲਿ ਮਹੀਅਲਿ ਕੀਓ ਪਸਾਰਾ॥**
**ਆਦਿ ਪੁਰਖੁ ਅਬਗਤੁ ਅਬਿਨਾਸੀ॥**
**ਲੋਕ ਚਤੁਰਦਸ ਜੋਤਿ ਪ੍ਰਕਾਸੀ॥੧॥**

***ਪਦ ਅਰਥ :*** ਪ੍ਰਣਵੋ—ਪ੍ਰਣਵਉ, ਮੈਂ ਪ੍ਰਨਾਮ ਕਰਦਾ ਹਾਂ, ਮੈਂ ਨਿਉਂਦਾ ਹਾਂ, ਮੈਂ ਸਿਰ ਨਿਵਾਂਦਾ ਹਾਂ। ਆਦਿ—ਮੁੱਢ, ਮੂਲ, ਸ਼ੁਰੂ, ਜੋ ਸਾਰੀ ਸ੍ਰਿਸ਼ਟੀ ਦਾ ਮੂਲ ਹੈ, ਜਿਸ ਤੋਂ ਸਾਰੀ ਸ੍ਰਿਸ਼ਟੀ ਬਣੀ ਹੈ। ਏਕੰਕਾਰਾ—ਇਕ ਓਅੰਕਾਰ, ਇਕ ਪਰਮਾਤਮਾ ਜੋ ਇਕ-ਰਸ ਵਿਆਪਕ ਹੈ। ਥਲਿ—ਧਰਤੀ ਦੇ ਅੰਦਰ। ਮਹੀਅਲਿ—ਮਹੀ ਤਲਿ, ਧਰਤੀ ਦੇ ਤਲੇ ਉਤੇ, ਧਰਤੀ ਦੇ ਉੱਪਰ (ਭਾਵ,) ਧਰਤੀ ਦੇ ਉਪਰਲੇ ਖੁਲ੍ਹੇ ਪੁਲਾੜ ਵਿਚ, ਆਕਾਸ਼ ਵਿਚ। ਪਸਾਰਾ—ਖਿਲਾਰਾ। ਪੁਰਖ—(पुरि शेते इति पुरुष:) ਜੋ ਹਰੇਕ ਜੀਵ ਵਿਚ ਮੌਜੂਦ ਹੈ। ਅਬਗਤੁ—

(अव्यक्त) ਅਦ੍ਰਿਸ਼ਟ, ਜੋ ਇਹਨਾਂ ਅੱਖਾਂ ਨਾਲ ਦਿੱਸਦਾ ਨਹੀਂ। ਚਤੁਰਦਸ—ਚਾਰ ਤੇ ਦਸ, ਚੌਦਾਂ। ਚਤੁਰਦਸ ਲੋਕ—ਚੌਦਾਂ ਭਵਨਾਂ ਵਿਚ, ਸੱਤ ਆਕਾਸ਼ਾਂ ਤੇ ਸੱਤ ਪਾਤਾਲਾਂ ਵਿਚ, ਸਾਰੀ ਸ੍ਰਿਸ਼ਟੀ ਵਿਚ। ਪ੍ਰਕਾਸੀ—ਚਾਨਣ ਕੀਤਾ ਹੋਇਆ ਹੈ।

**ਅਰਥ :** ਮੈਂ ਉਸ ਇੱਕ ਇਕ-ਰਸ ਵਿਆਪਕ ਪਰਮਾਤਮਾ ਅਗੇ ਸਿਰ ਨਿਵਾਉਂਦਾ ਹਾਂ ਜਿਸ ਤੋਂ ਸਾਰੀ ਸ੍ਰਿਸ਼ਟੀ ਬਣੀ ਹੈ, ਜਿਸ ਨੇ ਜਲ ਵਿਚ, ਧਰਤੀ ਦੇ ਅੰਦਰ ਤੇ ਧਰਤੀ ਦੇ ਉਪਰ ਆਕਾਸ਼ ਵਿਚ ਆਪਣਾ ਆਪ ਪਰਗਟ ਕੀਤਾ ਹੋਇਆ ਹੈ। (ਮੈਂ ਉਸ ਪਰਮਾਤਮਾ ਨੂੰ ਨਮਸਕਾਰ ਕਰਦਾ ਹਾਂ) ਜੋ ਸਾਰੀ ਸ੍ਰਿਸ਼ਟੀ ਦਾ ਮੂਲ ਹੈ, ਜੋ ਸਭ ਜੀਵਾਂ ਵਿਚ ਮੌਜੂਦ ਹੈ, ਜੋ (ਇਹਨਾਂ ਅੱਖਾਂ ਨਾਲ ਸਾਨੂੰ) ਦਿੱਸਦਾ ਨਹੀਂ, ਜੋ ਕਦੇ ਨਾਸ ਹੋਣ ਵਾਲਾ ਨਹੀਂ ਹੈ, ਤੇ ਜਿਸ ਨੇ ਚੌਦਾਂ ਹੀ ਭਵਨਾਂ ਵਿਚ ਆਪਣੇ ਨੂਰ ਨਾਲ ਚਾਨਣ ਕੀਤਾ ਹੋਇਆ ਹੈ ॥੧॥

**ਹਸਤਿ ਕੀਟ ਕੇ ਬੀਚ ਸਮਾਨਾ ॥**
**ਰਾਵ ਰੰਕ ਜਿਹ ਇਕ-ਸਰ ਜਾਨਾ ॥**
**ਅਦ੍ਵੈ ਅਲਖੁ ਪੁਰਖੁ ਅਬਿਗਾਮੀ ॥**
**ਸਭ ਘਟ ਘਟ ਕੇ ਅੰਤਰਜਾਮੀ ॥੨॥**

**ਪਦ ਅਰਥ :** ਹਸਤਿ—ਹਾਥੀ (ਨੋਟ: ਲਫ਼ਜ਼ 'ਹਸਤ' ਅਤੇ 'ਹਸਤਿ' ਦਾ ਫ਼ਰਕ ਚੇਤੇ ਰੱਖਣਾ। ਹਸਤ—ਹੱਥ, ਸੁੰਢ। ਹਸਤਿ—ਹੱਥ ਵਾਲਾ, ਸੁੰਢ ਵਾਲਾ, ਹਾਥੀ)। ਕੀਟ—ਕੀੜਾ (ਸੰਸਕ੍ਰਿਤ ਦਾ ਅੱਖਰ 'ਟ' ਪ੍ਰਾਕ੍ਰਿਤ ਅਤੇ ਪੰਜਾਬੀ ਵਿਚ 'ੜ' ਬਣ ਗਿਆ ਹੈ; ਜਿਵੇਂ ਸੰਸਕ੍ਰਿਤ 'ਕਟਕ' ਤੋਂ ਪੰਜਾਬੀ ਲਫ਼ਜ਼ 'ਕੜਾ' ਹੈ, ਜਿਵੇਂ ਸੰਸਕ੍ਰਿਤ 'ਨਿਕਟਿ' ਤੋਂ ਪੰਜਾਬੀ ਲਫ਼ਜ਼ 'ਨੇੜੇ' ਹੈ)। ਰਾਵ—ਅਮੀਰ, ਰਾਜਾ। ਰੰਕ—ਕੰਗਾਲ। ਜਿਹ—ਜਿਸ ਪਰਮਾਤਮਾ ਨੇ। ਇਕ-ਸਰ —ਇਕੋ ਜਿਹੇ, ਬਰਾਬਰ। ਜਾਨਾ—ਜਾਣਿਆ ਹੈ, ਸਾਂਝ ਪਾਈ ਹੈ, ਪਿਆਰ ਕੀਤਾ ਹੈ। ਅਦ੍ਵੈ—ਅ+ਦ੍ਵੈ, ਅ+ਦੂਜ; ਜਿਸ ਵਰਗਾ ਕੋਈ ਹੋਰ ਦੂਜਾ ਨਹੀਂ ਹੈ। ਅਲਖੁ—ਅ+ਲਖ, ਜੋ ਲਖਿਆ ਨਹੀਂ ਜਾ ਸਕਦਾ, ਜਿਸ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਅਬਿਗਾਮੀ—[ਸੰ: ਅਵਿਗਮ—unseparated, unremoved] ਜੋ ਵੱਖ ਨਹੀਂ ਕੀਤਾ ਜਾ ਸਕਦਾ। ਅੰਤਰਜਾਮੀ—[ਜਾ—ਯਾ, ਜਾਣਾ, ਅੱਪੜਨਾ] ਅੰਦਰ ਅੱਪੜ ਜਾਣ ਵਾਲਾ। ਘਟ ਘਟ ਕੇ—ਹਰੇਕ ਹਿਰਦੇ ਦੇ।

**ਅਰਥ :** (ਮੈਂ ਉਸ ਪਰਮਾਤਮਾ ਅੱਗੇ ਸਿਰ ਨਿਵਾਉਂਦਾ ਹਾਂ) ਜੋ ਹਾਥੀ (ਤੋਂ ਲੈ ਕੇ) ਕੀੜੇ (ਤਕ ਹਰੇਕ ਜੀਵ) ਵਿਚ ਸਮਾਇਆ ਹੋਇਆ ਹੈ, ਜਿਸ ਨੇ ਗ਼ਰੀਬ ਤੇ ਅਮੀਰ ਹਰੇਕ ਨਾਲ ਇਕੋ ਜਿਹੀ ਸਾਂਝ ਪਾਈ ਹੋਈ ਹੈ, ਜਿਸ ਵਰਗਾ ਕੋਈ ਹੋਰ ਦੂਜਾ ਨਹੀਂ ਹੈ, ਜਿਸ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ; ਜੋ ਸਭ ਜੀਵਾਂ ਵਿਚ ਮੌਜੂਦ ਹੈ, ਜਿਸ ਨੂੰ (ਜੀਵਾਂ ਤੋਂ) ਵੱਖ ਨਹੀਂ ਕੀਤਾ ਜਾ ਸਕਦਾ, ਅਤੇ ਜ਼ੋ ਸਭ ਜੀਵਾਂ ਦੇ ਹਿਰਦਿਆਂ ਦੇ ਅੰਦਰ ਤਕ ਪਹੁੰਚ ਵਾਲਾ ਹੈ ॥੨॥

**ਅਲਖ-ਰੂਪੁ ਅਛੈ ਅਨ-ਭੇਖਾ ॥**
**ਰਾਗ ਰੰਗ ਜਿਹ ਰੂਪ ਨ ਰੇਖਾ ॥**
**ਬਰਨ ਚਿਹਨ ਸਭ ਹੂੰ ਤੇ ਨਿਆਰਾ ॥**
**ਆਦਿ ਪੁਰਖ ਅਦ੍ਵੈ ਅਬਿਕਾਰਾ ॥੩॥**

**ਪਦ ਅਰਥ :** ਅਲਖ—ਬਿਆਨ ਤੋਂ ਪਰੇ। ਅਲਖ ਰੂਪ—ਜਿਸ ਦਾ ਸਰੂਪ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਅਛੈ—ਅ+ਛੈ, ਅ-ਖਜਯ, ਨਾਸ-ਰਹਿਤ, ਜੋ ਨਾਸ ਨਹੀਂ ਹੋ ਸਕਦਾ। ਭੇਖ—ਧਾਰਮਿਕ ਲਿਬਾਸ। ਅਨ-ਭੇਖਾ—ਜਿਸ ਦਾ ਕੋਈ ਖ਼ਾਸ ਧਾਰਮਿਕ ਲਿਬਾਸ ਨਹੀਂ ਹੈ। ਜਿਹ—ਜਿਸ ਦਾ, ਜਿਸ ਨੂੰ। ਰਾਗ ਰੰਗ—ਮੋਹ ਦੀ ਰੰਗਣ। ਰੇਖਾ—ਲਕੀਰਾਂ, ਚਿਹਨ, ਨਿਸ਼ਾਨ। ਰੂਪ ਰੇਖਾ—ਸਰੂਪ ਦੇ ਖ਼ਾਸ ਚਿਹਨ, ਸਰੂਪ ਦਾ ਖ਼ਾਸ ਹੁਲੀਆ। ਬਰਨ—ਰੰਗ, ਬ੍ਰਾਹਮਣ, ਖੱਤ੍ਰੀ ਆਦਿਕ ਜਾਤੀ। ਨਿਆਰਾ—ਨਿਰਾਲਾ, ਵੱਖਰਾ। ਅਬਿਕਾਰਾ—ਅ-ਬਿਕਾਰ, (ਬਿਕਾਰ—ਤਬਦੀਲੀ) changeless, ਜਿਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ, ਜਿਸ ਦੇ ਸੁਭਾਵ ਵਿਚ ਕੋਈ ਫ਼ਰਕ ਨਹੀਂ ਪੈਂਦਾ।

**ਅਰਥ :** (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਦਾ ਸਹੀ ਸਰੂਪ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ, ਜੋ ਕਦੇ ਨਾਸ ਨਹੀਂ ਹੁੰਦਾ, ਜੋ ਕਿਸੇ ਖ਼ਾਸ ਧਾਰਮਿਕ ਲਿਬਾਸ ਉਤੇ ਨਹੀਂ ਰੀਝਦਾ, ਜਿਸ ਨੂੰ ਮੋਹ ਦੀ ਰੰਗਣ ਨਹੀਂ ਹੈ, ਅਤੇ ਜਿਸ ਦੇ ਸਰੂਪ ਦਾ ਕੋਈ ਖ਼ਾਸ ਹੁਲੀਆ ਦੱਸਿਆ ਨਹੀਂ ਜਾ ਸਕਦਾ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜੋ ਬ੍ਰਾਹਮਣ, ਖੱਤ੍ਰੀ ਆਦਿਕ ਜਾਤੀਆਂ ਦੇ ਚਿਹਨਾਂ ਤੋਂ ਨਿਰਾਲਾ ਹੈ, ਜੋ ਸਾਰੀ ਹੀ ਸ੍ਰਿਸ਼ਟੀ ਦਾ ਬਣਾਉਣ

ਵਾਲਾ ਹੈ, ਜੋ ਸਭ ਜੀਵਾਂ ਵਿਚ ਮੌਜੂਦ ਹੈ, ਜਿਸ ਵਰਗਾ ਕੋਈ ਹੋਰ ਦੂਜਾ ਨਹੀਂ ਹੈ, ਅਤੇ ਜਿਸ ਦੇ ਸੁਭਾਵ ਵਿਚ ਕਦੇ ਕੋਈ ਫ਼ਰਕ ਨਹੀਂ ਪੈਂਦਾ ॥੩॥

**ਬਰਨ ਚਿਹਨ ਜਿਹ ਜਾਤਿ ਨ ਪਾਤਾ ॥**
**ਸ਼ੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ ॥**
**ਸਭ ਤੇ ਦੂਰਿ, ਸਭਨ ਤੇ ਨੇਰਾ ॥**
**ਜਲਿ ਥਲਿ ਮਹੀਅਲਿ ਜਾਹਿ ਬਸੇਰਾ ॥੪॥**

***ਪਦ ਅਰਥ :*** ਚਿਹਨ—ਨਿਸ਼ਾਨ। ਜਿਹ—ਜਿਸ ਦਾ। ਪਾਤਾ—ਪਾਤਿ, ਕੁਲ। ਸ਼ੱਤ੍ਰ—ਵੈਰੀ। ਤਾਤ—ਪਿਤਾ। ਜਾਹਿ—ਜਿਸ (ਪਰਮਾਤਮਾ) ਦਾ। ਬਸੇਰਾ—ਵਾਸ, ਟਿਕਾਣਾ। ਮਹੀਅਲਿ—ਮਹੀ ਤਲਿ, (ਮਹੀ—ਧਰਤੀ) ਧਰਤੀ ਦੇ ਤਲੇ ਉਤੇ, ਧਰਤੀ ਦੇ ਉਪਰ ਆਕਾਸ਼ ਵਿਚ।

***ਅਰਥ :*** (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਦਾ ਬ੍ਰਾਹਮਣ, ਖੱਤ੍ਰੀ ਆਦਿਕ ਕਿਸੇ ਵਰਣ ਦਾ ਕੋਈ ਚਿਹਨ ਨਹੀਂ ਹੈ; ਜਿਸ ਦਾ ਕੋਈ ਵੈਰੀ ਨਹੀਂ, ਕੋਈ ਮਿੱਤਰ ਨਹੀਂ; ਜਿਸ ਦੀ ਕੋਈ ਮਾਂ ਨਹੀਂ, ਜਿਸ ਦਾ ਕੋਈ ਪਿਉ ਨਹੀਂ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜੋ ਸਭ ਜੀਵਾਂ ਤੋਂ ਦੂਰ (ਵੱਖਰਾ ਭੀ) ਹੈ ਤੇ ਜੋ ਸਭ ਜੀਵਾਂ ਦੇ ਨੇੜੇ (ਅੰਗ ਸੰਗ ਭੀ) ਰਹਿੰਦਾ ਹੈ, ਜਿਸ ਦਾ ਨਿਵਾਸ ਜਲ ਵਿਚ ਹੈ, ਧਰਤੀ ਦੇ ਅੰਦਰ ਹੈ ਤੇ ਧਰਤੀ ਦੇ ਉਪਰ ਆਕਾਸ਼ ਵਿਚ ਭੀ ਹੈ ॥੪॥

**ਅਨਹਦ-ਰੂਪ ਅਨਾਹਦ-ਬਾਨੀ ॥**
**ਚਰਨ ਸਰਨ ਜਿਹ ਬਸਤ ਭਵਾਨੀ ॥**
**ਬ੍ਰਹਮਾ ਬਿਸਨ ਅੰਤ ਨਹੀ ਪਾਇਓ ॥**
**ਨੇਤਿ ਨੇਤਿ ਮੁਖਚਾਰ ਬਤਾਇਓ ॥੫॥**

***ਪਦ ਅਰਥ :*** ਅਨਹਦ—(all-pervading) ਸਰਬ-ਵਿਆਪਕ, ਇਕ-ਰਸ। ਅਨਹਦ-ਰੂਪੁ—ਉਹ ਪ੍ਰਭੂ ਜਿਸ ਦਾ ਸਰੂਪ ਹਰ ਥਾਂ ਇਕ-ਰਸ ਹੈ, ਜਿਸ ਦੀ ਹਸਤੀ ਸਰਬ-ਵਿਆਪਕ ਹੈ। ਬਾਨੀ—ਜੀਵਨ ਰੌ। ਅਨਾਹਦ-

ਬਾਨੀ—ਉਹ ਪਰਮਾਤਮਾ ਜਿਸ ਦੀ ਜੀਵਨ-ਰੌ ਹਰ ਥਾਂ ਇਕ-ਰਸ ਮੌਜੂਦ ਹੈ। ਜਿਹ ਚਰਨ ਸਰਨ—ਜਿਸ ਦੇ ਚਰਨਾਂ ਦੀ ਓਟ ਵਿਚ। ਭਵਾਨੀ—ਦੇਵੀ, ਦੁਰਗਾ। ਨੇਤਿ—ਨ-ਇਤਿ, ਇਹੋ ਜਿਹਾ ਨਹੀਂ। ਨੇਤਿ ਨੇਤਿ—ਇਹੋ ਜਿਹਾ ਨਹੀਂ, ਇਹੋ ਜਿਹਾ ਨਹੀਂ (ਭਾਵ,) ਜਗਤ ਵਿਚ ਕੋਈ ਭੀ ਉਸ ਪਰਮਾਤਮਾ ਜਿਹਾ ਨਹੀਂ ਹੈ। ਮੁਖ ਚਾਰ—ਚਾਰ ਮੁਖਾਂ ਵਾਲੇ ਨੇ, ਬ੍ਰਹਮਾ ਨੇ। ਬਤਾਇਓ—ਦੱਸਿਆ, ਆਖਿਆ।

***ਅਰਥ :*** (ਮੈਂ ਉਸ ਪਰਮਾਤਮਾ ਅਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਦੀ ਹਸਤੀ (ਸਾਰੇ ਹੀ ਜਗਤ ਵਿਚ) ਸਰਬ-ਵਿਆਪਕ ਹੈ, ਜਿਸ ਦੀ ਜੀਵਨ-ਰੌ ਹਰ ਥਾਂ ਇਕ-ਰਸ ਮੌਜੂਦ ਹੈ; ਦੁਰਗਾ ਭੀ ਜਿਸ ਦੇ ਚਰਨਾਂ ਦਾ ਆਸਰਾ ਲੈ ਰਹੀ ਹੈ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਬ੍ਰਹਮਾ ਅਤੇ ਵਿਸ਼ਨੂੰ ਭੀ ਜਿਸ ਦੇ (ਗੁਣਾਂ) ਦਾ ਅੰਤ ਨਹੀਂ ਪਾ ਸਕੇ, ਜਿਸ ਦੀ ਬਾਬਤ ਬ੍ਰਹਮਾ ਨੇ ਆਖਿਆ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ, ਉਸ ਜਿਹਾ ਹੋਰ ਕੋਈ ਨਹੀਂ ਹੈ॥੫॥

**ਕੋਟਿ ਇੰਦ੍ਰ ਉਪਇੰਦ੍ਰ ਬਨਾਏ ॥**
**ਬ੍ਰਹਮਾ ਰੁੱਦ੍ਰ ਉਪਾਇ ਖਪਾਇ ॥**
**ਲੋਕ ਚਤ੍ਰੁਰਦਸ ਖੇਲੁ ਰਚਾਇਓ ॥**
**ਬਹੁਰਿ ਆਪ ਹੀ ਬੀਚ ਮਿਲਾਇਓ ॥੬॥**

***ਪਦ ਅਰਥ :*** ਕੋਟਿ—ਕਰੋੜ। ਉਪਇੰਦ੍ਰ—ਵਿਸ਼ਨੂੰ ਦਾ ਪੰਜਵਾਂ ਅਵਤਾਰ, ਜਿਸ ਨੂੰ ਵਾਮਨ-ਅਵਤਾਰ ਆਖਦੇ ਹਨ, ਇਹ ਇੰਦ੍ਰ ਦਾ ਛੋਟਾ ਭਰਾ ਸੀ। ਰੁੱਦ੍ਰ—ਸ਼ਿਵ। ਉਪਾਇ—ਪੈਦਾ ਕਰ ਕੇ। ਖੇਲੁ—ਤਮਾਸ਼ਾ। ਬਹੁਰਿ—ਮੁੜ। ਆਪ ਹੀ ਬੀਚ—ਆਪਣੇ ਵਿਚ ਹੀ।

***ਅਰਥ :*** (ਮੈਂ ਉਸ ਪਰਮਾਤਮਾ ਅੱਗੇ ਸਿਰ ਨਿਵਾਉਂਦਾ ਹਾਂ) ਜਿਸ ਨੇ (ਇੱਕ ਨਹੀਂ) ਕਰੋੜਾਂ ਹੀ ਇੰਦ੍ਰ ਦੇਵਤੇ ਅਤੇ ਵਾਮਨ-ਅਵਤਾਰ ਪੈਦਾ ਕੀਤੇ ਹਨ, ਜੋ ਕਰੋੜਾਂ ਹੀ ਬ੍ਰਹਮਾ ਅਤੇ ਸ਼ਿਵ ਪੈਦਾ ਕਰ ਕੇ ਨਾਸ ਕਰ ਦੇਂਦਾ ਹੈ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜਿਸ ਨੇ ਇਹ ਚੌਦਾਂ ਭਵਨਾਂ

ਦਾ ਤਮਾਸ਼ਾ ਬਣਾਇਆ ਹੋਇਆ ਹੈ, ਤੇ (ਜਦੋਂ ਉਹ ਚਾਹੁੰਦਾ ਹੈ ਇਸ ਨੂੰ) ਮੁੜ ਆਪਣੇ ਵਿਚ ਹੀ ਲੀਨ ਕਰ ਲੈਂਦਾ ਹੈ ॥੬॥

**ਦਾਨਵ ਦੇਵ ਫਨਿੰਦ ਅਪਾਰਾ ॥**
**ਗੰਧ੍ਰਬ ਜੱਛ ਰਚੇ ਸੁਭਚਾਰਾ ॥**
**ਭੂਤ ਭਵਿਖ ਭਵਾਨ ਕਹਾਨੀ ॥**
**ਘਟ ਘਟ ਕੇ ਪਟ ਪਟ ਕੀ ਜਾਨੀ ॥੭॥**

***ਪਦ ਅਰਥ :*** ਦਾਨਵ—ਦੈਂਤ, ਰਾਖਸ਼। ਫਨਿੰਦ—[ਫਣ—ਸੱਪ ਦੀ ਕਲਗੀ। ਫਣੀ—ਕਲਗੀ ਵਾਲਾ ਸੱਪ। ਫਨਿ-ਇੰਦ੍ਰ—ਕਲਗੀ ਵਾਲੇ ਸੱਪਾਂ ਦਾ ਰਾਜਾ, ਸੱਪਾਂ ਦਾ ਰਾਜਾ] ਸ਼ੇਸ਼ਨਾਗ। ਅਪਾਰ—ਅ-ਪਾਰ, ਜਿਸ ਦਾ ਪਾਰਲਾ ਬੰਨਾ ਨਾ ਲੱਭ ਸਕੇ, ਜਿਸ ਦੀ ਗਿਣਤੀ ਦਾ ਅਖ਼ੀਰਲਾ ਅੰਕ ਨਾ ਮਿਲ ਸਕੇ, ਬੇਅੰਤ, ਅਨਗਿਣਤ। ਗੰਧ੍ਰਬ—ਗੰਧਰਬ, ਦੇਵਤਿਆਂ ਦੇ ਰਾਗੀ। ਜੱਛ—[ਯਕ੍ਸ਼, ਯਖਜ, ਜੱਖ] ਹੌਲੇ ਮੇਲ ਦੇ ਦੇਵਤਿਆਂ ਦੀ ਇਕ ਜਮਾਤ, ਜੋ ਧਨ ਦੇ ਦੇਵਤਾ ਕੁਬੇਰ ਦੇ ਸੇਵਕ ਮੰਨੇ ਜਾਂਦੇ ਹਨ ਅਤੇ ਜੋ ਕੁਬੇਰ ਦੇ ਖ਼ਜ਼ਾਨਿਆਂ ਤੇ ਬਾਗਾਂ ਦੀ ਰਾਖੀ ਕਰਦੇ ਹਨ। ਸੁਭਚਾਰਾ—ਸ਼ੁਭ-ਆਚਾਰਾ, ਪਵਿਤ੍ਰ ਆਚਰਨ ਵਾਲੇ। ਰਚੇ—ਪੈਦਾ ਕੀਤੇ। ਭੂਤ—ਬੀਤ ਚੁਕੇ ਸਮੇ ਦੀਆਂ। ਭਵਿਖ—ਆਉਣ ਵਾਲੇ ਸਮੇ ਦੀਆਂ। ਭਵਾਨ—ਹੁਣ ਬੀਤ ਰਹੇ ਸਮੇ ਦੀਆਂ। ਕਹਾਨੀ—ਘਟਨਾ, ਕਥਾ। ਪਟ—ਪੜਦਾ।

***ਅਰਥ :*** (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਨੇ ਅਨਗਿਣਤ ਰਾਖ਼ਸ਼, ਦੇਵਤੇ ਅਤੇ ਸ਼ੇਸ਼ਨਾਗ ਪੈਦਾ ਕੀਤੇ ਹਨ, ਜਿਸ ਨੇ ਅਨੇਕਾਂ ਹੀ ਗੰਧਰਬ, ਅਨੇਕਾਂ ਹੀ ਜੱਖ ਅਤੇ ਅਨੇਕਾਂ ਹੀ ਪਵਿਤ੍ਰ-ਆਤਮਾ ਜੀਵ ਰਚੇ ਹਨ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜਿਸ ਨੇ ਪਿਛੇ ਬੀਤ ਚੁਕੇ ਸਮੇ ਦੀਆਂ ਕਹਾਣੀਆਂ ਚਲਾ ਦਿੱਤੀਆਂ ਹਨ, ਜੋ ਹੁਣ ਬੀਤ ਰਹੇ ਸਮੇ ਦੀਆਂ ਵਾਪਰ ਰਹੀਆਂ ਗੱਲਾਂ ਦੀਆਂ ਕਹਾਣੀਆਂ ਚਲਾ ਰਿਹਾ ਹੈ, ਜੋ ਆਉਣ ਵਾਲੇ ਸਮੇ ਦੀਆਂ ਵਾਰਾਂ ਚਲਾਣ ਵਾਲਾ ਹੈ; ਅਤੇ ਜੋ ਹਰੇਕ ਜੀਵ ਦੇ ਦਿਲ ਦੀ ਜਾਣਦਾ ਹੈ, ਜੋ ਹਰੇਕ ਦੇ ਅੰਦਰਲੇ ਪਰਦੇ ਦੀ ਜਾਣਦਾ ਹੈ ॥੭॥

ਭਾਵ, ਉਹ ਪ੍ਰਭੂ, ਇਕ ਸ਼ੇਸ਼ਨਾਗ ਨਹੀਂ, ਅਨੇਕਾਂ ਸ਼ੇਸ਼ਨਾਗ ਪੈਦਾ ਕਰਨ

**ਅਰਥ :** (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜੋ ਸਭ ਜੀਵਾਂ ਦਾ ਪੈਦਾ ਕਰਨ ਵਾਲਾ ਹੈ ਤੇ ਸਭ ਜੀਵਾਂ ਦਾ ਨਾਸ ਕਰਨ ਵਾਲਾ ਭੀ ਹੈ, ਜੋ ਸਭ ਜੀਵਾਂ ਦੇ ਰੋਗਾਂ ਤੇ ਪਾਪਾਂ ਨੂੰ ਦੂਰ ਕਰਨ ਦੇ ਸਮਰੱਥ ਹੈ।

ਜਿਸ ਭੀ ਮਨੁੱਖ ਨੇ ਉਸ ਪਰਮਾਤਮਾ ਨੂੰ ਮਨ ਜੋੜ ਕੇ ਰਤਾ ਕੁ ਸਮੇ ਲਈ ਭੀ ਯਾਦ ਕੀਤਾ ਹੈ, ਉਹ ਮਨੁੱਖ ਮੌਤ ਦੇ ਸਹਿਮ ਵਿਚੋਂ ਨਿਕਲ ਜਾਂਦਾ ਹੈ ॥੧੦॥

ਭਗਤਿ-ਵਛਲੁ ਸੁਣਿ ਹੋਤ ਹਉ ਨਿਰਾਸੁ ਰਿਦੇ,
ਪਤਿਤ-ਪਾਵਨੁ ਸੁਣਿ ਆਸਾ ਉਰਿ ਧਾਰਿ ਹਉ ॥
ਅੰਤਰਜਾਮੀ ਸੁਣਿ ਕੰਪਤ ਹਉ ਅੰਤਰਗਤਿ,
ਦੀਨ ਕੈ ਦਇਆਲੁ ਸੁਣਿ ਭੈ ਭਰਮ ਟਾਰਿ ਹਉ ॥
ਜਲਧਰ ਸੰਗਮ ਕੈ ਸਫਲੁ ਸੇਂਬਲੁ ਦ੍ਰੁਮ,
ਚੰਦਨ ਸੁਗੰਧਿ ਸਨਬੰਧ ਮਲਗਾਰ ਹਉ ॥
ਆਪਣੀ ਕਰਣੀ ਕਰਿ ਨਰਕ ਹੂ ਨ ਪਾਵਉ ਠੌਰੁ,
ਤੁਮਰੇ ਬਿਰਦ ਕੌ ਆਸਰੌ ਸੰਭਾਰਿ ਹਉ॥ ੫੦੩॥
(ਭਾਈ ਗੁਰਦਾਸ ਜੀ)

ਨਾਮੁ ਦੇਹਿ, ਧਨੁ ਦੇਹਿ ਨ ਜਨ ਕਉ,
ਧਨ ਬਿਹੂਨ ਜਨ ਜਗਿ ਨ ਸੁਹਾਇ ॥
ਜਉ ਧਨੁ ਦੇਹਿ, ਨਾਮੁ ਨਹੀਂ ਦੇਵਹਿ,
ਨਾਮ ਬਿਨਾ ਜਨੁ ਜਮਪੁਰਿ ਜਾਇ ॥
ਤੁਝ ਸਿਉ ਕਹੀ ਨਹੀਂ ਬਣਿ ਆਵੈ
ਜਿਉ ਭਾਵੈ ਤਿਉ ਬਣਤ ਬਣਾਇ ॥
ਗੁਰੂ ਅਮਰਦਾਸ! ਤੇਜੋ ਕੇ ਨੰਦਨ!
ਦੋਨਹੁ ਨਿਰਮਲ ਪੰਥ ਚਲਾਇ ॥
(ਸੂਰਜ ਪ੍ਰਕਾਸ਼)

ISBN 81-7205-077-1
9 788172 050771